
# ਸਮਰਥ ਗੁਰੂ



ਗਿ. ਹਰਿਬੰਸ ਸਿੰਘ

ੴ ਸਤਿਗੁਰ ਪ੍ਰਸਾਦਿ॥

**ਸਭ ਤੇ ਵਡ ਸਮਰਥ ਗੁਰਦੇਵ ॥**
**ਸਭਿ ਸੁਖ ਪਾਈ ਤਿਸ ਕੀ ਸੇਵ ॥**
**[ਭੈਰਉ ਮਹਲਾ ੫, ਪੰਨਾ ੧੧੫੨**

# ਸਮਰਥ ਗੁਰੂ


-ਲੇਖਕ-

**ਗਿਆਨੀ ਹਰਿਬੰਸ ਸਿੰਘ**
(ਭਾਈ ਸਾਹਿਬ)



**ਗੁਰਬਾਣੀ ਸੇਵਾ ਪ੍ਰਕਾਸ਼ਨ,**

17-ਏ, ਡੋਗਰਾਂ ਸਟਰੀਟ, ਪਟਿਆਲਾ।

# Samrath Guru

by

*Giani Harbans Singh*

ਹੱਕ ਕਰਤਾ ਦੇ ਰਾਖਵੇਂ ਹਨ।

ਪਹਿਲੀ ਵਾਰ : 1998

ਭੇਂਟਾ : 60-00

**ਮਿਲਣ ਦਾ ਪਤਾ:**

ਗੁਰਮਤਿ ਨਿਰਣੈ ਭਵਨ,
17-ਏ, ਡੋਗਰਾਂ ਸਟਰੀਟ,
ਪਟਿਆਲਾ।

ਸੁਏਰ ਬੁਕ ਡਿਪੋ
ਮਾਈ ਹੀਰਾਂ ਗੇਟ, ਜਲੰਧਰ-8

**ਪ੍ਰਕਾਸ਼ਕ:**

ਗੁਰਬਾਣੀ ਸੇਵਾ ਪ੍ਰਕਾਸ਼ਨ,
ਪਟਿਆਲਾ।

**ਕੰਪਿਊਟਰ ਕੰਪੋਜ਼ਿੰਗ:**

ਸ. ਸ਼ਰਨਾਗਤ ਸਿੰਘ, ਪਟਿਆਲਾ।

ਛਾਪਕ : ਹਮਦਰਦ ਪ੍ਰਿੰਟਿੰਗ ਪ੍ਰੈਸ ਜਲੰਧਰ-8

# ਸਮਰਪਣ

ਤੂ ਸਮਰਥੁ ਵਡਾ,
ਮੇਰੀ ਮਤਿ ਥੋਰੀ ਰਾਮ ॥
ਪਾਲਹਿ ਅਕਿਰਤਘਨਾ,
ਪੂਰਨ ਦ੍ਰਿਸਟਿ ਤੇਰੀ ਰਾਮ ॥
ਅਗਾਧਿ ਬੋਧਿ ਅਪਾਰ ਕਰਤੇ,
ਮੋਹਿ ਨੀਚੁ ਕਛੂ ਨ ਜਾਨਾ ॥
ਰਤਨੁ ਤਿਆਗਿ ਸੰਗ੍ਰਹਨ ਕਉਡੀ,
ਪਸੂ ਨੀਚੁ ਇਆਨਾ ॥
ਤਿਆਗਿ ਚਲਤੀ ਮਹਾ ਚੰਚਲਿ,
ਦੋਖ ਕਰਿ ਕਰਿ ਜੋਰੀ ॥
ਨਾਨਕ ਸਰਨਿ ਸਾਮਰਥੁ ਸੁਆਮੀ,
ਪੈਜ ਰਾਖਹੁ ਮੋਰੀ ॥ ੩ ॥

[ਪੰਨਾ ੫੪੭

# ਸਮਰਥ ਗੁਰੂ

ਸਮਰਥ ਗੁਰੂ ਸਿਰਿ ਹਥੁ ਧਰੵਉ ॥
ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ
ਜਿਸੁ ਦੇਖਿ ਚਰੰਨ ਅਘੰਨ ਹਰੵਉ ॥
ਨਿਸਿ ਬਾਸੁਰ ਏਕ ਸਮਾਨ ਧਿਆਨ
ਸੁ ਨਾਮ ਸੁਨੇ ਸੁਤੁ ਭਾਨ ਡਰੵਉ ॥
ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ
ਪਾਰਸੁ ਭੇਟਿ ਪਰਸੁ ਕਰੵਉ ॥
ਰਾਮਦਾਸ ਗੁਰੂ ਹਰਿ ਸਤਿ ਕੀਯਉ
ਸਮਰਥ ਗੁਰੂ ਸਿਰਿ ਹਥੁ ਧਰੵਉ ॥

{ਪੰਨਾ ੧੪੦੦

# ਮੰਗਲਾ ਚਰਣ

## ਸਲੋਕੁ

ਗੁਰਦੇਵ ਮਾਤਾ, ਗੁਰਦੇਵ ਪਿਤਾ
ਗੁਰਦੇਵ ਸੁਆਮੀ ਪਰਮੇਸੁਰਾ ॥
ਗੁਰਦੇਵ ਸਖਾ ਅਗਿਆਨ ਭੰਜਨੁ
ਗੁਰਦੇਵ ਬੰਧਿਪ ਸਹੋਦਰਾ ॥
ਗੁਰਦੇਵ ਦਾਤਾ ਹਰਿਨਾਮੁ ਉਪਦੇਸੈ
ਗੁਰਦੇਵ ਮੰਤੁ ਨਿਰੋਧਰਾ ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ
ਗੁਰਦੇਵ ਪਾਰਸ ਪਰਸ ਪਰਾ ॥
ਗੁਰਦੇਵ ਤੀਰਥੁ ਅੰਮ੍ਰਿਤੁ ਸਰੋਵਰੁ
ਗੁਰ ਗਿਆਨ ਮਜਨੁ ਅਪਰੰਪਰਾ ॥
ਗੁਰਦੇਵ ਕਰਤਾ ਸਭ ਪਾਪ ਹਰਤਾ
ਗੁਰਦੇਵ ਪਤਿਤ ਪਵਿਤ ਕਰਾ ॥
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ
ਗੁਰਦੇਵ ਮੰਤੁ ਹਰਿ ਜਪਿ ਉਧਰਾ
ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ,
ਹਮ ਮੂੜ ਪਾਪੀ ਜਿਤੁ ਲਗਿ ਤਰਾ ॥
ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ
ਗੁਰਦੇਵ ਨਾਨਕ ਹਰਿ ਨਮਸਕਰਾ॥੧॥

[ਪੰਨਾ ੨੫੦

# ਗੁਰੁ ਪਰਮੇਸੁਰੁ ਪੂਜੀਐ

ਗੁਰੁ ਪਰਮੇਸੁਰੁ ਪੂਜੀਐ, ਮਨਿ ਤਨਿ ਲਾਇ ਪਿਆਰੁ ॥
ਸਤਿਗੁਰੁ ਦਾਤਾ ਜੀਅ ਕਾ, ਸਭਸੈ ਦੇਇ ਅਧਾਰੁ ॥
ਸਤਿਗੁਰ ਬਚਨ ਕਮਾਵਣੇ, ਸਚਾ ਏਹੁ ਵੀਚਾਰੁ ॥
ਬਿਨੁ ਸਾਧੂ ਸੰਗਤਿ ਰਤਿਆ, ਮਾਇਆ ਮੋਹੁ ਸਭੁ ਛਾਰੁ ॥੧॥
ਮੇਰੇ ਸਾਜਨ ! ਹਰਿ ਹਰਿ ਨਾਮੁ ਸਮਾਲਿ ॥
ਸਾਧੂ ਸੰਗਤਿ ਮਨਿ ਵਸੈ, ਪੂਰਨ ਹੋਵੈ ਘਾਲ॥੧॥ਰਹਾਉ॥
ਗੁਰੁ ਸਮਰਥੁ ਅਪਾਰੁ ਗੁਰੁ, ਵਡਭਾਗੀ ਦਰਸਨੁ ਹੋਇ ॥
ਗੁਰੁ ਅਗੋਚਰੁ ਨਿਰਮਲਾ, ਗੁਰ ਜੇਵਡੁ ਅਵਰੁ ਨ ਕੋਇ ॥
ਗੁਰੁ ਕਰਤਾ ਗੁਰੁ ਕਰਣਹਾਰੁ, ਗੁਰਮੁਖਿ ਸਚੀ ਸੋਇ ॥
ਗੁਰ ਤੇ ਬਾਹਰਿ ਕਿਛੁ ਨਹੀ, ਗੁਰ ਕੀਤਾ ਲੋੜੇ ਸੁ ਹੋਇ॥੨॥
ਗੁਰੁ ਤੀਰਥੁ ਗੁਰੁ ਪਾਰਜਾਤੁ, ਗੁਰੁ ਮਨਸਾ ਪੂਰਣਹਾਰੁ ॥
ਗੁਰੁ ਦਾਤਾ ਹਰਿਨਾਮੁ ਦੇਇ, ਉਧਰੈ ਸਭੁ ਸੰਸਾਰੁ ॥
ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ॥
ਗੁਰ ਕੀ ਮਹਿਮਾ ਅਗਮ ਹੈ, ਕਿਆ ਕਥੇ ਕਥਨਹਾਰੁ॥੩॥
ਜਿਤੜੇ ਫਲ ਮਨਿ ਬਾਛੀਅਹਿ, ਤਿਤੜੇ ਸਤਿਗੁਰ ਪਾਸਿ॥
ਪੂਰਬਿ ਲਿਖੇ ਪਾਵਣੇ, ਸਾਚੁ ਨਾਮੁ ਦੇ ਰਾਸਿ ॥
ਸਤਿਗੁਰ ਸਰਣੀ ਆਇਆਂ, ਬਾਹੁੜਿ ਨਹੀ ਬਿਨਾਸੁ ॥
ਹਰਿ ਨਾਨਕ ਕਦੇ ਨ ਵਿਸਰਉ,
ਏਹੁ ਜੀਉ ਪਿੰਡੁ ਤੇਰਾ ਸਾਸੁ॥੪॥੨੯॥੯੯॥ [ਪੰਨਾ ੫੨

# ਮੇਰਾ ਗੁਰੁ ਸਮਰਾਥਾ

ਗਉੜੀ ਮਹਲਾ ੫ ॥ [ਪੰਨਾ ੨੩੯-੪੦

ਤਿਸੁ ਗੁਰ ਕਉ ਸਿਮਰਉ ਸਾਸਿ ਸਾਸਿ ॥
ਗੁਰੁ ਮੇਰੇ ਪ੍ਰਾਣ ਸਤਿਗੁਰੁ ਮੇਰੀ ਰਾਸਿ॥੧॥ਰਹਾਉ॥
ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥
ਗੁਰ ਕੇ ਚਰਣ ਧੋਇ ਧੋਇ ਪੀਵਾ ॥ ੧ ॥
ਗੁਰ ਕੀ ਰੇਣੁ ਨਿਤ ਮਜਨੁ ਕਰਉ ॥
ਜਨਮ ਜਨਮ ਕੀ ਹਉਮੈ ਮਲੁ ਹਰਉ॥੨॥
ਤਿਸੁ ਗੁਰ ਕਉ ਝੂਲਾਵਉ ਪਾਖਾ ॥
ਮਹਾ ਅਗਨਿ ਤੇ ਹਾਥੁ ਦੇ ਰਾਖਾ ॥੩॥
ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥
ਜਿਸੁ ਗੁਰ ਤੇ ਅਕਲ ਗਤਿ ਜਾਣੀ ॥੪॥
ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥
ਜਿਸੁ ਪਰਸਾਦਿ ਵੈਰੀ ਸਭਿ ਮੀਤ ॥੫॥
ਜਿਨਿ ਗੁਰਿ ਮੋਕਉ ਦੀਨਾ ਜੀਉ ॥
ਆਪੁਨਾ ਦਾਸਰਾ ਆਪੇ ਮੁਲਿ ਲੀਉ ॥੬॥
ਆਪੇ ਲਾਇਓ ਅਪਨਾ ਪਿਆਰੁ ॥
ਸਦਾ ਸਦਾ ਤਿਸੁ ਗੁਰ ਕਉ ਕਰੀ ਨਮਸਕਾਰੁ ॥
ਕਲਿ ਕਲੇਸ ਭੈ ਭ੍ਰਮ ਦੁਖ ਲਾਥਾ ॥
ਕਹੁ ਨਾਨਕ ਮੇਰਾ ਗੁਰੁ ਸਮਰਾਥਾ॥੭॥੯॥

# ਤਤਕਰਾ


| *ਕੀ?* | *ਕਿਥੇ?* |
|---|---|
| ਸਮਰਪਣ | 3 |
| ਸਮਰਥ ਗੁਰੂ | 5 |
| ਮੰਗਲਾ ਚਰਣ | 6 |
| ਗੁਰੁ ਪਰਮੇਸੁਰੁ ਪੂਜੀਐ | 7 |
| ...ਮੇਰਾ ਗੁਰੁ ਸਮਰਾਥਾ | 9 |
| ਪ੍ਰਾਰੰਭਕ ਸ਼ਬਦ | 13 |
| ਸਿਰਜਨਹਾਰ ਕਰਤਾਰ | 17 |
| ਸ੍ਰਿਸਟੀ ਸਿਰਜਨਾ ਦਾ ਸੰਕਲਪ | 22 |
| ਕੁਦਰਤਿ ਦਾ ਵਿਕਾਸ | 33 |
| ਧਰਮ | 36 |
| ਸਤਿਗੁਰੂ ਦੀ ਲੋੜ | 46 |
| ਸੱਚੇ ਗੁਰੂ ਦੀ ਪਛਾਣ | 55 |
| ਸਬਦ ਗੁਰੂ ਦਰਸ਼ਨ | 73 |
| ਵਿਚੋਲਾ ਗੁਰੂ | 78 |
| ਗੁਰੂਆਨ ਗੁਰੂ | 85 |
| ਗੁਰਮਤਿ ਚੇਤਨਾ | 90 |
| ਸਮਰਥ ਗੁਰੂ | 91 |
| ਸਮਰਥ ਗੁਰੂ (ਕੁਝ ਇਤਿਹਾਸਕ ਝਲਕਾਂ) | 98 |

| ਕੀ? | ਕਿਥੇ? |
| --- | --- |
| ਗੁਰਮਤਿ ਪੂਜਾ | 120 |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਵੇਂ ਬੋਲਦੇ ਹਨ? | 126 |
| ਇਕ ਹਡ ਬੀਤੀ | 138 |
| ਮੂਲ ਮੰਤ੍ਰ | 145 |
| ਮੂਲ ਮੰਤ੍ਰ ਨਿਰਣੈ | 156 |
| ਗੁਰਮੰਤ੍ਰ ਨਿਰਣੈ | 161 |
| ਗੁਰਬਾਣੀ ਦੇ ਚਾਨਣ ਵਿੱਚ 'ਵਾਹਿਗੁਰੂ' | 172 |
| ਸੇਵਾ ਤੇ ਸਿਮਰਨ | 177 |
| ਗੁਰੂ ਮੂਰਤਿ | 189 |
| ਮੂਰਤੀ ਪੂਜਾ | 197 |
| ਤਸਵੀਰਾਂ ਦਾ ਧਿਆਨ | 205 |
| ਨਾਮ ਪ੍ਰਾਪਤੀ ਦੇ ਸਾਧਨ | 216 |
| ਨਾਮ ਸਿਮਰਨ ਜੁਗਤੀ | 220 |
| ਗੁਰੂ ਸਿਮਰਨ | 240 |
| ਪਰਮੇਸਰ ਤੇ ਗੁਰੂ ਦੀ ਅਭੇਦਤਾ | 244 |
| ਗੁਰੁ ਪੂਰਾ ਮੇਰਾ ਗੁਰੁ ਪੂਰਾ | 246 |
| ਗੁਰ ਬੋਹਿਥੁ | 247 |

# ਪ੍ਰਾਰੰਭਕ ਸ਼ਬਦ

ਸਤਿਗੁਰੁ ਮੇਰਾ ਵਡ ਸਮਰਥਾ ॥
ਜੀਇ ਸਮਾਲੀ ਤਾ ਸਭੁ ਦੁਖੁ ਲਥਾ॥
ਚਿੰਤਾ ਰੋਗੁ ਗਈ ਹਉ ਪੀੜਾ,
ਆਪਿ ਕਰੇ ਪ੍ਰਤਿਪਾਲਾ ਜੀਉ ॥੨॥ [ਪੰਨਾ ੯੮

ਇਹ ਪਾਵਨ ਪੰਕਤੀਆਂ ਕਿਸੇ ਸਾਧਾਰਨ ਕਵੀ ਜਾਂ ਅਧਿਆਤਮਿਕ ਜਗਿਆਸੂ ਦੀਆਂ ਰਚਿਤ ਨਹੀਂ। ਇਨ੍ਹਾਂ ਦਾ ਕਰਤਾ ਉਹ ਅਜ਼ੀਮ ਹਸਤੀ (ਗੁਰੂ ਜੋਤਿ) ਹੈ ਜਿਸ ਬਾਰੇ ਮਥੁਰਾ ਭੱਟ ਜੀ ਨੇ ਵਰਨਣ ਕੀਤਾ ਹੈ:-

ਧਰਨਿ ਗਗਨ ਨਵ ਖੰਡ ਮਹਿ,
ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦੁ ਨਹੀ,
ਗੁਰੁ ਅਰਜੁਨੁ ਪਰਤਖ੍ਯ ਹਰਿ ॥੭॥ [ਪੰਨਾ ੧੪੦੯

ਪੰਚਮ ਗੁਰਦੇਵ ਜੀ ਨੇ *ਸਮਰਥ-ਗੁਰੂ* ਦਾ ਪ੍ਰਯੋਗ ਜਿਸ ਭਾਵਨਾ ਨਾਲ ਕੀਤਾ ਹੈ ਉਸ ਦਾ ਦਰਸ਼ਨ ਨਿਰਾ ਸਥੂਲ ਨੇਤਰਾਂ ਦਾ ਵਿਸ਼ਾ ਨਹੀਂ। ਅੰਮ੍ਰਿਤ ਸਰੋਵਰ ਦੇ ਮਧ ਵਿਚ ਸ਼ਸ਼ੋਭਿਤ ਸਚ ਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਆਤਮ ਨੈਣਾਂ ਨਾਲ ਦੀਦਾਰ ਕੀਤਿਆਂ ਜੋ ਅਨੁਭਵ ਹੁੰਦਾ ਹੈ, ਉਸ ਦਾ ਵਿਲੱਖਣ ਅਸਥਾਨ ਹੈ। *"ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ, ਪ੍ਰਭ ਪਰਸੇ ਹਰਿ*

*ਗਾਇਆ ਰਾਮ॥" (ਪੰਨਾ ੭੮੨)* ਦਾ ਰਹੱਸ ਸਮਰਥ ਗੁਰੂ ਨੂੰ ਪਛਾਨਣ ਵਾਲੀ ਜਿੰਦ ਹੀ ਜਾਣ ਸਕਦੀ ਹੈ। *"ਮੀਤੁ ਕਰੈ ਸੋਈ ਹਮ ਮਾਨਾ॥ ਮੀਤ ਕੇ ਕਰਤਬ ਕੁਸਲ ਸਮਾਨਾ॥" (ਪੰਨਾ ੧੮੭)* ਅਤੇ *"ਤੇਰਾ ਕੀਆ ਮੀਠਾ ਲਾਗੈ" (ਪੰਨਾ ੩੯੪)* ਆਦਿ ਅਜਿਹੇ ਵਾਕਾਂ ਦਾ ਕਲਾਤਮਿਕ ਘੇਰਾ ਇਤਨਾ ਵਿਸ਼ਾਲ ਹੈ ਕਿ ਤ੍ਰੈ-ਗੁਣੀਏ ਬੁਧੀ ਜੀਵਾਂ ਪਾਸੋਂ ਇਸ ਦਾ ਵਿਸ਼ਲੇਸ਼ਣ ਨਹੀਂ ਹੋ ਸਕਦਾ। ਸਮਰਥ ਗੁਰੂ ਦੀਆਂ ਬਰਕਤਾਂ ਦਾ ਸਹੀ ਅਰਥਾਂ ਵਿੱਚ ਰੰਗ-ਰਹੱਸ ਓਦੋਂ ਅਨੁਭਵ ਹੁੰਦਾ ਹੈ ਜਦੋਂ ਜਗਿਆਸੂ ਸਮਰਥ ਗੁਰੂ ਦੀਆਂ ਬਖਸ਼ਿਸ਼ਾਂ ਦਾ ਪਾਤਰ ਬਣਦਾ ਹੈ। ਜਦੋਂ *'ਪਾਰਸੁ ਭੇਟਿ ਪਰਸ ਕਰਿਓ'* ਦੀ ਕਲਾ ਵਰਤਦੀ ਹੈ, ਓਦੋਂ ਸੁਰਤਿ ਵਿੱਚ ਕੇਵਲ ਇਕ ਪਰਮੇਸ਼ਰ ਦੇ ਅੰਮ੍ਰਿਤ ਨਾਮ ਦੀ ਧੁਨੀ ਸੁਣਾਈ ਦਿੰਦੀ ਹੈ ਅਤੇ ਹੋਰ ਮਾਇਆ ਦਾ ਰੌਲਾ-ਗੌਲਾ ਮੁੱਕ ਜਾਂਦਾ ਹੈ।

ਜਨਵਰੀ 1963 ਵਿੱਚ *"ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ॥" (ਪੰਨਾ ੯੮੨)* ਅਤੇ *'ਗੁਰ ਮੂਰਤਿ ਗੁਰ ਸਬਦੁ ਹੈ, ਸਾਧ ਸੰਗਤ ਵਿਚਿ ਪ੍ਰਗਟੀ ਆਇਆ॥' (ਭਾ. ਗੁ ਵਾ.)* ਦੇ ਸਿਧਾਂਤਾਂ ਨੂੰ ਪ੍ਰਚਾਰਨ ਹਿੱਤ ਗੁਰੂ ਕਿਰਪਾ ਸਦਕਾ 'ਸਾਡਾ ਗੁਰੂ' ਟ੍ਰੈਕਟ ਗੁਰਮਤਿ ਪ੍ਰਚਾਰਕ ਜੱਥਾ, ਚੰਡੀਗੜ੍ਹ ਵਲੋਂ ਪ੍ਰਕਾਸ਼ਤ ਕਰਵਾਇਆ ਗਿਆ ਸੀ। ਇਸ ਦੀ ਮੰਗ ਕਈ ਪ੍ਰੇਮੀਆਂ ਵਲੋਂ ਆਉਂਦੀ ਰਹੀ ਪਰ ਇਹੋ ਜਿਹੇ ਟ੍ਰੈਕਟ ਕਿਤਨਾ ਚਿਰ ਸਟਾਕ 'ਚ ਰਹਿ ਸਕਦੇ ਸਨ? ਇਸ ਟ੍ਰੈਕਟ ਨੂੰ ਪੁਸਤਕ ਦਾ ਰੂਪ ਦੇਣ ਲਈ

ਕਾਫ਼ੀ ਮਿਹਨਤ ਦਰਕਾਰ ਸੀ। 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ' ਦੇ ਰੁਝੇਵੇਂ ਕਾਰਨ ਇਹ ਟ੍ਰੈਕਟ ਜਿਉਂ ਦਾ ਤਿਉਂ ਪਿਆ ਰਿਹਾ। ਹੁਣ 'ਸਮਰਥ ਗੁਰੂ' ਜੀ ਦੀ ਅਪਾਰ ਬਖਸ਼ਿਸ਼ ਸਦਕਾ ਸਟੀਕ-ਸੇਵਾ ਵਾਲਾ ਕਾਰਜ ਸਪੰਨ ਹੋਇਆ ਤਾਂ ਇਸ ਵਿੱਚ ਕਈ ਨਵੇਂ ਪ੍ਰਕਰਣ, ਨਵੀਆਂ ਖੋਜਾਂ ਨੂੰ ਪਰਦਰਸ਼ਤ ਕਰਨ ਦਾ ਨਿਮਾਣਾ ਜਿਹਾ ਜਤਨ ਕੀਤਾ ਗਿਆ ਹੈ।

*"ਧੰਨੁ ਧੰਨੁ ਗੁਰਦੇਵ ਜਿਸੁ ਸੰਗਿ ਹਰਿ ਜਪੇ॥ ਗੁਰ ਕ੍ਰਿਪਾਲ ਜਬ ਭਏ ਤ ਅਵਗੁਣ ਸਭਿ ਛਪੇ॥" (ਪੰਨਾ ੯੧੦)* ਵਾਲੇ ਪਾਵਨ ਵਾਕਾਂ ਦੀ ਬਰਕਤ ਨਾਲ ਹੀ ਧਾਰਮਿਕ ਖੇਤਰ ਚੋਂ ਤਿਮਰ-ਅਗਿਆਨ ਦੂਰ ਹੋ ਸਕਦਾ ਹੈ ਅਤੇ ਸ਼ਬਦ-ਜੋਤਿ ਦਾ ਨੂਰ ਗੁਰਬਾਣੀ ਰਾਹੀਂ ਸ਼ਰਧਾਵਾਨ ਸਿਦਕੀ ਸਿਖਾਂ ਦੇ ਹਿਰਦਿਆਂ ਵਿਚ ਭਰਪੂਰ ਹੋ ਸਕਦਾ ਹੈ।

ਸਿੱਖ ਸੰਗਤ ਵਿੱਚ 'ਮੂਲ ਮੰਤ੍ਰ' ਦੇ ਸਰੂਪ ਬਾਰੇ ਸੰਪ੍ਰਦਾਈ ਵੀਰਾਂ ਨੇ ਜੋ ਰਵਈਆ ਅਪਨਾਇਆ ਹੋਇਆ ਹੈ ਬਦਲਣ ਦੀ ਲੋੜ ਹੈ, ਉਸ ਨੂੰ 'ਸਿੱਖ ਰਹਿਤ ਮਰਯਾਦਾ' ਅਨੁਸਾਰ ਪਾਵਨ ਤਖਤਾਂ,ਹੋਰ ਪੰਥਕ ਸਮਾਗਮਾਂ ਉਤੇ ਅੰਮ੍ਰਿਤ ਸਿੰਚਾਰ ਸਮੇਂ ਜੋ ਸਰੂਪ ਜਗਿਆਸੂਆਂ ਨੂੰ ਦ੍ਰਿੜ ਕਰਾਇਆ ਜਾਂਦਾ ਹੈ, ਸਭ ਨੂੰ ਉਸ ਦਾ ਅਨੁਆਈ ਬਣਨਾ ਚਾਹੀਦਾ ਹੈ। 'ਗੁਰ ਮੰਤ੍ਰ' ਵਾਂਗੂੰ 'ਮੂਲ ਮੰਤ੍ਰ' ਵੀ ਪਿਉ ਦਾਦੇ ਦਾ ਬਖਸ਼ਿਆ ਹੋਇਆ ਅਮੋਲਕ ਖਜ਼ਾਨਾ ਸਾਰੇ ਵਿਸ਼ਵ ਲਈ ਸਾਂਝਾ ਹੈ:-

**ਖਤ੍ਰੀ ਬ੍ਰਾਹਮਣ ਸੂਦ ਵੈਸ,**

ਊਪਦੇਸੁ ਚਹੁ ਵਰਨਾ ਕਉ ਸਾਝਾ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲ ਮਹਿ,
ਘਟਿ ਘਟਿ ਨਾਨਕ ਮਾਝਾ ॥ [ਪੰਨਾ ੭੪੭

'ਸਮਰਥ ਗੁਰੂ' ਦੀਆਂ ਇਤਿਹਾਸਕ ਸਾਖੀਆਂ ਦਾ ਬਹੁਤ ਵੱਡਾ ਸੰਗ੍ਰਹਿ ਤਿਆਰ ਹੋ ਸਕਦਾ ਸੀ ਪਰ ਪੁਸਤਕ ਦੇ ਵਿਸਥਾਰ-ਭੈ ਨੂੰ ਮੁਖ ਰਖਦਿਆਂ, ਸਾਰੇ ਗੁਰੂਆਂ ਦੇ ਜੀਵਨ ਚੋਂ ਪ੍ਰਵਾਣਿਤ ਸਾਖੀਆਂ ਦਾ ਜ਼ਿਕਰ ਸੰਕੇਤ ਮਾਤਰ ਕੀਤਾ ਹੈ।

ਰਹੀਆਂ ਭੁਲਾਂ-ਚੁਕਾਂ ਉਕਾਈਆਂ ਲਈ ਦਾਸਰਾ ਖਿਮਾਂ ਦਾ ਜਾਚਕ ਹੈ। ਆਸ ਹੈ ਗੁਰਬਾਣੀ ਅਤੇ ਗੁਰ-ਇਤਿਹਾਸ ਦੇ ਪ੍ਰੇਮੀ ਇਸ ਪੁਸਤਕ ਨੂੰ ਅਤਿ ਸਨੇਹ ਸਹਿਤ ਪੜ੍ਹ ਕੇ *"ਆਪਿ ਜਪਹੁ ਅਵਰਾ ਨਾਮੁ ਜਪਾਵਹੁ॥ ਸੁਨਤ ਕਹਤ ਰਹਤ ਗਤਿ ਪਾਵਹੁ॥" (ਪੰਨਾ ੨੮੯)* ਵਾਲੀ ਧਾਰਨਾ ਨੂੰ ਸਨਮੁਖ ਰਖਦੇ ਹੋਏ ਸਮਰਥ ਗੁਰੂ ਦਾ ਸੁਨੇਹਾ ਘਰ ਘਰ ਪਹੁੰਚਾ ਕੇ ਆਪਣਾ ਲੋਕ ਪਰਲੋਕ ਸੁਹੇਲਾ ਕਰਨਗੇ।

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।

ਗੁਰੂ ਪੰਥ ਦਾ ਦਾਸਰਾ
**ਹਰਿਬੰਸ ਸਿੰਘ**

ਗੁਰਮਤਿ ਨਿਰਣੈ ਭਵਨ, 26-3-1998
17-ਏ, ਸਰਹੰਦੀ ਗੇਟ, ਪਟਿਆਲਾ

# ਸਿਰਜਨਹਾਰ-ਕਰਤਾਰ

**ਬਿਨ ਕਰਤਾਰ ਨ ਕਿਰਤਮ ਮਾਨੋ ॥**
**ਆਦਿ ਅਜੋਨਿ ਅਜੈ ਅਬਿਨਾਸੀ,**
**ਤਿਹ ਪਰਮੇਸਰ ਜਾਨੋ ॥ [ਪਾਤਸ਼ਾਹੀ ੧੦**

ਸਿਰਜਨਹਾਰ-ਕਰਤਾਰ ਅਰਥਾਤ ਅਕਾਲ ਪੁਰਖ ਜਿਸ ਦਾ ਨਾਮ-ਸਿਮਰਨ, ਸਿਫਤਿ ਸਾਲਾਹ ਕਰਨ ਲਈ ਗੁਰਬਾਣੀ ਵਿਚੋਂ ਬਾਰ ਬਾਰ ਉਪਦੇਸ਼ ਤੇ ਅਗਵਾਈ ਮਿਲਦੀ ਹੈ,ਉਸ ਬਾਰੇ ਹਰੇਕ ਜਗਿਆਸੂ ਨੂੰ ਮੁਢਲੀ ਜਾਣਕਾਰੀ ਪ੍ਰਾਪਤ ਹੋਣੀ ਅਤਿ ਜ਼ਰੂਰੀ ਹੈ।

ਸਿਖ ਧਰਮ ਵਿਚ ਜਿਨ੍ਹਾਂ ਸਿਫ਼ਤਾਂ ਵਾਲਾ ਸਿਰਜਨਹਾਰ ਮੰਨਿਆ ਹੈ, ਉਸ ਦੇ ਕੁੰਜੀਵਤ ਗੁਣਾਂ ਦੇ ਦਰਸ਼ਨ ਹੇਠ ਲਿਖੇ ਮੂਲ ਮੰਤ੍ਰ ਅਥਵਾ ਮੂਲ ਮੰਗਲ ਰਾਹੀਂ ਹੋ ਜਾਂਦੇ ਹਨ:-

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ [ਪੰਨਾ ੧**

ਗਉੜੀ ਰਾਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਵਨ ਵਾਕ ਹਨ:-

**ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥**
**ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥**
**[ਪੰਨਾ ੨੯੬**

'ਓਅੰਕਾਰ' ਸਭ ਦਾ ਆਦਿ ਹੈ। 'ੴ' ਦੇ ਮੁੱਢ '੧'

ਅੰਗ ਲਾਉਣ ਦਾ ਮੁਖ ਮੰਤਵ ਇਹ ਹੈ ਕਿ 'ਇਕ' ਅਦੁੱਤੀ ਹੈ। ਉਸ ਨੂੰ ੳ-ਅ-ਮ ਅਥਵਾ ਬ੍ਰਹਮਾ ਵਿਸ਼ਨੂੰ ਸ਼ਿਵ ਆਦਿਕ ਵਾਲਾ ਭੇਦ ਕਲਪ ਕੇ ਉਪਾਸ਼ਨਾ ਕਰਨੀ ਭੁੱਲ ਹੈ।

'ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ, ਸਰਬ ਜੀਆ ਕਾ ਦਾਤਾ ਰੇ' ਦੇ ਨਿਰਗੁਣੀ ਤੇ ਸਰਗੁਣੀ ਸਰੂਪ ਵਾਲੇ ਦਰਸ਼ਨ ਉਸ ਨਦਰੀ ਦੀ ਨਦਰਿ ਨਾਲ ਹੋਣੇ ਹੀ ਸੰਭਵ ਹਨ। ਉਸ ਪਰਮੇਸ਼ਰ ਦੇ ਅਨੇਕਾਂ ਨਾਮ ਹਨ। ਜਿਨ੍ਹਾਂ ਦਾ ਜੇ ਜੁੱਗਾਂ ਬੱਧੀ ਨਿਰੰਤਰ ਵਰਨਣ ਕੀਤਾ ਜਾਏ ਤਾਂ ਵੀ ਹਾਰ ਕੇ ਇਹੋ ਆਖਣਾ ਪਏਗਾ:-

੧-ਚੱਕ੍ਰ ਚਿਹਨ ਅਰੁ ਬਰਨ
ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ, ਕੋਊ ਕਹਿ ਨ ਸਕਤ ਕਿਹ॥
ਅਚਲ ਮੂਰਤਿ ਅਨਭਉ ਪ੍ਰਕਾਸ,ਅਮਿਤੋਜਿ ਕਹਿੱਜੈ॥
ਕੋਟਿ ਇੰਦ੍ਰ ਇੰਦ੍ਰਾਣ, ਸ਼ਾਹ ਸ਼ਾਹਾਣ ਗਣਿੱਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ,
ਨੇਤਿ ਨੇਤਿ ਬਨ ਤ੍ਰਿਣ ਕਹਤ ॥
ਤ੍ਵ ਸਰਬ ਨਾਮ ਕਥੈ ਕਵਨ,
ਕਰਮ ਨਾਮ ਬਰਨਤ ਸੁਮਤਿ ॥ [ਜਾਪੁ ਸਾਹਿਬ

੨-ਆਦਿ ਰੂਪ ਅਨਾਦਿ ਮੂਰਤਿ,
ਅਜੋਨਿ ਪੁਰਖ ਅਪਾਰ ॥... [ਜਾਪ ਸਾਹਿਬ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਵਿੱਚ ਅੰਕਿਤ ਨਿਰਮਲ ਵੀਚਾਰ ਇਸ ਸਿਧਾਂਤ ਦੇ ਲਖਾਇਕ ਹਨ ਕਿ

ਕੇਵਲ ਇਕ ਅਕਾਲ ਪੁਰਖ ਹੀ ਸਾਰੀ ਥਾਈਂ ਪਸਰਿਆ ਹੋਇਆ ਹੈ ਜੋ ਖੰਡਾਂ ਬ੍ਰਹਮੰਡਾਂ, ਪਾਤਾਲਾਂ, ਲੋਆਂ, ਆਕਾਰਾਂ, ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟਮਾਨ ਵਸਤੂਆਂ ਦਾ ਕਰਤਾ, ਧਰਤਾ ਤੇ ਹਰਤਾ ਹੈ। ਗੁਰਬਾਣੀ ਇਸ ਸਿਧਾਂਤ ਤੇ ਮੋਹਰ ਲਾਉਂਦੀ ਹੈ:-

੧- ਤਿਸੁ ਬਿਨੁ ਦੂਜਾ ਅਵਰੁ ਨ ਕੋਊ ॥
ਆਦਿ ਮਧਿ ਅੰਤਿ ਹੈ ਸੋਊ ॥ [ਪੰਨਾ ੧੦੦੧

੨- ਆਪਹਿ ਕੀਆ ਕਰਾਇਆ, ਆਪਹਿ ਕਰਨੈ ਜੋਗੁ॥
ਨਾਨਕ, ਏਕੋ ਰਵਿ ਰਹਿਆ,
ਦੂਸਰ ਹੋਆ ਨ ਹੋਗੁ ॥ [ਪੰਨਾ ੨੫੦

੩- ਨਾਨਕ, ਜਹ ਜਹ ਮੈ ਫਿਰਉ,
ਤਹ ਤਹ ਸਾਚਾ ਸੋਇ ॥
ਜਹ ਦੇਖਾ ਤਹ ਏਕੁ ਹੈ,
ਗੁਰਮੁਖਿ ਪਰਗਟੁ ਹੋਇ ॥੮॥ [ਪੰਨਾ ੧੪੧੩

ਸੰਸਾਰ ਵਿਚ ਅਨੇਕ ਪ੍ਰਕਾਰ ਦੇ ਜੀਵ ਹਨ ਜਿਨ੍ਹਾਂ ਦੀ ਸ਼ਕਲ ਤੇ ਅਕਲ ਇਕ ਦੂਜੇ ਨਾਲ ਨਹੀਂ ਮਿਲਦੀ। ਆਪੋ ਆਪਣੀ ਬੁਧੀ ਅਨੁਸਾਰ ਕੋਈ ਕਹਿੰਦਾ ਹੈ ਕਿ ਪਰਮਾਤਮਾ ਹੈ, ਕੋਈ ਕਹਿੰਦਾ ਹੈ ਕਿ ਰੱਬ ਕੋਈ ਨਹੀਂ, ਇਹ ਤਾਂ ਐਵੇਂ ਭੁਲੇਖਾ ਹੀ ਹੈ। ਦੁਨੀਆਂ ਵਿਚ ਆਸਤਕ ਤੇ ਨਾਸਤਕ ਦੋਵੇਂ ਬ੍ਰਿਤੀਆਂ ਮੌਜੂਦ ਹਨ। ਬੇਅੰਤ ਪ੍ਰਭੂ ਨੂੰ ਆਪਣੀ ਬੁਧੀ ਅਥਵਾ ਕਿਸੇ ਦਿਮਾਗੀ ਸ਼ਕਤੀ ਨਾਲ ਪ੍ਰਾਪਤ ਕਰਨਾ ਅਸੰਭਵ ਹੈ। ਜੋ ਆਖਦਾ ਹੈ ਕਿ ਵਾਹਿਗੁਰੂ ਹੈ, ਉਹ ਨਿਸ਼ਚੇ ਨਾਲ ਵਾਹਿਗੁਰੂ ਜੀ ਦੀ ਹੋਂਦ ਅਗੇ ਬਾਰ ਬਾਰ

ਨਮਸਕਾਰ ਕਰਦਾ ਹੈ, ਜੋ ਕਹਿੰਦਾ ਹੈ ਕਿ 'ਵਾਹਿਗੁਰੂ ਨਹੀਂ ਹੈ' ਉਸ ਦਾ ਰੁਝਾਨ ਦੁਨਿਆਵੀ ਮੌਜਾਂ ਵਲ ਹੈ।

ਨਿਰਾ ਵਾਹਿਗੁਰੂ ਜੀ ਦੀ ਹੋਂਦ ਨੂੰ ਮੰਨ ਲੈਣਾ ਹੀ ਕਾਫ਼ੀ ਨਹੀਂ ਜਦ ਤਕ ਜੀਵ ਵਾਹਿਗੁਰੂ ਜੀ ਨੂੰ ਲਭਣ ਅਥਵਾ ਸਾਂਝ ਪਾਣ ਦਾ ਉਪਰਾਲਾ ਨਹੀਂ ਕਰਦਾ, ਠੋਕਰਾਂ ਹੀ ਖਾਂਦਾ ਰਹਿੰਦਾ ਹੈ। ਭਗਤ ਕਬੀਰ ਜੀ ਨੇ ਰਬੀ-ਹੋਂਦ ਤੋਂ ਸਿਰ ਫੇਰਨ ਵਾਲੇ ਬੁਧੀ ਜੀਵੀ ਨੂੰ ਬਹੁਤ ਸੁੰਦਰ ਪ੍ਰਮਾਣ ਰਾਹੀਂ ਸਮਝਾ ਕੇ ਨਿਰੁਤਰ ਕੀਤਾ ਹੈ:-

**ਓਇ ਜੁ ਦੀਸਹਿ ਅੰਬਰਿ ਤਾਰੇ ॥**
**ਕਿਨਿ ਓਇ ਚੀਤੇ ਚੀਤਨਹਾਰੇ ॥੧॥**
**ਕਹੁ ਰੇ ਪੰਡਿਤ, ਅੰਬਰੁ ਕਾ ਸਿਉ ਲਾਗਾ ॥**
**ਬੂਝੈ ਬੂਝਨਹਾਰੁ ਸਭਾਗਾ ॥** [ਪੰਨਾ ੩੨੯

ਪਰਤਖ ਨੂੰ ਪ੍ਰਮਾਣ ਦੀ ਕੋਈ ਲੋੜ ਨਹੀਂ ਪਰ ਵੇਖਣ ਵਾਲੀ ਅੱਖ ਤਾਂ ਚਾਹੀਦੀ ਹੈ? ਪਰਮਾਤਮਾ ਪਰਤੱਖ ਜ਼ਾਹਰ ਜ਼ਹੂਰ, ਹਾਜ਼ਰ ਹਜ਼ੂਰ ਹੈ:-

**ਬੇਦ ਕਤੇਬ ਸੰਸਾਰ, ਹਭਾਹੂੰ ਬਾਹਰਾ ॥**
**ਨਾਨਕ ਕਾ ਪਾਤਿਸਾਹੁ, ਦਿਸੈ ਜਾਹਰਾ॥**[ਪੰਨਾ ੩੯੭

ਸਿਧਾਂਤ ਇਹ ਹੈ ਕਿ ਖਿਆਲਾਂ ਦਾ ਮਤ-ਭੇਦ ਹੀ ਦਿਲੀ ਵਲਵਲਿਆਂ ਤੇ ਗੁਣਾਂ ਦੀਆਂ ਸਾਂਝਾਂ ਵਿਚ ਵਿਗਾੜ ਪੈਦਾ ਕਰਦਾ ਹੈ। ਜਦੋਂ ਬਿਗਾਨਾ-ਪਨ ਅਲੋਪ ਹੋ ਜਾਂਦਾ ਹੈ, ਫਿਰ ਸਭ ਪਾਸੇ ਇਕ ਜਾਗਤਿ ਜੋਤਿ ਦੇ ਦਰਸ਼ਨ ਹੁੰਦੇ ਹਨ। ਲੋੜ ਹੈ ਮਨ ਦੀ ਆਪ-ਹੁਦਰੀ ਮਤਿ ਤੇ ਦੂਜਾ ਭਾਉ ਤਿਆਗਣ ਦੀ ਫਿਰ ਅਜਿਹੇ

ਕਰਤਾਰ ਦਾ ਦਰਸ਼ਨ ਪਰਸਨ ਨੂੰ ਢਿਲ ਨਹੀਂ ਲਗਦੀ:-

**ਤਿਆਗੈ ਮਨ ਕੀ ਮਤੜੀ ਵਿਸਾਰੈਂ ਦੂਜਾ ਭਾਉ ਜੀਉ॥**
**ਇਉ ਪਾਵਹਿ ਹਰਿ ਦਰਸਾਵੜਾ,**
**ਨਹ ਲਗੈ ਤਤੀ ਵਾਉ ਜੀਉ ॥** [ਪੰਨਾ ੭੬੩

ਕਾਨੜਾ ਰਾਗ ਵਿੱਚ ਜਗਿਆਸੂ ਦੀ ਅਜਿਹੀ ਪੁੱਛ "ਐਸੀ ਕਉਨ ਬਿਧੇ ਦਰਸਨ ਪਰਸਨਾ" ਦੇ ਉਤਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਾਰਗ ਦਰਸ਼ਨ ਦੀ ਇਉਂ ਅਗਵਾਈ ਕਰਦੇ ਹਨ:-

**ਦੀਨ ਲੀਨ ਪਿਆਸ ਮੀਨ ਸੰਤਨਾ ਹਰਿ ਸੰਤਨਾ॥**
**ਹਰਿ ਸੰਤਨਾ ਕੀ ਰੇਨ॥ ਹੀਉ ਅਰਪਿ ਦੇਨ ॥**
**ਪ੍ਰਭ ਭਏ ਹੈ ਕਿਰਪੇਨ॥ ਮਾਨੁ ਮੋਹੁ ਤਿਆਗਿ ਛੋਡਿਓ,**
**ਤਉ ਨਾਨਕ ਹਰਿ ਜੀਉ ਭੇਟਨਾ ॥** [ਪੰਨਾ ੧੩੦੫

ਭਾਵ ਸੰਤ-ਗੁਰੂ ਜੀ ਦੀ ਰਾਹੀਂ ਮਾਇਆ ਦਾ ਮਾਣ, ਪਰਵਾਰ ਤੇ ਪਦਾਰਥਾਂ ਦਾ ਮੋਹ ਛਡ ਕੇ ਨਿਮਾਣੇ ਬਣ ਜਾਈਏ ਅਤੇ ਮੱਛੀ ਵਾਂਗ ਦਰਸਨ ਰੂਪੀ ਜਲ ਦੀ ਪਿਆਸ ਵਿਚ ਲੀਨ ਹੋ ਜਾਈਏ। ਸਿਧਾਂਤਕ ਨੁਕਤਾ ਇਹ ਹੈ ਕਿ ਸੰਸਾਰੀ ਖਾਹਿਸ਼ਾਂ ਤਿਆਗ ਕੇ ਨਿਰੰਕਾਰੀ ਆਸ ਤੇ ਨਿਰਭਰ ਹੋਈਏ।

# ਸ੍ਰਿਸ਼ਟੀ ਸਿਰਜਨਾ ਦਾ ਸੰਕਲਪ

ਸੰਸਾਰ ਸਿਰਜਨਾ ਦੇ ਸੰਕਲਪ ਬਾਰੇ ਭਿੰਨ ਭਿੰਨ ਮਤ ਮਤਾਂਤਰਾਂ ਵਿਚ ਭਾਂਤ ਭਾਂਤ ਦੇ ਵਿਚਾਰ ਪ੍ਰਚਲਤ ਹਨ। ਭਾਰਤੀ ਦਰਸ਼ਨ 'ਓਅਮ' ਸ਼ਬਦ ਤੋਂ ਸੰਸਾਰ ਦੀ ਉਤਪਤੀ ਮੰਨਦੇ ਹਨ, ਇਸਲਾਮ ਮਤ ਵਾਲੇ 'ਕੁੰਨ' ਅਵਾਜ਼ ਤੋਂ ਦੁਨੀਆ ਦਾ ਆਗਾਜ਼ ਹੋਇਆ ਕਹਿੰਦੇ ਹਨ, ਈਸਾਈ ਮਤ ਵਾਲੇ ਰੱਬੀ-ਕਲਾਮ ਤੋਂ ਜਗਤ-ਰਚਨਾ ਦੀ ਹੋਂਦ ਦੇ ਹਾਮੀ ਹਨ। ਗੱਲ ਕੀ, ਇਹਨਾਂ ਤਿੰਨਾਂ ਮੱਤਾਂ ਨੇ 'ਸ਼ਬਦ' ਤੋਂ ਹੀ ਜਗਤ ਦਾ ਆਰੰਭ ਮੰਨਿਆ ਹੈ ਭਾਵੇਂ 'ਸ਼ਬਦ' ਦੇ ਅਰਥ ਵੱਖੋ ਵੱਖਰੀ ਭਾਸ਼ਾ ਅਨੁਸਾਰ ਅੱਡ ਅੱਡ ਹਨ। ਵੇਦਾਂਤੀ ਵਿਸ਼ਵ ਦੀ ਉਤਪਤੀ ਮਾਇਆ ਤੋਂ ਹੋਈ ਮੰਨਦੇ ਹਨ। ਉਹ ਆਪਣੇ ਵੀਚਾਰਾਂ ਦਾ ਪ੍ਰਗਟਾਵਾ ਇਉਂ ਵੀ ਕਰਦੇ ਹਨ ਕਿ ਪਹਿਲਾਂ ਸੰਯਭੂ ਅਤੇ ਉਸਦੀ ਇਸਤ੍ਰੀ ਸਤਰੂਪਾ ਬਣੀ, ਉਨ੍ਹਾਂ ਦੇ ਰਕਤ-ਬਿੰਦ ਤੋਂ ਜੀਵ ਪੈਦਾ ਹੋਇਆ ਅਤੇ ਇਸੇ ਜੁਗਤੀ ਨਾਲ ਜਗਤ ਦਾ ਪਸਾਰਾ ਫੈਲਦਾ ਗਿਆ। ਨਾਸਤਕਾਂ ਤੇ ਵਿਗਿਆਨੀਆਂ ਦਾ ਸ੍ਰਿਸ਼ਟੀ ਰਚਨਾ ਬਾਰੇ ਮਿਲਦਾ-ਜੁਲਦਾ ਪ੍ਰਤੀਕਰਮ ਹੈ। ਉਹ ਪੁਰਖ ਅਤੇ ਪ੍ਰਕਿਰਤੀ ਨੂੰ ਅਨਾਦੀ ਮੰਨਦੇ ਹਨ। ਹੋਰ ਕਈ ਮਿਸ਼ਰਤ ਵੀਚਾਰ ਵੀ ਹਨ ਜਿਵੇਂ ਕਿ ਜਗਤ ਦੀ ਰਚਨਾ ਪਾਣੀ ਤੋਂ ਹੋਈ, ਅੰਡੇ ਤੋਂ ਹੋਈ ਇਤਿਆਦਿ, ਪਰ ਏਦਾਂ ਦੇ ਸਾਰੇ ਅਨੁਮਾਨ

ਅਟਕਲ-ਪਚੂ ਹੀ ਜਾਪਦੇ ਹਨ।

ਸਿੱਖੀ ਦੇ ਸੰਚਾਲਕ ਸਤਿਗੁਰੂ ਸਾਹਿਬਾਨ ਦੀ ਵਿਚਾਰਧਾਰਾ ਹੋਰਨਾਂ ਮੱਤਾਂ ਨਾਲੋਂ ਨਿਰਾਲੀ ਹੈ। ਸ੍ਰਿਸ਼ਟੀ ਆਪਣੇ ਆਪ ਹੋਂਦ ਵਿਚ ਨਹੀਂ ਆਈ। ਇਹ ਕਾਰਨ ਰੂਪ ਹੈ, ਕਰਤਾ ਰੂਪ ਨਹੀਂ ਹੈ। ਇਹ ਨਾਦੀ ਹੈ ਅਨਾਦੀ ਨਹੀਂ। ਅਨਾਦੀ ਕੇਵਲ ਆਦਿ ਪੁਰਖ ਪਾਰਬ੍ਰਹਮ ਹੀ ਹੈ:-

**ਕੇਵਲ ਕਾਲ ਈ ਕਰਤਾਰ ॥**

**ਆਦਿ ਅੰਤ ਅਨੰਤ ਮੂਰਤਿ ਗੜਨ ਭੰਜਨਹਾਰ ॥**

**[ਸ਼ਬਦ ਹਜ਼ਾਰੇ ਪਾਤਸ਼ਾਹੀ ੧੦**

ਜਗਤ ਗੁਰੂ ਬਾਬਾ ਨਾਨਕ ਜੀ ਦੇ ਪਾਵਨ ਪਵਿਤਰ ਵੀਚਾਰਾਂ ਅਨੁਸਾਰ ਇਹ ਗੱਲ ਮੰਨਣਯੋਗ ਹੈ ਕਿ ਆਦਿ ਪੁਰਖ ਦੀ ਅਫੁਰ ਸਮਾਧੀ ਚੋਂ ਜਗਤ-ਰਚਨਾ ਨੇ ਸਾਕਾਰ ਰੂਪ ਧਾਰਿਆ ਭਾਵ ਨਿਰੰਕਾਰ ਜੀ ਨੇ ਆਪਣੀ ਮੌਜ ਵਿਚ ਆਪਣੇ ਹੁਕਮ ਨਾਲ ਹੀ ਜਗਤ ਦੀ ਰਚਨਾ ਕੀਤੀ ਜਿਸ ਦੀ ਪੁਸ਼ਟੀ ਗੁਰੂ ਬਾਬਾ ਜੀ ਦੇ ਉਚਾਰੇ ਹੋਏ ਪਵਿਤਰ ਤੇ ਅਮੋਲਕ ਬਚਨ ਮਾਰੂ ਰਾਗ ਵਿੱਚ ਇਸ ਪ੍ਰਕਾਰ ਅੰਕਿਤ ਹਨ:-

**ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥**
**ਬਾਝੁ ਕਲਾ ਆਡਾਣੁ ਰਹਾਇਆ ॥**
**ਬ੍ਰਹਮਾ ਬਿਸਨੁ ਮਹੇਸੁ ਉਪਾਏ,**
**ਮਾਇਆ ਮੋਹੁ ਵਧਾਇਦਾ ॥੧੪॥**
**ਵਿਰਲੇ ਕਉ ਗੁਰ ਸਬਦੁ ਸੁਣਾਇਆ,**

**ਕਰਿ ਕਰਿ ਦੇਖੈ ਹੁਕਮੁ ਸਬਾਇਆ ॥**
**ਖੰਡ ਬ੍ਰਹਮੰਡ ਪਾਤਾਲ ਅਰੰਭੇ,**
**ਗੁਪਤਹੁ ਪਰਗਟੀ ਆਇਦਾ ॥੧੫॥[ਪੰਨਾ ੧੦੩੬**

ਗੁਪਤ ਤੋਂ ਪ੍ਰਗਟ ਹੋਣ ਦਾ ਭਾਵ ਨਿਰਗੁਣ ਤੋਂ ਸਰਗੁਣ ਰੂਪ ਧਾਰਨ ਦਾ ਹੈ ਜਿਹੜਾ ਕਿ ਸਹੀ ਨਿਰਣੈ ਦਾ ਲਖਾਇਕ ਹੈ। ਇਸ ਦਾ ਵਿਸ਼ਲੇਸ਼ਨ ਕਰਨਾ ਅਸੰਭਵ ਹੈ। ਗੁਰੂ ਬਾਬਾ ਜੀ ਉਪਰੋਕਤ ਸ਼ਬਦ ਦੁਆਰਾ ਆਦਿ ਪੁਰਖ ਜੀ ਦੇ ਅਤੇ ਉਸ ਦੀ ਅਨੰਤ-ਕਲਾ ਦਾ ਦਰਸ਼ਨ ਕਰਦੇ ਹੋਏ ਵਿਸਮਾਦ ਵਿੱਚ ਆ ਗਏ:-

**ਤਾ ਕਾ ਅੰਤੁ ਨ ਜਾਣੈ ਕੋਈ॥**
**ਪੂਰੇ ਗੁਰ ਤੇ ਸੋਝੀ ਹੋਈ ॥**
**ਨਾਨਕ ਸਾਚਿ ਰਤੇ ਬਿਸਮਾਦੀ,**
**ਬਿਸਮ ਭਏ ਗੁਣ ਗਾਇਦਾ ॥੧੬॥[ਪੰਨਾ ੧੦੩੬**

ਗੁਰਦੇਵ ਪਿਤਾ ਜੀ ਨੇ ਧੁਰ ਕੀ ਬਾਣੀਂ ਆਈ ਦੁਆਰਾ ਜਗਤ-ਰਚਨਾ ਦੇ ਕਰਤੇ ਦੀਆਂ ਨਿਸ਼ਾਨੀਆਂ ਦਾ ਵਰਣਨ ਕੀਤਾ ਹੈ:-

**੧- ਅਲਖ ਅਪਾਰ ਅਗੰਮ ਅਗੋਚਰ,**
ਨਾ ਤਿਸੁ ਕਾਲੁ ਨ ਕਰਮਾ ॥
ਜਾਤਿ ਅਜਾਤਿ ਅਜੋਨੀ ਸੰਭਉ,
ਨਾ ਤਿਸੁ ਭਾਉ ਨ ਭਰਮਾ ॥
ਸਾਚੇ ਸਚਿਆਰ ਵਿਟਹੁ ਕੁਰਬਾਣੁ ॥
ਨਾ ਤਿਸੁ ਰੂਪ ਵਰਨੁ ਨਹੀ ਰੇਖਿਆ,
ਸਾਚੈ ਸਬਦਿ ਨੀਸਾਣੁ ॥ ਰਹਾਉ॥

ਨਾ ਤਿਸੁ ਮਾਤ ਪਿਤਾ ਸੁਤ ਬੰਧਪ,
ਨਾ ਤਿਸੁ ਕਾਮੁ ਨ ਨਾਰੀ ॥
ਅਕੁਲ ਨਿਰੰਜਨ ਅਪਰ ਪਰੰਪਰੁ,
ਸਗਲੀ ਜੋਤਿ ਤੁਮਾਰੀ॥ [ਪੰਨਾ ੫੯੭

੨- ਜਗੁ ਤਿਸ ਕੀ ਛਾਇਆ,
ਜਿਸੁ ਬਾਪੁ ਨ ਮਾਇਆ ॥
ਨਾ ਤਿਸੁ ਭੈਣ ਨ ਭਰਾਉ ਕਮਾਇਆ ॥
ਨਾ ਤਿਸੁ ਓਪਤਿ ਖਪਤਿ ਕੁਲ ਜਾਤੀ,
ਓਹੁ ਅਜਰਾਵਰੁ ਮਨਿ ਭਾਇਆ॥ [ਪੰਨਾ ੧੦੩੮

ਗੁਰਬਾਣੀ ਰਾਹੀਂ ਆਦਿ ਪੁਰਖ ਨੂੰ 'ਅਜਨਮਾ-ਪੁਰਖੁ' ਦਰਸਾਇਆ ਹੈ। ਜੋ *'ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ॥'* ਦਾ ਪ੍ਰਤੀਕ ਹੈ। ਇਹ ਜਗਤ-ਕਰਤਾ ਦੇ ਖੰਡੀ ਬ੍ਰਹਮੰਡੀ ਪਸਾਰੇ ਦੇ ਮੁਢਲੇ ਦਰਸ਼ਨ ਹਨ। ਮਾਝ ਕੀ ਵਾਰ ਵਿੱਚ ਵੀ ਗੁਰੂ ਬਾਬਾ ਜੀ ਦੇ ਅੰਮ੍ਰਿਤ ਬਚਨਾਂ ਤੋਂ ਅਜਿਹਾ ਹੀ ਚਾਨਣ ਮਿਲਦਾ ਹੈ:-

੧- ਤੂੰ ਕਰਤਾਪੁਰਖੁ ਅਗੰਮੁ ਹੈ, ਆਪਿ ਸ੍ਰਿਸਟਿ ਉਪਾਤੀ॥
ਰੰਗ ਪਰੰਗ ਉਪਾਰਜਨਾ, ਬਹੁ ਬਹੁ ਬਿਧਿ ਭਾਤੀ ॥
ਤੂੰ ਜਾਣਹਿ ਜਿਨਿ ਉਪਾਈਐ, ਸਭੁ ਖੇਲੁ ਤੁਮਾਤੀ ॥
[ਪੰਨਾ ੧੩੮

੨- ਤੁਧੁ ਆਪੇ ਜਗਤੁ ਉਪਾਇ ਕੈ,
ਤੁਧੁ ਆਪੇ ਧੰਧੈ ਲਾਇਆ ॥ [ਪੰਨਾ ੧੩੮

ਉਪਰੋਕਤ ਗੁਰ-ਬਚਨਾਂ ਤੋਂ ਪ੍ਰਗਟ ਹੁੰਦਾ ਹੈ ਕਿ ਵਿਗਿਆਨੀਆਂ ਦਾ ਪੁਰਖ ਤੇ ਪ੍ਰਕਿਰਤੀ ਨੂੰ ਅਨਾਦੀ ਮੰਨਣਾ ਗੁਰਮਤਿ ਵੀਚਾਰਧਾਰਾ ਦੇ ਪ੍ਰਤਿਕੂਲ ਹੈ। ਗੁਰਮਤਿ ਇਕ ਅਕਾਲ ਪੁਰਖ ਤੋਂ ਬਿਨਾ ਕਿਸੇ ਵਸਤੂ ਨੂੰ 'ਸਤਿ' ਤੇ ਅਨਾਦੀ ਨਹੀਂ ਮੰਨਦੀ ਭਾਵੇਂ ਉਹ ਚੇਤੰਨ ਹੈ ਜਾਂ ਜੜ੍ਹ। ਵਿਚਾਰਨਯੋਗ ਗਲ ਇਹ ਹੈ ਕਿ ਜਦੋਂ ਕਿਸੇ ਵਸਤੂ ਦਾ ਨਾਂ-ਨਿਸ਼ਾਨ ਹੀ ਨਹੀਂ ਸੀ ਤਾਂ ਦੂਜੀ ਵਸਤੂ ਸਿਵਾਏ ਕਰਤਾ ਪੁਰਖ ਜੀ ਦੇ ਕਿਵੇਂ ਹੋਂਦ ਵਿੱਚ ਲਿਆਈ ਜਾ ਸਕਦੀ ਸੀ?। ਇਸ ਗੁੰਝਲ ਨੂੰ ਸੁੰਦਰ, ਸਰਲ ਤੇ ਸਪਸ਼ਟ ਸ਼ਬਦਾਂ ਵਿੱਚ ਗੁਰਬਾਣੀ ਨੇ ਖੋਲ੍ਹਿਆ ਹੈ:-

੧- ਹੁਕਮੀ ਹੋਵਨਿ ਆਕਾਰ,
ਹੁਕਮੁ ਨ ਕਹਿਆ ਜਾਈ ॥... [ਪੰਨਾ ੧

੨- ਕੀਤਾ ਪਸਾਉ ਏਕੋ ਕਵਾਉ ॥
ਤਿਸੁ ਤੇ ਹੋਏ ਲਖ ਦਰੀਆਉ॥ [ਪੰਨਾ ੩

੩- ਉਤਪਤਿ ਪਰਲਉ ਸਬਦੇ ਹੋਵੈ ॥
ਸਬਦੇ ਹੀ ਫਿਰਿ ਓਪਤਿ ਹੋਵੈ ॥
ਗੁਰਮੁਖਿ ਵਰਤੈ ਸਭੁ ਆਪੇ ਸਚਾ,
ਗੁਰਮੁਖਿ ਉਪਾਇ ਸਮਾਵਣਿਆ ॥ [ਪੰਨਾ ੧੧੭

ਗੁਰਬਾਣੀ ਵਿਚ ਅਜਿਹੇ ਵਾਕ ਹਨ ਜਿਨ੍ਹਾਂ ਦਾ ਦਰਸ਼ਨ ਕਰਕੇ, ਬਿਨਾਂ ਵੀਚਾਰੇ ਹੀ ਕਈ ਪਾਠਕ ਕੇਵਲ ਪਾਠ ਹੀ ਕਰੀ ਜਾਂਦੇ ਹਨ ਭਾਵ ਨੂੰ ਸਮਝਣ ਦਾ ਜਤਨ ਨਹੀਂ ਕਰਦੇ। ਜਿਵੇਂ:-

੧- ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ॥

ਜਲ ਤੇ ਤ੍ਰਿਭਵਣੁ ਸਾਜਿਆ,
ਘਟਿ ਘਟਿ ਜੋਤਿ ਸਮੋਇ॥ ... [ਪੰਨਾ ੧੯

੨-ਬਿੰਦੁ ਰਕਤੁ ਮਿਲਿ ਪਿੰਡੁ ਸਰੀਆ ॥
ਪਉਣੁ ਪਾਣੀ ਅਗਨੀ ਮਿਲਿ ਜੀਆ ॥
ਆਪੇ ਚੋਜ ਕਰੇ ਰੰਗ ਮਹਲੀ,
ਹੋਰ ਮਾਇਆ ਮੋਹ ਪਸਾਰਾ ਹੇ॥ [ਪੰਨਾ ੧੦੨੬

੩- (ਪ੍ਰਸ਼ਨ)ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ,
ਕਿਤੁ ਕਿਤੁ ਦੁਖਿ ਬਿਨਸਿ ਜਾਈ ॥
(ਉਤਰ)ਹਉਮੈ ਵਿਚਿ ਜਗੁ ਉਪਜੈ ਪੁਰਖਾ,
ਨਾਮਿ ਵਿਸਰਿਐ ਦੁਖੁ ਪਾਈ ॥ [ਪੰਨਾ ੯੪੬

ਅਜਿਹੀਆਂ ਪੰਕਤੀਆਂ ਦੇ ਅਰਥ-ਭਾਵ ਵੀਚਾਰੇ ਬਿਨਾਂ ਹੀ ਕਈ ਪਾਠਕ ਟਪਲਾ ਖਾ ਕੇ ਇਹਨਾਂ ਪੰਕਤੀਆਂ ਨੂੰ ਸ੍ਵੈ-ਵਿਰੋਧੀ ਭਾਵ ਵਾਲੀਆਂ ਸਮਝਣ ਲਗ ਪੈਂਦੇ ਹਨ ਜਦੋਂ ਕਿ ਅਰਥ ਪ੍ਰਕਰਣ ਅਨੁਸਾਰ ਕਰਨੇ ਹੀ ਠੀਕ ਹੁੰਦੇ ਹਨ। ਅਸਲ ਵਿਚ ਤ੍ਰਿਕਾਲ ਦਰਸੀ ਸਤਿਗੁਰੂ ਸਾਹਿਬਾਨ ਨੇ ਲੁਕਾਈ ਨੂੰ ਸਮਝਾਉਣ ਹਿਤ ਕਈ ਮਤ-ਮਤਾਂਤਰਾਂ ਦੇ ਵਿਚਾਰ ਦ੍ਰਿਸ਼ਟਾਂਤ ਰੂਪ ਵਿੱਚ ਲੋਕਾਈ ਸਾਹਮਣੇ ਰਖ ਕੇ ਅੰਤ ਵਿਚ ਸਚਾਈ ਨੂੰ ਪ੍ਰਗਟ ਕੀਤਾ ਹੁੰਦਾ ਹੈ ਪਰ ਅਸੀਂ ਉਨ੍ਹਾਂ ਦ੍ਰਿਸ਼ਟਾਂਤਾਂ ਨੂੰ ਵੀ ਸਤਿਗੁਰੂ ਜੀ ਦੀ ਸਿਧਾਂਤਕ ਕ੍ਰਿਤ ਸਮਝ ਲੈਂਦੇ ਹਾਂ। ਜਿਵੇਂ "ਤੀਰਥਿ ਨਾਈਐ, ਸੁਖੁ ਫਲੁ ਪਾਈਐ, ਮੈਲੁ ਨ ਲਾਗੈ ਕਾਈ॥" (ਪੰਨਾ ੯੩੯) ਸਿੱਧਾਂ ਦਾ ਸਿਧਾਂਤ ਹੈ ਪਰ ਅਸੀਂ ਇਸ ਨੂੰ ਗੁਰਮਤਿ ਵੀਚਾਰ-ਧਾਰਾ ਮੰਨ ਕੇ

ਟਪਲਾ ਖਾ ਜਾਂਦੇ ਹਾਂ। ਜੇ ਅਸੀਂ ਸਾਂਖ ਜਾਂ ਪਤੰਜਲੀ ਆਦਿ ਸ਼ਾਸਤਰਾਂ ਦਾ ਅਧਿਐਨ ਕੀਤਾ ਹੋਵੇ ਤਾਂ ਝੱਟ ਸਮਝ ਜਾਵਾਂਗੇ ਕਿ ਇਹ ਗੁਰੂ ਸਾਹਿਬ ਦਾ ਆਪਣਾ ਵਿਚਾਰ ਨਹੀਂ।

ਸਨਾਤਨੀ ਖ਼ਿਆਲਾਂ ਵਾਲੇ ਲੋਕ ਬ੍ਰਹਮਾ ਨੂੰ ਹੀ ਸ੍ਰਿਸ਼ਟੀ ਦਾ ਕਰਤਾ ਦਸਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਜਦੋਂ ਬ੍ਰਹਮਾ ਵੇਦ ਉਚਾਰਨ ਲੱਗਾ ਤਾਂ ਸਭ ਤੋਂ ਪਹਿਲਾਂ ਉਸ ਦੇ ਮੂੰਹੋਂ 'ਓਅਮ' ਸ਼ਬਦ ਨਿਕਲਿਆ ਜੋ ਕਿ ਮੂਲ ਮੰਗਲ ਰੂਪ ਵਿੱਚ ਹੈ। ਇਸੇ ਵਿਚਾਰ ਅਧੀਨ ਹੀ ਉਹ ਉਪਰੋਕਤ ਸ਼ਬਦ ਤੋਂ ਸ੍ਰਿਸ਼ਟੀ ਦੀ ਕਲਪਨਾ ਮੰਨੀ ਜਾਂਦੇ ਹਨ। 'ਓਅਮ' ਤੋਂ ਭਾਵ ਉਕਾਰ, ਅਕਾਰ, ਮਕਾਰ ਅਥਵਾ ਬ੍ਰਹਮਾ, ਵਿਸ਼ਨ ਤੇ ਸ਼ਿਵ ਹੈ ਅਤੇ ਇਨ੍ਹਾਂ ਤਿੰਨਾਂ ਸ਼ਕਤੀਆਂ ਨੂੰ ਹੀ 'ਬ੍ਰਹਮ' ਦਾ ਨਾਉਂ ਦਿੱਤਾ ਜਾਂਦਾ ਹੈ। ਪਰ ਸਿੱਖ ਧਰਮ 'ਓਅਮ' ਸ਼ਬਦ ਨੂੰ ਓਅੰਕਾਰ ਦਾ ਸੂਚਕ ਨਹੀਂ ਮੰਨਦਾ ਕਿਉਂ ਜੋ 'ਓਅੰਕਾਰ' (ਅਕਾਲ ਪੁਰਖ) ਨੇ ਬ੍ਰਹਮਾ ਦੀ ਉਤਪਤੀ ਕੀਤੀ - 'ਓਅੰਕਾਰਿ ਬ੍ਰਹਮਾ ਉਤਪਤਿ' (ਪੰਨਾ ੯੨੯) ਫਿਰ ਬੇ-ਓੜਕ ਰਚਨਾ ਦੀ ਸਿਰਜਨਾ ਵਿੱਚ ਇਕ ਬ੍ਰਹਮਾ ਹੀ ਨਹੀਂ ਕ੍ਰੋੜਾਂ ਹੀ ਬ੍ਰਹਮੇ ਲਗੇ ਹੋਏ ਹਨ:-

**ਕੋਟਿ ਮਹੇਸ ਉਪਾਇ ਸਮਾਏ ॥**
**ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥** [ਪੰਨਾ ੧੧੫੬

ਜਿਹੜੇ ਲੋਕ ਬ੍ਰਹਮਾ ਨੂੰ ਸ੍ਰਿਸ਼ਟੀ ਦਾ ਕਰਤਾ ਮੰਨਦੇ ਹਨ ਉਹ ਭੁੱਲੜ ਹਨ ਕਿਉਂਕਿ ਉਨ੍ਹਾਂ ਨੂੰ ਬ੍ਰਹਮਾ ਦੀ ਜੀਵਨ ਕਿਰਿਆ ਬਾਰੇ ਸਹੀ ਗਿਆਨ ਹੀ ਨਹੀਂ। ਗੁਰਬਾਣੀ ਬ੍ਰਹਮੇ ਬਾਰੇ ਇਉਂ ਜਾਣ-

ਪਛਾਣ ਕਰਾਉਂਦੀ ਹੈ:-

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥
ਬੇਦ ਕੀ ਬਿਪਤ ਪੜੀ ਪਛੁਤਾਨਿਆ ॥[ਪੰਨਾ ੨੨੪

ਹੋਰ- ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ॥[ਪੰਨਾ ੨੨੭

ਹੋਰ- ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ,
ਤ੍ਰਿਗੁਣਿ ਭਰਮਿ ਭੁਲਾਈ ॥ [ਪੰਨਾ ੯੦੯

ਗੁਰਬਾਣੀ ਅਨੁਸਾਰ 'ਓਅੰਕਾਰੁ' ਦੇ ਅਰਥ ਕੇਵਲ ਧੁਨੀ (ਆਵਾਜ਼) ਨਹੀਂ, ਕਰਤਾ ਪੁਰਖ ਸਰਗੁਣ ਮੁਕਤੀ ਪੁਰਖ ਵੀ ਹਨ। ਖੋਜੀਆਂ ਦਾ ਵਿਚਾਰ ਹੈ ਕਿ ਗੁਰੂ ਸਾਹਿਬ ਦਾ ਸ਼ਬਦ ਅਤੇ ਹੁਕਮ ਨਾਲ ਜਗਤ ਦੀ ਰਚਨਾ ਹੋਈ ਦਰਸਾਉਣਾ ਕੋਈ ਨਵਾਂ ਵਿਚਾਰ ਨਹੀਂ ਕਿਉਂਕਿ ਪੱਛਮੀ ਵਿਦਵਾਨਾਂ ਅਤੇ ਵੇਦਾਂ ਦੇ ਖ਼ਿਆਲ ਵੀ ਅਜਿਹੇ ਹਨ, ਪਰ ਗੁਰੂ ਜੀ ਤਾਂ ਗੱਜ-ਵੱਜ ਕੇ ਪ੍ਰਗਟ ਕਰ ਰਹੇ ਹਨ ਕਿ:-

੧- ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ॥ [ਪੰਨਾ ੯੨੯

੨- ਓਅੰਕਾਰਿ ਸਭ ਸ੍ਰਿਸਟਿ ਉਪਾਈ॥ [ਪੰਨਾ ੧੦੬੧

੩- ਨਿਰੰਕਾਰੁ ਆਕਾਰੁ ਹੋਇ
ਏਕੰਕਾਰੁ ਅਪਾਰੁ ਸਦਾਇਆ॥
ਏਕੰਕਾਰਹੁ ਸਬਦ ਧੁਨਿ
ਓਅੰਕਾਰ ਆਕਾਰੁ ਬਣਾਇਆ॥ [ਭਾ. ਗੁ. ਵ. ੨੬-੨

'ਪਿਤਾ ਕਾ ਜਨਮ ਕਿ ਜਾਨੈ ਪੂਤ' ਅਨੁਸਾਰ ਜਗਤ

ਰਚਨਾ ਦੇ ਆਦਿ ਬਾਰੇ ਕਿਸੇ ਨੂੰ ਵੀ ਠੀਕ ਜਾਣਕਾਰੀ ਨਹੀਂ; ਕੋਈ ਵੱਡੇ ਤੋਂ ਵੱਡਾ ਵਿਅਕਤੀ ਵੀ ਅਥਾਹ-ਪ੍ਰਭੂ ਦਾ 'ਥਾਹ' ਨਹੀਂ ਪਾ ਸਕਿਆ। ਜਪੁ ਬਾਣੀ ਵਿੱਚ ਗੁਰੂ ਜੀ ਸਪਸ਼ਟ ਕਰਦੇ ਹਨ:-

੧- ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ,
ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨ ਜੋਗੀ ਜਾਣੈ, ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ,
ਆਪੇ ਜਾਣੈ ਸੋਈ॥ [ਪੰਨਾ ੪

੨- ਸੁੰਨ ਸਮਾਧਿ ਰਹਹਿ ਲਿਵ ਲਾਗੇ,
ਏਕਾ ਏਕੀ ਸਬਦੁ ਵੀਚਾਰਿ ॥
ਜਲੁ ਥਲੁ ਧਰਣਿ ਗਗਨੁ ਤਹ ਨਾਹੀ,
ਆਪੇ ਆਪੁ ਕੀਆ ਕਰਤਾਰ ॥ [ਪੰਨਾ ੫੦੩

ਕਈ ਆਲੋਚਕ ਇਹ ਆਖਦੇ ਹਨ ਕਿ ਚੇਤੰਨ ਤੇ ਜੜ੍ਹ ਦੋਵੇਂ ਵਸਤਾਂ ਇਕ ਸੋਮੇ ਦੀ ਪੈਦਾਇਸ਼ ਨਹੀਂ ਹੋ ਸਕਦੀਆਂ, ਇਹ ਆਦਿ ਕਾਲ ਤੋਂ ਹੀ ਵੱਖੋ ਵੱਖਰੀਆਂ ਹਨ। ਇਸ ਪ੍ਰਕਾਰ ਵਿਦਵਾਨਾਂ ਨੇ ਆਪੋ ਆਪਣੀ ਬੁਧਿ ਅਨੁਸਾਰ ਕਈ ਸਿਧਾਂਤ ਕਢੇ ਹਨ ਪਰ ਅਜਿਹੇ ਵਿਚਾਰ ਸਾਧਾਰਨ ਮਨੁੱਖ ਲਈ ਗੋਰਖ-ਧੰਧੇ ਤੋਂ ਸਿਵਾ ਹੋਰ ਕੁਝ ਨਹੀਂ ਕਿਉਂਕਿ ਅਜਿਹੇ ਅਧਿਐਨ ਨਾਲ ਸ੍ਰਿਸ਼ਟੀ ਦਾ ਕੋਈ ਸਿਰ ਪੈਰ ਨਹੀਂ ਲਭ ਸਕਦਾ। ਜੇ ਅਸੀਂ ਦੀਰਘ ਦ੍ਰਿਸ਼ਟੀ ਦੁਆਰਾ ਦੇਖੀਏ ਤਾਂ ਸਾਰਾ ਸੰਸਾਰ ਹੀ ਉਸ ਪਰਮ-ਸੱਤਾ ਅਕਾਲ ਪੁਰਖ ਦਾ

੧

ਰੂਪ ਹੈ ਪਰ ਸਾਨੂੰ ਅਜਿਹਾ ਕਿਉਂ ਨਹੀਂ ਦਿਸਦਾ?। ਇਸ ਦਾ ਮੂਲ ਕਾਰਨ ਇਹ ਹੈ ਕਿ ਅਵਿਦਿਆ ਵਿੱਚ ਫਸੇ ਹੋਣ ਕਾਰਨ ਸਾਡਾ ਗਿਆਨ ਰੂਪੀ ਦੀਵਾ ਮਧਮ ਪਿਆ ਹੋਇਆ ਹੈ ਜਿਹਾ ਕਿ ਫੁਰਮਾਨ ਹੈ:-

**ਮਾਧੋ! ਅਬਿਦਿਆ ਹਿਤ ਕੀਨ ॥**
**ਬਿਬੇਕ ਦੀਪ ਮਲੀਨ ॥** [ਪੰਨਾ ੪੮੬

ਸੋ; ਬਿਨਾਂ ਕਿਸੇ ਵਾਦ-ਵਿਵਾਦ ਦੇ ਜਗਤ-ਰਚਨਾ ਬਾਰੇ ਇਹੋ ਕਹਿਣਾ ਹੀ ਪ੍ਰਥਾਇ ਹੋਵੇਗਾ ਕਿ ਇਹ ਸਭ ਕਰਤਾ ਪੁਰਖ ਜੀ ਦੀ ਆਪਣੀ ਖੇਡ ਹੈ ਜਿਸ ਨੂੰ ਕੋਈ ਵਰਣਨ ਨਹੀਂ ਕਰ ਸਕਦਾ ਕਿਉਂਕਿ ਉਸ ਦੀ ਲਖਤਾ ਕਰਨ ਵਾਲੇ ਉਸ ਵਿਚ ਹੀ ਸਮਾਅ ਜਾਂਦੇ ਹਨ:-

**੧- ਹਰਿਸਰੁ ਸਾਗਰੁ ਹਰਿ ਹੈ ਆਪੇ,**
**ਇਹੁ ਜਗੁ ਹੈ ਸਭੁ ਖੇਲੁ ਖੇਲਈਆ॥**
**ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ,**
**ਨਾਨਕ ਆਪੇ ਆਪਿ ਰਮਈਆ ॥** [ਪੰਨਾ ੮੩੫

**੨- ਜਲ ਤਰੰਗ ਅਰੁ ਫੇਨ ਬੁਦਬੁਦਾ,**
**ਜਲ ਤੇ ਭਿੰਨ ਨ ਹੋਈ ॥**
**ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ,**
**ਬਿਚਰਤ ਆਨ ਨ ਹੋਈ ॥** [ਪੰਨਾ ੪੮੫

ਗੁਰਬਾਣੀ ਵਿਚ ਅਜਿਹੀਆਂ ਅਨੇਕਾਂ ਸਚਾਈਆਂ ਪਰਗਟ ਕੀਤੀਆਂ ਗਈਆਂ ਹਨ। ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ

ਸਿੰਘ ਜੀ ਨੇ ਜਗਤ ਰਚਨਾ ਬਾਰੇ ਆਪਣੇ ਨਿਰਮਲ ਤੇ ਅਮੋਲਕ ਵਿਚਾਰਾਂ ਦੀ ਇਉਂ ਮੁਹਰ ਛਾਪ ਲਾ ਕੇ ਆਪਣਾ ਆਪ ਸਮਰਪਿਤ ਕਰ ਦਿੱਤਾ ਹੈ:-

੧- ਤੁਮਰਾ ਲਖਾ ਨ ਜਾਇ ਪਸਾਰਾ ॥
ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥
[ਬੇਨਤੀ ਚੌਪਈ ਪਾ : ੧੦

੨- ਨਹੀ ਜਾਨ ਜਾਈ ਕਛੂ ਰੂਪ ਰੇਖੰ ॥
ਕਹਾ ਬਾਸ ਤਾ ਕੋ, ਫਿਰੈ ਕਉਨ ਭੇਖੰ ॥
ਕਹਾ ਨਾਮ ਤਾਂ ਕੈ, ਕਹਾਂ ਕੈ ਕਹਾਵੈ ॥
ਕਹਾ ਕੈ ਬਖਾਨੋ, ਕਹੇ ਮੋ ਨ ਆਵੈ ॥ ੩॥੯੩॥
[ਅਕਾਲ ਉਸਤਤਿ

# ਕੁਦਰਤਿ ਦਾ ਵਿਕਾਸ

ਬੇਅੰਤ ਨਿਰੰਕਾਰ ਦੀ ਕੁਦਰਤ ਬਾਰੇ ਵਰਣਨ ਕਰਦੇ ਹੋਏ ਗੁਰੂ ਸਾਹਿਬ ਨੇ ਸਪਸ਼ਟ ਕੀਤਾ ਹੈ ਕਿ ਇਹ ਦਿਸ ਰਹੀ ਕਾਇਨਾਤ ਕਈ ਵਾਰ ਸਿਰਜਨਹਾਰ ਦੇ ਹੁਕਮ ਅੰਦਰ ਹੋਂਦ ਵਿਚ ਆਈ ਅਤੇ ਕਈ ਵਾਰ ਖਤਮ ਹੋ ਗਈ; ਕੋਈ ਗਿਣਤੀ-ਮਿਣਤੀ ਨਹੀਂ ਕੀਤੀ ਜਾ ਸਕਦੀ; ਆਦਿ ਅੰਤ ਨਹੀਂ ਪਾਇਆ ਜਾ ਸਕਦਾ। ਸੋ, ਦਿਸ ਰਹੀ ਰਚਨਾ ਕੁਦਰਤੀ ਵਿਕਾਸ ਦਾ ਸਿੱਟਾ ਤਾਂ ਹੋ ਸਕਦੀ ਹੈ ਪਰ ਇਸ ਬਾਰੇ ਵੀ ਕੋਈ ਪੂਰਨ ਤੌਰ ਤੇ ਨਹੀਂ ਜਾਣ ਸਕਦਾ ਕਿ ਅਕਾਲ ਪੁਰਖ ਕਦੋਂ ਤੇ ਕਿਹੜੇ ਸਮੇਂ ਕੁਦਰਤ ਰਾਹੀਂ ਪ੍ਰਗਟ ਹੋਇਆ ਇਹ ਕਿਸੇ ਇਨਸਾਨ ਨੂੰ ਪਤਾ ਨਹੀਂ ਅਤੇ ਗੁਰੂ ਸਾਹਿਬ ਅਨੁਸਾਰ ਇਹੋ ਕਹਿਣਾ ਯੋਗ ਹੈ ਕਿ 'ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ'। ਪਰ ਜਦੋਂ ਵੀ ਅਤੇ ਜਿਸ ਰੂਪ ਵਿਚ ਵੀ ਪਸਾਰਾ ਹੋਇਆ ਉਸ ਦੇ ਹੁਕਮ ਅਥਵਾ ਮੌਜ ਵਿੱਚ ਹੀ ਹੋਇਆ। ਇਸ ਬਾਰੇ ਨਿਸ਼ਚਿਤ ਤੌਰ ਤੇ ਨਾ ਹੀ 'ਥਿਊਰੀ ਆਫ਼ ਅਵਿ਼ਲਿਊਸ਼ਨ' ਦਾ ਕਰਤਾ ਹੀ ਦਸ ਸਕਿਆ ਹੈ ਅਤੇ ਨਾ ਹੀ ਡਾਰਵਿਨ ਨੂੰ ਪਤਾ ਹੈ। ਕੇਵਲ ਆਪਣੀ ਆਪਣੀ ਬੁਧੀ ਦੀਆਂ ਕਲਪਨਾਵਾਂ ਹੀ ਹਨ। ਵਿਕਾਸ ਦੇ ਅਮਲ ਦਾ ਅਰਥ ਇਹ ਨਹੀਂ ਹੋ ਸਕਦੇ ਕਿ ਪੌਦਿਆਂ ਤੋਂ ਜਾਨਵਰ ਬਣ ਗਏ ਅਤੇ ਫਿਰ

ਜਾਨਵਰਾਂ ਤੋਂ ਹੌਲੀ ਹੌਲੀ ਆਦਮੀ ਹੋ ਗਏ। ਆਪਣੇ ਕੀਤੇ ਕਰਮਾਂ ਅਨੁਸਾਰ ਕੋਈ ਜੀਵ ਮਰ ਕੇ ਕਿਸੇ ਹੋਰ ਜੂਨੀ ਵਿੱਚ ਤਾਂ ਪੈ ਸਕਦਾ ਹੈ ਪਰ ਇਹ ਸੰਭਵ ਨਹੀਂ ਕਿ ਕੋਈ ਪੌਦਾ ਵਿਕਾਸ ਦੇ ਅਮਲ ਨਾਲ ਜਾਨਵਰ ਆਦਿ ਬਣ ਗਿਆ ਹੋਵੇ ਜਾਂ ਉਸੇ ਅਮਲ ਅਧੀਨ ਇਨਸਾਨੀ ਰੂਪ ਧਾਰਨ ਕਰ ਗਿਆ ਹੋਵੇ। ਇਹ ਸਭ ਮਨਘੜਤ ਗੱਲਾਂ ਹਨ, ਕਿਸੇ ਆਧਾਰ ਤੇ ਵੀ ਇਨ੍ਹਾਂ ਨੂੰ ਠੀਕ ਸਾਬਤ ਨਹੀਂ ਕੀਤਾ ਜਾ ਸਕਦਾ। ਫਿਰ ਸਾਇੰਸ ਖੋਜ ਦੇ ਆਧਾਰ ਤੇ ਆਪ ਵੀ ਬਦਲਦੀ ਰਹਿੰਦੀ ਹੈ।

ਜਿਥੋਂ ਤੱਕ ਰੇਲਾਂ, ਗੱਡੀਆਂ, ਜਹਾਜ਼, ਰਾਕਟ ਆਦਿ ਸਾਇੰਸੀ ਕਾਢਾਂ ਦਾ ਸੰਬੰਧ ਹੈ; ਇਹ ਇਨਸਾਨੀ ਦਿਮਾਗ਼ ਦੀਆਂ ਕਾਢਾਂ ਹਨ। ਪ੍ਰਸ਼ਨ ਉਠਦਾ ਹੈ ਕਿ ਇਹ ਅਜੀਬ ਦਿਮਾਗ ਕਿਸ ਨੇ ਬਣਾਇਆ? ਉਤਰ ਇਕੋ ਹੈ ਕਿ 'ਇਕ' ਦੇ ਹੁਕਮ ਹੇਠ ਇਨਸਾਨਾ ਸਮੇਤ ਇਹ ਸ੍ਰਿਸ਼ਟੀ ਹੋਂਦ ਵਿਚ ਆਈ। ਦਸਮ ਪਾਤਸ਼ਾਹ ਜੀ ਨੇ ਜਾਪੁ ਸਾਹਿਬ ਵਿਚ ਅਕਾਲ ਪੁਰਖ ਦੀ ਉਸਤਤਿ ਵਿਚ ਲਿਖਿਆ ਹੈ 'ਕਿ ਸਾਹਿਬ ਦਿਮਾਗ਼ ਹੈਂ' ਭਾਵ ਦਿਮਾਂਗ਼ਾਂ ਦਾ ਦਿਮਾਗ਼ ਅਥਵਾ ਕਰਤਾ ਹੈ। ਸੋ, ਇਕ ਇਨਸਾਨੀ ਦਿਮਾਗ਼, ਸਾਹਿਬੇ ਦਿਮਾਗ਼ ਦਾ ਇਕ ਮਾਮੂਲੀ ਜਿਹਾ ਭਾਗ ਅਥਵਾ ਕ੍ਰਿਸ਼ਮਾ ਹੈ। ਜਿਉਂ ਜਿਉਂ ਸਾਹਿਬ ਮਨੁੱਖੀ-ਦਿਮਾਗ਼ ਦੀ ਕੁੰਜੀ ਖੋਲ੍ਹੇਗਾ; ਤਿਉਂ ਤਿਉਂ ਇਹ ਨਵੇਂ ਸਿੱਟਿਆਂ ਤੇ ਪੁੱਜਦਾ ਜਾਵੇਗਾ। ਰੇਲਾਂ, ਜਹਾਜ਼ ਆਦਿ ਇਕ ਦਮ ਹੀ ਹੋਂਦ ਵਿਚ ਨਹੀਂ ਆ ਗਏ। ਇਹ ਇਨਸਾਨੀ ਦਿਮਾਗ਼ ਦੇ ਵਿਕਾਸ ਦਾ ਸਿੱਟਾ ਹਨ। ਪਰ ਇਨਸਾਨੀ

ਦਿਮਾਗ ਦਾ ਮਾਲਕ ਤਾਂ (ਸੱਚਾ) ਸਾਹਿਬ ਹੀ ਹੈ। ਇਨਸਾਨ ਜਿਹੋ ਜਿਹੀ ਸੰਗਤ ਕਰੇਗਾ ਉਸੇ ਅਨੁਸਾਰ ਉਸ ਦੇ ਦਿਮਾਗ਼ ਦਾ ਵਿਕਾਸ ਹੁੰਦਾ ਚਲਿਆ ਜਾਵੇਗਾ। ਸੋ, ਗੁਰਬਾਣੀ ਦੀਆਂ ਭਿੰਨ ਭਿੰਨ ਪੰਕਤੀਆਂ ਵਿੱਚ ਕੋਈ ਸ੍ਵੈ-ਵਿਰੋਧਤਾ ਨਹੀਂ ਹੈ। ਗੁਰੂ ਦੀ ਕਿਰਪਾ ਦੁਆਰਾ ਸੂਖਮ ਬੁੱਧੀ ਨਾਲ ਇਸ ਸੂਖਮ ਗੁਰਬਾਣੀ ਨੂੰ ਸਮਝਣ ਦੀ ਲੋੜ ਹੈ:-

**ਸੋਈ ਮਉਲਾ ਜਿਨਿ ਜਗੁ ਮਉਲਿਆ,**
**ਹਰਿਆ ਕੀਆ ਸੰਸਾਰੋ ॥**
**ਆਬ ਖਾਕੁ ਜਿਨਿ ਬੰਧਿ ਰਹਾਈ,**
**ਧੰਨੁ ਸਿਰਜਣਹਾਰੋ ॥ ੧ ॥** [ਪੰਨਾ ੨੪

# ਧਰਮ

ਗੁਰੁ ਸ਼ਬਦ ਮਹਾਨ ਕੋਸ਼ ਅਨੁਸਾਰ 'ਧਰਮ' ਸ਼ਬਦ ਦੇ ਅਰਥ ਹਨ:

੧. ਜੋ ਸੰਸਾਰ ਨੂੰ ਧਾਰਨ ਕਰਦਾ ਹੈ। ਜਿਸ ਦੇ ਆਧਾਰ ਵਿਸ਼੍ਵ ਹੈ, ਉਹ ਪਵਿਤ੍ਰ ਨਿਯਮ *"ਸਭ ਕਲਿ ਉਧਰੀ ਇਕ ਨਾਮ ਧਰਮ"* (ਸਵੱਯੇ ਸ੍ਰੀ ਮੁਖ ਵਾਕ ਮ:੫) ੨. ਸ਼ੁਭ ਕਰਮ - *"ਨਹ ਬਿਲੰਬ ਧਰਮੰ, ਬਿਲੰਬ ਪਾਪੰ"* (ਸਹਸ ਮ: ੫) *"ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ"* (ਸੁਖਮਨੀ) ਸਾਧੂ ਦੇ ਸੰਗ ਤੋਂ ਜੋ ਦ੍ਰਿੜ ਕਰਦਾ ਹੈ, ਉਹ ਸਭ ਧਰਮ ਹੈ। ੩. ਮਜ਼ਹਬ - ਦੀਨ. *"ਸੰਤ ਕਾ ਮਾਰਗੁ ਧਰਮ ਕੀ ਪਉੜੀ"* (ਸੋਰ ਮ: ੫) ੪. ਪੁਨਯ ਰੂਪ *"ਇਹੁ ਸਰੀਰੁ ਸਭੁ ਧਰਮੁ ਹੈ, ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ"* (ਵਾਰ ਗਉ ੧ ਮ: ੪)। ੫. ਰਿਵਾਜ, ਰਸਮ, ਕਲ ਅਥਵਾ ਦੇਸ਼ ਦੀ ਰੀਤਿ। ੬. ਫਰਜ਼, ਡਿਊਟੀ । ੭. ਨਯਾਯ, ਇਨਸਾਫ਼। ੮. ਪ੍ਰਕ੍ਰਿਤਿ ਸੁਭਾਵ... (ਪੰਨਾ ੪੯੬)

ਪੁਰਾਤਨ ਵਿਦਵਾਨਾਂ ਨੇ ਧਰਮ ਦੇ ਦਸ ਨਿਸ਼ਾਨ ਦਸੇ ਹਨ:-

੧. ਖਿਮਾ ੨. ਜੀਵ ਘਾਤ ਨਾ ਕਰਨਾ ੩. ਦਯਾ ੪. ਨਰਮ ਸੁਭਾਉ ੫. ਸੱਚ ਬੋਲਣਾ ੬. ਤਪ ਸਾਧਨਾ ੭. ਦਾਨ ਦੇਣਾ ੮. ਸ਼ਾਂਤ ਸੁਭਾਵ ਹੋਣਾ ੯. ਪਵਿਤਰ ਰਹਿਣਾ ੧੦. ਤ੍ਰਿਸਨਾ ਤੋਂ ਰਹਿਤ।

ਗੁਰਬਾਣੀ ਵਿਚ ਧਰਮ ਦੀ ਵਿਆਖਿਆ ਦਾ ਵਿਲਖਣ ਅਸਥਾਨ ਹੈ। ਗੁਰਵਾਕ ਹਨ:-

**ਗੁਰਬਿਨੁ ਗਿਆਨੁ ਧਰਮ ਬਿਨ ਧਿਆਨੁ ॥**
**ਸਚੁ ਬਿਨ ਸਾਖੀ ਮੂਲੋ ਨ ਬਾਕੀ ॥ [ਪੰਨਾ ੧੪੧੨**

ਸਭ ਤੋਂ ਪਹਿਲਾਂ ਗੁਰੂ ਗਿਆਨ ਦਾ ਹਿਰਦੇ ਵਿਚ ਪਰਵੇਸ਼ ਹੋਵੇ ਤਾਂ ਧਰਮ ਦੀ ਸਹੀ ਧਾਰਨਾ ਹਿਰਦੇ ਵਿਚ ਟਿਕਦੀ ਹੈ, ਭਾਵ ਧਾਰਮਿਕ ਜੀਵਨ ਦੀ ਸੋਝੀ ਆਉਂਦੀ ਹੈ। ਸਚ ਤੋਂ ਸਖਣੀ ਸਿਖਿਆ ਦੀ ਧਰਮ ਖੇਤਰ ਵਿਚ ਕੋਈ ਕਦਰ-ਕੀਮਤ ਨਹੀਂ ਹੈ। ਜਿਵੇਂ ਏਕੇ ਤੋਂ ਬਿਨਾ ਜ਼ੀਰੋ ਦਾ ਕੋਈ ਮੁਲ ਨਹੀਂ, ਤਿਵੇਂ ਸਚੇ ਪਰਮੇਸ਼ਰ ਨਾਲ ਸਾਂਝ ਪਾਏ ਬਿਨਾ ਮਨੁੱਖਾ ਜੀਵਨ ਬੇ-ਸੁਆਦਾ ਤੇ ਵਿਅਰਥ ਹੈ।

ਧਰਮ ਕੀ ਹੈ? ਇਸ ਦਾ ਸਰਲ ਉਤਰ ਧਰਮ ਦੀ ਸਹੀ ਤਸਵੀਰ ਹੇਠ ਲਿਖੀਆਂ ਪਾਵਨ ਪੰਕਤੀਆਂ ਰਾਹੀਂ ਇਉਂ ਰੂਪਮਾਨ ਹੁੰਦੀ ਹੈ:-

**੧- ਸਚਾ ਧਰਮੁ ਪੁੰਨੁ ਭਲਾ ਕਰਾਏ ॥**
**ਦੀਨ ਕੈ ਤੋਸੈ ਦੂਨੀ ਨ ਜਾਏ ॥ [ਪੰਨਾ ੭੪੩**

**੨- ਬੋਲੀਐ ਸਚੁ ਧਰਮੁ, ਝੂਠੁ ਨ ਬੋਲੀਐ॥**
**ਜੋ ਗੁਰੁ ਦਸੈ ਵਾਟ, ਮੁਰੀਦਾ ਜੋਲੀਐ॥ [ਪੰ. ੪੮੮**

**੩- ਸਭਿ ਕਰਮ ਧਰਮ ਹਰਿਨਾਮੁ ਜਪਾਹਾ॥**
**ਕਿਲ ਵਿਖ ਮੈਲੁ ਪਾਪ ਧੋਵਾਹਾ ॥ [ਪੰਨਾ ੬੯੧**

**੪- ਸਭ ਤੇ ਊਤਮ ਇਹੁ ਕਰਮੁ ॥**
**ਸਗਲ ਧਰਮ ਮਹਿ ਸ੍ਰੇਸਟ ਧਰਮੁ ॥**

ਹਰਿ ਸਿਮਰਨਿ ਤੇਰਾ ਹੋਇ ਉਧਾਰੁ ॥
ਜਨਮ ਜਨਮ ਕਾ ਉਤਰੈ ਭਾਰੁ ॥ [ਪੰਨਾ ੮੯੫

੫- ਸਭ ਮਹਿ ਪੂਰਿ ਰਹੇ ਪਾਰਬ੍ਰਹਮ,
ਨਾਨਕ, ਹਰਿ ਕੀਰਤਨੁ ਕਰਿ
ਅਟਲ ਏਹੁ ਧਰਮ॥ [ਪੰਨਾ ੨੯੯

ਕੁਝ ਦਾਨਿਆਂ ਦੀ ਇਹ ਵੀਚਾਰ ਹੈ ਕਿ ਧਰਮ ਦੋ ਪ੍ਰਕਾਰ ਦਾ ਹੁੰਦਾ ਹੈ ਇਕ ਨਕਦ ਤੇ ਦੂਸਰਾ ਉਧਾਰ। ਉਦਾਹਰਣ:-

ਇਕ ਮਨੁੱਖ ਨੇ ਕੁਝ ਰੁਪਇਆ ਸੋਨਾ ਆਦਿ ਜ਼ਮੀਨ ਵਿਚ ਦਬ ਕੇ ਰਖਿਆ ਹੋਇਆ ਸੀ। ਉਸ ਦੇ ਲੜਕੇ ਨੂੰ ਇਸ ਬਾਰੇ ਸੂਹ ਮਿਲ ਗਈ, ਉਸ ਨੇ ਧਰਤੀ ਖੱਟ ਕੇ ਰੁਪਏ ਕੱਢ ਲਏ ਅਤੇ ਖਾ ਪੀ ਕੇ ਖ਼ਤਮ ਕਰ ਦਿਤੇ ਅਤੇ ਉਸ ਟੋਏ ਵਿਚ ਉਤਨੇ ਵਜ਼ਨ ਦੇ ਛੋਟੇ ਛੋਟੇ ਪੱਥਰ ਰਖ ਦਿੱਤੇ। ਕੁਝ ਦਿਨਾ ਮਗਰੋਂ ਜਦ ਉਸਦੇ ਪਿਤਾ ਨੇ ਧਰਤੀ ਖਟੀ ਤਾਂ ਰੁਪਇਆ ਨਾ ਮਿਲਿਆ। ਉਹ ਰੋਣ ਲਗਾ ਹਾਏ ਮੇਰੀ ਦੌਲਤ ਕਿਥੇ ਗਈ? । ਪੁੱਤਰ ਨੇ ਕਿਹਾ ਪਿਤਾ ਜੀ! ਤੁਸੀਂ ਕਿਉਂ ਰੋ ਰਹੇ ਹੋ। ਤੁਸਾਂ ਉਸ ਰੁਪਏ ਨੂੰ ਵਰਤੋਂ ਵਿਚ ਤਾਂ ਲਿਆਉਣਾ ਹੀ ਨਹੀਂ ਸੀ, ਵੇਖੋ ਉਤਨੇ ਹੀ ਵਜ਼ਨ ਦੇ ਪੱਥਰ ਉਥੇ ਪਏ ਹਨ।

ਇਸੇ ਤਰ੍ਹਾਂ ਧਾਰਮਿਕ ਝਗੜੇ ਅਤੇ ਰੌਲੇ-ਰਪੇ ਹੁੰਦੇ ਹਨ, ਉਹ ਨਕਦ ਧਰਮ ਤੇ ਨਹੀਂ ਹੁੰਦੇ, ਉਧਾਰ ਧਰਮ ਤੇ ਹੁੰਦੇ ਹਨ। ਨਕਦ ਧਰਮ ਉਹ ਹੈ ਜੋ ਮੌਤ ਨਾਲ ਨਹੀਂ, ਜੀਵਨ ਨਾਲ ਸੰਬੰਧ ਰਖਦਾ ਹੈ। ਉਧਾਰਾ ਧਰਮ ਇਤਬਾਰੀ ਹੁੰਦਾ ਹੈ ਪਰ ਨਕਦ ਧਰਮ

ਯਕੀਨੀ ਹੁੰਦਾ ਹੈ। ਨਕਦ ਧਰਮ ਤੇ ਸਾਰੇ ਧਰਮੀਆਂ ਦੀ ਇਕ ਰਾਇ ਹੈ- ਸਚ ਬੋਲਣਾ, ਵਿਦਿਆ ਪੜ੍ਹਨੀ, ਉਸ ਤੇ ਅਮਲ ਕਰਨਾ। ਖ਼ੁਦ ਗਰਜ਼ੀ ਤੋਂ ਲਾਂਭੇ ਹੋਣਾ, ਪਰਾਇਆ ਮਾਲ, ਪਰਾਈ ਇਸਤਰੀ ਨੂੰ ਵੇਖ ਕੇ ਬੇਈਮਾਨ ਨਹੀਂ ਹੋਣਾ। ਦੁਨਿਆਵੀ ਲਾਲਚ ਵਿਚ ਆ ਕੇ ਅਸਲੀਅਤ ਨੂੰ ਨਹੀਂ ਭੁਲਣਾ, ਭਾਵ ਉਹ ਦ੍ਰਿੜ ਇਰਾਦੇ ਦੇ ਮਾਲਕ ਹੁੰਦੇ ਹਨ। ਨਕਦ ਧਰਮ ਤੇ ਕਿਤੇ ਝਗੜਾ ਨਹੀਂ ਹੋ ਸਕਦਾ। ਉਸ ਧਰਮ ਤੇ ਸਦਾ ਹੀ ਝਗੜੇ ਹੁੰਦੇ ਹਨ ਜੋ ਲੁਕਾ ਕੇ ਰਖਿਆ ਜਾਂਦਾ ਹੈ।

ਬਾਹਰਲੇ ਮੁਲਕ ਵਰਤਮਾਨ ਵਿੱਚ ਵਰਤਣਾ ਪਸੰਦ ਕਰਦੇ ਹਨ, ਗੁਜ਼ਰੇ ਹੋਏ ਜ਼ਮਾਨੇ ਵਿਚ ਨਹੀਂ ਜਾਂਦੇ ਇਹ ਨਕਦ ਧਰਮ ਹੈ। ਕੰਮ ਕਰੋ, ਉਸ ਤੋਂ ਫਲ ਦੀ ਆਸ ਨ ਰਖੋ, ਉਹ ਪਰਮੇਸ਼ਰ ਤੇ ਛਡੋ। ਸੱਚੀ ਗਲ ਤਾਂ ਇਹ ਹੈ ਕਿ ਦੂਜਿਆਂ ਲਈ ਨੇਕੀ ਕਰਨੀ ਵੀ ਧਰਮ ਦਾ ਇਕ ਵਿਸ਼ੇਸ਼ ਅੰਗ ਹੈ।

ਇਕ ਬ੍ਰਿਧ ਪੁਰਸ਼ ਬਾਗ਼ ਲਗਾ ਰਿਹਾ ਸੀ ਤਾਂ ਉਥੋਂ ਲੰਘਦੇ ਰਾਹੀ ਨੇ ਕਿਹਾ ਮੀਆਂ! ਤੁਹਾਡਾ ਇਕ ਪੈਰ ਤਾਂ ਪਹਿਲੇ ਹੀ ਕਬਰ ਵਿਚ ਹੈ, ਕੀ ਤੁਸੀਂ ਇਸ ਬਾਗ਼ ਦੇ ਫਲ ਖਾ ਲਵੋਗੇ? ਉਸ ਨੇ ਉਤਰ ਦਿਤਾ - ਹੋਰਾਂ ਨੇ ਜੋ ਬੋਇਆ ਸੀ, ਉਹ ਅਸਾਂ ਖਾਧਾ, ਹੁਣ ਜੋ ਅਸੀਂ ਬੀਜਾਂਗੇ, ਹੋਰ ਖਾਣਗੇ। ਇਸ ਤਰ੍ਹਾਂ ਦੁਨੀਆਂ ਦਾ ਨਜ਼ਾਮ ਚਲਦਾ ਹੈ। ਵੱਡੇ ਵੱਡੇ ਬਜ਼ੁਰਗਾਂ ਨੇ ਜੋ ਕੁਝ ਬੀਜਿਆ ਕੀ ਓਹ ਆਪ ਖਾ ਗਏ?। ਸਦੀਆਂ ਤੋਂ ਲੋਕ ਉਨ੍ਹਾਂ ਦਾ ਬੀਜਿਆ ਧਰਮ-ਫਲ ਖਾ ਰਹੇ ਹਨ।

ਚੰਗੇ ਕਰਮਾਂ ਨਾਲ ਚੰਗਾ ਸੁਭਾਅ ਅਤੇ ਮੰਦੇ ਕਰਮਾਂ ਨਾਲ ਮੰਦਾ ਸੁਭਾਅ ਬਣਦਾ ਹੈ। ਮੰਦੇ ਸੁਭਾਅ ਨੂੰ ਬਦਲਣ ਦੀ ਸ਼ਕਤੀ ਧਰਮ ਵਿਚ ਹੁੰਦੀ ਹੈ। ਧਰਮ ਹੀ ਨੈਤਕੀ ਗੁਣਾਂ ਨੂੰ ਜਨਮ ਦਿੰਦਾ ਹੈ, ਵੈਰ-ਭਾਵਨਾ ਦੀ ਥਾਂ ਤੇ ਪਰਸਪਰ ਪ੍ਰੇਮ ਨਾਲ ਰਹਿਣ ਦੀ ਜੀਵਨ-ਜਾਚ ਸਿਖਾਉਂਦਾ ਹੈ। ਧਰਮ ਸਤ ਸੰਤੋਖ ਤੇ ਨਿਮਰਤਾ ਆਦਿ ਦੈਵੀ ਗੁੜਤੀ ਦਿੰਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਾ ਆਦਿ ਦੈਵੀ ਗੁਣਾਂ ਵਾਲੀ ਅਵਗਣਾਂ ਨੂੰ ਛੱਡਣ ਦੀ ਪ੍ਰੇਰਨਾ ਧਰਮ ਤੋਂ ਹੀ ਪ੍ਰਾਪਤ ਹੁੰਦੀ ਹੈ, ਇਸੇ ਵਿਚ ਜੀਵ ਆਪਣੀ ਭਲਾਈ ਸਮਝਦਾ ਹੈ। ਧਰਮ, ਮਾਨਵੀ ਅਧਿਕਾਰਾਂ ਢੀਸੀਨਾਜ਼ੋਰੀ ਨਾਲ ਵਰਤੋਂ ਕਰਨ ਤੋਂ ਰੋਕਦਾ ਹੈ। ਇਕ ਦੂਜੇ ਨਾਲ ਸਿੰਙ ਫਸਾਉਣੇ ਭਾਵ ਲੜਾਈ ਕਰਨੀ, ਇਹ ਪਸ਼ੂ ਬ੍ਰਿਤੀ ਦੀ ਪ੍ਰਤੀਕ ਹੈ। ਗੁਰਬਾਣੀ ਵਿਚ ਮਨੁੱਖ ਨੂੰ ਧਰਮ ਬਾਰੇ ਇਉਂ ਜਾਣਕਾਰੀ ਉਪਲਬਧ ਕਰਵਾਈ ਹੈ:-

**ਇਹੁ ਸਰੀਰੁ ਸਭੁ ਧਰਮੁ ਹੈ,**
**ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥**
**ਗੁਹਜ ਰਤਨ ਵਿਚਿ ਲੁਕਿ ਰਹੇ,**
**ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥..** [ਪੰਨਾ ੩੦੯

ਧਰਮ ਉਨ੍ਹਾਂ ਸ਼ੁਭ ਕਰਣੀਆਂ ਦਾ ਨਾਉ ਹੈ ਜਿਨ੍ਹਾਂ ਦੀ ਬਰਕਤ ਨਾਲ ਇਸ ਲੋਕ ਵਿਚ ਸੋਭਾ ਅਤੇ ਪਰਲੋਕ ਵਿਚ ਮੁਖ ਉਜਲਾ ਹੁੰਦਾ ਹੈ। ਧਰਮ ਦੇ ਮੋਟੇ ਮੋਟੇ ਦੋ ਪੱਖ ਹਨ:-

੧. ਸੰਸਾਰ ਦੇ ਸੰਬੰਧੀਆਂ, ਮੋਹ ਮਾਇਆ ਅਤੇ ਪਦਾਰਥਾਂ ਵਿਚ

ਖਚਿਤ ਹੋਣਾ, ੨. ਧਰਮ ਦੀ ਕ੍ਰਿਤ ਕਰਦਿਆਂ, ਨਾਮ ਜਪਦਿਆਂ, ਵੰਡ ਛਕਦਿਆਂ, ਸੰਸਾਰ ਦੇ ਦੁੱਖਾਂ ਸੁੱਖਾਂ ਤੋਂ ਨਿਰਲੇਪ ਰਹਿਣਾ। ਇਹਨਾਂ ਦੋਹਾਂ ਪੱਖਾਂ ਵਿਚ ਧਰਮ ਇਕ ਵਕੀਲ ਦੀ ਨਿਆਈ ਕੰਮ ਕਰਦਾ ਹੈ। ਗੁਰਵਾਕ ਹਨ:-

**ਪਰਵਿਰਤਿ ਨਿਰਵਿਰਤਿ ਹਾਠਾ ਦੋਵੈ,**
**ਵਿਚਿ ਧਰਮੁ ਫਿਰੈ ਰੈਬਾਰਿਆ ॥** [ਪੰਨਾ ੧੨੮੦

ਸਹਸਕ੍ਰਿਤੀ ਸਲੋਕਾਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧਰਮ ਦੇ ਲਛਣਾਂ ਦਾ ਇਉਂ ਵਿਵਰਣ ਦਿੱਤਾ ਹੈ:-

**ਦੁਰਗਮ ਸਥਾਨ ਸੁਗਮੰ, ਮਹਾ ਦੂਖ ਸਰਬ ਸੂਖਣਹ॥**
**ਦੁਰਬਚਨ ਭੇਦ ਭਰਮੰ,**
**ਸਾਕਤ ਪਿਸਨੰ ਤ ਸੁਰਜਨਹ ॥**
**ਅਸਥਿਤੰ ਸੋਗ ਹਰਖੰ, ਭੈ ਖੀਣੰ ਤ ਨਿਰਭਵਹ ॥**
**ਭੈ ਅਟਵੀਅੰ ਮਹਾਨਗਰ ਬਾਸੰ,**
**ਧਰਮ ਲਖ੍ਹਣ ਪ੍ਰਭ ਮਇਆ ॥**
**ਸਾਧ ਸੰਗਮ ਰਾਮ ਰਾਮ ਰਮਣੰ**
**ਸਰਣਿ ਨਾਨਕ ਹਰਿ ਹਰਿ ਦਯਾਲ ਚਰਣੰ॥**[ਪੰ. ੧੩੫੮

ਧਰਮੀ ਬੰਦੇ ਦਾ ਕਿਰਦਾਰ ਬਹੁਤ ਉਚਾ ਹੁੰਦਾ ਹੈ। ਉਹ ਕੁਦਰਤ ਵਿਚ ਕਾਦਰ ਦੇ ਦਰਸ਼ਨ ਕਰਦਾ ਹੈ, ਉਸ ਨੂੰ ਧਰਮ ਦੇ ਨਿਯਮਾਂ ਬਾਰੇ ਪੂਰਨ ਗਿਆਨ ਹੁੰਦਾ ਹੈ:-

**ੳ-ਕਰਮ ਧਰਤੀ ਸਰੀਰੁ,**

**ਕਲਿਜੁਗ ਵਿਚਿ ਜੇਹਾ ਕੋ ਬੀਜੈ,**
**ਤੇਹਾ ਕੋ ਖਾਏ ॥** [ਪੰਨਾ ੩੦੮

**ਅ- ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ॥**
[ਭਾ. ਗੁ. ੩੪-੧

ਇਸ ਲਈ 'ਆਪੇ ਬੀਜੁ ਆਪੇ ਹੀ ਖਾਹੁ' ਵਾਲੇ ਸਿਧਾਂਤ ਨੂੰ ਮੁਖ ਰਖਦੇ ਹੋਏ ਗੁਰਦੇਵ ਪਿਤਾ ਜੀ ਨੇ ਹਰੇਕ ਜੀਵ ਨੂੰ ਇਹ ਆਦੇਸ਼ ਦਿੱਤਾ ਹੈ:-

**ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ ॥**
**ਧਿਆਇਦਿਆ, ਤੂੰ ਪ੍ਰਭੂ ਮਿਲੁ,**
**ਨਾਨਕ, ਉਤਰੀ ਚਿੰਤ ॥** [ਪੰਨਾ ੫੨੨

ਇਸ ਵਿਚ ਸੰਦੇਹ ਨਹੀਂ ਕਿ ਸਾਰੇ ਧਰਮਾਂ ਦੀਆਂ ਰਹੁਰੀਤੀਆਂ ਵਖੋ ਵਖਰੀਆਂ ਹਨ ਪਰ ਧਰਮੀ ਬੰਦਾ ਹਰੇਕ ਧਰਮ ਦਾ ਆਦਰ ਕਰਦਾ ਹੈ।

ਧਰਮ, ਭਰਮਾਂ ਅਤੇ ਵਹਿਮਾਂ ਵਿਚ ਨਹੀਂ ਫਸਾਉਂਦਾ, ਜਾਦੂ ਟੂਣਿਆਂ, ਮੰਤਰਾਂ ਜੰਤਰਾਂ ਦੇ ਪਖੰਡ ਜਾਲ ਤੋਂ ਪਰੇ ਰਖਦਾ ਹੈ। ਧਰਮ ***'ਪਰ ਕਾ ਬੁਰਾ ਨ ਰਾਖਹੁ ਚੀਤ॥' (ਪੰਨਾ ੩੮੬)*** ਦਾ ਸੰਦੇਸ਼ ਦਿੰਦਾ ਹੈ। ਧਰਮ ਗੁਰਮੁਖ ਬਣਨ ਦਾ ਉਪਦੇਸ਼ ਦਿੰਦਾ ਹੈ, ਮਨਮੁਖਾਂ ਦੀ ਸੰਗਤ ਤੋਂ ਦੂਰ ਰਖਦਾ ਹੈ। ਗੁਰੂ ਪਾਤਿਸ਼ਾਹ ਜੀ ਧਰਮ ਗਵਾਉਣ ਵਾਲੇ ਮਨੁਖ ਦੀ ਹਾਲਤ ਨੂੰ ਆਪਣੇ ਅੰਮ੍ਰਿਤ ਬਚਨਾ ਰਾਹੀਂ ਇਉਂ ਦਰਸਾਉਂਦੇ ਹਨ:-

**ਮਨਮੁਖੁ ਲਹਰਿ ਘਰੁ ਤਜਿ ਵਿਗੂਚੈ,**

ਅਵਰਾ ਕੇ ਘਰਿ ਹੇਰੈ ॥
ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ,
ਦੁਰਮਤਿ ਘੂਮਨ ਘੇਰੈ ॥
ਦਿਸੰਤਰੁ ਭਵੈ ਪਾਠ ਪੜਿ ਥਾਕਾ, ਤ੍ਰਿਸਨਾ ਹੋਇ ਵਧੇਰੈ ॥
ਕਾਚੀ ਪਿੰਡੀ ਸਬਦੁ ਨ ਚੀਨੈ,
ਉਦਰੁ ਭਰੈ ਜੈਸੇ ਢੋਰੈ ॥ [ਪੰਨਾ ੧੦੧੨

ਆਓ ਵਿਕਾਰੀ ਰੁਚੀਆਂ ਨੂੰ ਤਿਲਾਂਜਲੀ ਦੇ ਕੇ ਧਰਮ ਦੀਆਂ ਕੀਮਤਾਂ ਕਦਰਾਂ ਨੂੰ ਸਮਝੀਏ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਏ ਹੋਏ ਪੂਰਨੇ *"ਧਰ ਪਈਐ ਧਰਮੁ ਨ ਛੋੜੀਐ"* ਦੇ ਅਨੁਆਈ ਬਣੀਏ। *'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ'* ਇਹ ਸਾਡਾ ਜੀਵਨ ਲਕਸ਼ ਹੋਵੇ। ਇਸ ਤਰ੍ਹਾਂ ਇਹ *"ਲੋਕ ਸੁਖੀਏ ਪਰਲੋਕ ਸੁਹੇਲੇ॥ ਨਾਨਕ ਹਰਿ ਪ੍ਰਭ ਆਪੇ ਮੇਲੇ॥"* ਦਾ ਆਨੰਦ ਮਾਣੀਏ।

ਮਾਇਕੀ ਪਦਾਰਥਾਂ ਦੀ ਮੰਗ ਮਨ ਨੂੰ ਮੈਲਾ ਕਰਦੀ ਹੈ। ਸੋ, ਮਨ ਨੂੰ ਪਵਿਤਰ ਕਰਨ ਲਈ ਮਾਲਕ ਅਗੇ ਅਰਦਾਸ ਕਰਨ ਦੀ ਲੋੜ ਹੈ। ਕਰਮ ਵਿਚ ਕਸ਼ਟ ਉਠਾਉਣਾ ਪੈਂਦਾ ਹੈ ਪਰ ਅਰਦਾਸਿ ਕਰਕੇ ਆਰਾਮ ਮਿਲਦਾ ਹੈ। ਮਾਤਾ ਦੇ ਉਦਰ ਵਿਚ ਬ੍ਰਿਤੀ ਮਾਲਕ ਦੀ ਥਾਂ ਮਾਂ ਤੇ ਮਾਇਆ ਵਲ ਹੋ ਜਾਂਦੀ ਹੈ। ਲੋੜਾਂ ਦੀ ਪੂਰਤੀ ਲਈ ਮਮੀ ਮਮੀ ਦੀ ਰਟ ਲਗਣੀ ਸ਼ੁਰੂ ਹੋ ਜਾਂਦੀ ਹੈ, ਕਦੇ ਦੁੱਧ ਕਦੇ ਰੋਟੀ ਕਦੇ ਹੋਰ ਵਸਤੂ ਖਾਣ ਦੀ ਭੁੱਖ ਲਗੀ ਰਹਿੰਦੀ ਹੈ।

ਇਕ ਨਾਲੋਂ ਨਾਤਾ ਟੁੱਟਿਆ ਤੇ ਮਾਤਾ ਪਿਤਾ ਨਾਲ ਨਾਤਾ ਗੰਢਿਆ ਗਿਆ। ਜੀਵ ਪਰਮਾਤਮਾ ਪਿਤਾ ਦਾ ਪਿਆਰ ਭੁੱਲ ਗਿਆ, ਸੰਸਾਰੀ ਪਿਉ ਦੇ ਪਿਆਰ ਵਿਚ ਰੁਲ ਗਿਆ। ਜੇ ਸੋਚਿਆ ਜਾਏ ਤਾਂ ਸੰਸਾਰ ਦੇ ਸਮੂਹ ਸੰਬੰਧੀਆਂ ਦਾ ਨਾਤਾ ਸੁਖਾਂ ਦੀ ਲੇਵਾ-ਦੇਵੀ ਦਾ ਪ੍ਰਤੀਕ ਹੈ। ਜਿਵੇਂ ਜਨਮ ਲੈਣ ਮਗਰੋਂ ਸਾਈਂ ਵਿਸਾਰਿਆ ਤਿਵੇਂ ਵਿਆਹ ਮਗਰੋਂ ਮਾਂ ਪਿਉ ਵਾਲੇ ਪਿਆਰ ਵਿਚ ਵੀ ਖੁੜ ਪੈ ਗਈ।

ਛੋਟੇ ਹੋਂਦਿਆਂ ਜਦੋਂ ਬੱਚੇ ਨੂੰ ਦੁੱਧ ਨਹੀਂ ਮਿਲਦਾ ਤਾਂ ਰੋਂਦਾ ਹੈ ਪਰ ਜਦੋਂ ਦੁੱਧ ਮਿਲ ਜਾਏ ਤਾਂ ਰੋਣਾ ਬੰਦ ਹੋ ਜਾਂਦਾ ਹੈ। ਰੋਣ ਦੀ ਆਦਤ ਵੱਡੇ ਹੋਇਆਂ ਬਹੁਤ ਪਰੇਸ਼ਾਨ ਕਰਦੀ ਹੈ, ਖਹਿੜਾ ਹੀ ਨਹੀਂ ਛੱਡਦੀ। ਜਦੋਂ ਤੱਕ ਪਹਿਲਾਂ ਅਰਦਾਸਿ ਕਰਨ ਵਾਲੀ ਰੁੱਚੀ ਨਹੀਂ ਬਣਦੀ ਸਾਈਂ ਨਾਲ ਜੁੜਨਾ ਕਠਿਨ ਹੁੰਦਾ ਹੈ। ਮਨ ਦੀ ਤ੍ਰਿਪਤੀ ਨਹੀਂ ਹੋ ਸਕਦੀ। ਸਰੀਰਕ ਲੋੜਾਂ ਤੇ ਮਨੋਰੰਜਨ ਦੀ ਪੂਰਤੀ ਬਹੁਤ ਤੰਗ ਕਰਦੀ ਹੈ। ਬੁੱਢਾ ਹੋਣ ਤਕ ਲੋੜਾਂ ਦੀਆਂ ਲਹਿਰਾਂ ਚਲਦੀਆਂ ਰਹਿੰਦੀਆਂ ਹਨ, ਠੂਠਾ ਲੈ ਕੇ ਮਨੁੱਖ ਮੰਗਦਾ ਹੀ ਰਹਿੰਦਾ ਹੈ ਅਤੇ ਮੰਗਦਿਆਂ ਮੰਗਦਿਆਂ ਹੀ ਮਰ ਜਾਂਦਾ ਹੈ, ਪਰ ਸਾਈਂ ਨਾਲ ਮਿਲਾਪ ਲਈ ਕਦੇ ਅਰਦਾਸਿ ਨਹੀਂ ਕਰਦਾ। ਮੂਲ ਨੂੰ ਛੱਡ ਕੇ ਡਾਲੀ ਨਾਲ ਪ੍ਰੀਤਿ ਪਾਉਣੀ ਕੋਈ ਚੰਗੀ ਗਲ ਨਹੀਂ। ਪੂਰੇ ਸਤਿਗੁਰੂ ਨੂੰ ਪਾਉਣ ਨਾਲ ਹੀ ਧਰਮ ਕਰਮ ਦੀ ਪ੍ਰਾਪਤੀ ਹੁੰਦੀ ਹੈ। ਜੇ ਮਨੁੱਖ ਧਰਮੀ ਬਣੇ ਤਾਂ ਅੰਤ ਜਮ-ਡੰਡ ਨਹੀਂ ਸਹਾਰਨਾ ਪੈਂਦਾ:-

**ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥**

ਜਾ ਕੀ ਸੇਵਾ ਸਿਧ ਸਾਧ
ਮੁਨਿ ਜਨ ਸੁਰਿ ਨਰ ਜਾਚਹਿ,
ਸਬਦ ਸਾਰੁ ਏਕ ਲਿਵ ਲਾਈ ਹੈ ॥
ਫੁਨਿ ਜਾਨੈ ਕੋ ਤੇਰਾ ਅਪਾਰੁ ਨਿਰਭਉ ਨਿਰੰਕਾਰੁ,
ਅਕਥ ਕਥਨਹਾਰੁ ਤੁਝਹਿ ਬੁਝਾਈ ਹੈ ॥
ਭਰਮ ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ,
ਜਮ ਕੋ ਨ ਡੰਡ ਕਾਲ ਗੁਰਮਤਿ ਧ੍ਯਾਈ ਹੈ ॥
ਮਨ ਪ੍ਰਾਣੀ ਮੁਗਧ ਬੀਚਰੁ ਅਹਿਨਿਸਿ ਜਪੁ,
ਧਰਮ ਕਰਮ ਪੂਰੇ ਸਤਿਗੁਰੁ ਪਾਈ ਹੈ ॥

[ਪੰਨਾ ੧੩੯੮

# ਸਤਿਗੁਰੂ ਦੀ ਲੋੜ

ਜੀਵਨ ਸਿਖਿਆ ਪ੍ਰਾਪਤ ਕਰਨ ਲਈ ਸਤਿਗੁਰੂ ਦੀ ਲੋੜ ਹੈ ਕਿਉਂਕਿ ਗੁਰੂ ਰਬੀ-ਗਿਆਨ ਦਾ ਸੋਮਾ ਹੈ। ਵੇਖਣ ਵਿਚ ਆਉਂਦਾ ਹੈ ਕਿ ਆਮ ਲੋਕਾਂ ਨੂੰ ਗੁਰਮਤਿ ਪ੍ਰਾਪਤ ਕਰਨ ਦਾ ਘਟ ਹੀ ਚਾਉ ਹੁੰਦਾ ਹੈ, ਓਹ ਤਾਂ ਚੰਗੇ ਚੋਖੇ ਪਦਾਰਥ ਖਾਣ ਦੀ ਲਾਲਸਾ ਹਿਤ ਮਨ ਭਾਉਂਦਾ ਗੁਰੂ ਧਾਰਨ ਕਰ ਲੈਂਦੇ ਹਨ। ਸਿਆਸੀ ਬੁਧੀ ਜੀਵੀ ਵੋਟਾਂ ਲੈਣ ਦੀ ਖਾਤਰ ਵਕਤ ਦੀ ਨਜ਼ਾਕਤ ਅਨੁਸਾਰ ਕਿਸੇ ਵਿਅਕਤੀ ਨੂੰ ਅਖਾਉਤੀ ਗੁਰੂ ਬਣਾ ਲੈਂਦੇ ਹਨ ਤੇ ਸੁਆਰਥ ਪੂਰਾ ਹੋਣ ਤੇ ਗੁਰੂ ਬਦਲ ਵੀ ਦਿੰਦੇ ਹਨ। ਕਈਆਂ ਦਾ ਪੇਸ਼ਾ ਹੀ ਮੰਗ ਕੇ ਆਪ ਖਾਣਾ ਤੇ ਗੁਰੂ ਨੂੰ ਖਵਾਉਣਾ ਹੈ। ਕਈ ਭੋਲੇ ਭਾਲੇ ਲੋਕ ਮੁਕਤੀ ਖ਼ਾਤਰ ਗੁਰੂ ਧਾਰਨ ਕਰਦੇ ਹਨ। ਗਲ ਕੀ ਆਮ ਲੋਕਾਂ ਨੂੰ ਨਾਂ ਸੱਚੇ ਗੁਰੂ ਦੀ ਲੋੜ ਹੈ, ਨਾ ਪਛਾਣ ਹੈ ਨਾ ਗੁਰੂ ਤੇ ਪ੍ਰਤੀਤ ਹੈ। ਜੇ ਮਨੁੱਖ ਦੇ ਆਤਮੇ ਨੂੰ ਆਪਣੇ ਪਰਮ ਆਤਮੇ ਦੀ ਪ੍ਰਤੀਤ ਹੋ ਜਾਵੇ ਤਾਂ ਹਿਰਦੇ ਵਿਚੋਂ ਹੀ ਗਿਆਨ ਪ੍ਰਗਟ ਹੋ ਜਾਂਦਾ ਹੈ।

ਗੁਰੂ ਸਰੀਰ ਨਹੀਂ ਹੈ। ਸਰੀਰ ਹਰ ਵੇਲੇ ਹਰ ਥਾਂ ਤੇ ਹਾਜ਼ਰ ਨਹੀਂ ਹੋ ਸਕਦਾ। ਸ਼ਬਦ ਅਥਵਾ ਬਾਣੀ ਰੂਪ ਗੁਰੂ ਦੀ ਸੰਗਤਿ ਹਰ ਵੇਲੇ ਹੋ ਸਕਦੀ ਹੈ- "ਗੁਰੁ ਮੇਰੈ ਸੰਗਿ ਸਦਾ ਹੈ

ਨਾਲੇ" ਸਤਿਗੁਰੂ ਹਰ ਵੇਲੇ ਆਪਣੇ ਸਿੱਖ ਦੀ ਸਾਰ ਸਮ੍ਹਾਲਦਾ ਤੇ ਉਸ ਨੂੰ ਪਾਲਦਾ ਹੈ।

ਸਤਿਗੁਰੂ ਸਰੀਰ ਨਹੀਂ, ਗਿਆਨ ਹੈ। ਇਸ ਸਿਧਾਂਤ ਤੇ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਾਵਨ ਬਚਨਾ ਦੁਆਰਾ ਇਉਂ ਛਾਪ ਲਾਉਂਦੇ ਹਨ:-

**ਗਿਆਨ ਗੁਰੂ, ਆਤਮ ਉਪਦੇਸਹੁ,**
**ਨਾਮੁ ਬਿਭੂਤਿ ਲਗਾਓ ॥ [ਸ਼ਬਦ ਹਜ਼ਾਰੇ ਪਾ: ੧੦**

ਸੰਸਾਰ ਦਾ ਹਰੇਕ ਕੰਮ ਨੇਪਰੇ ਚਾੜ੍ਹਨ ਲਈ ਆਪਣੇ ਨਾਲੋਂ ਸਿਆਣੇ ਪਾਸੋਂ ਸਿਖਿਆ ਲੈਣੀ ਪੈਂਦੀ ਹੈ। ਹਰ ਇਨਸਾਨ ਨੂੰ ਗੁਣਾਂ ਦਾ ਗਿਆਨ ਹਾਸਲ ਕਰਨ ਲਈ ਕਿਸੇ ਨਾ ਕਿਸੇ ਸਕੂਲ ਵਿਚ ਦਾਖਲ ਹੋਣਾ ਪੈਂਦਾ ਹੈ, ਜਿਥੇ ਉਸ ਨੂੰ ਵਿਦਿਆ-ਦਾਤਾ ਸੰਸਾਰਕ ਤੇ ਵਿਵਹਾਰਕ ਵਿਦਿਆ ਚੋਂ ਨਿਪੁੰਨ ਕਰਨ ਹਿਤ ਲੋੜੀਂਦਾ ਗਿਆਨ ਪਰਦਾਨ ਕਰਦਾ ਹੈ।

ਜਿਵੇਂ ਪਿਆਸੇ ਨੂੰ ਪਾਣੀ ਦੀ, ਭੁੱਖੇ ਨੂੰ ਭੋਜਨ ਦੀ ਅਤੇ ਨੰਗੇ ਨੂੰ ਕਪੜੇ ਦੀ ਲੋੜ ਮਹਿਸੂਸ ਹੁੰਦੀ ਹੈ ਤਿਵੇਂ ਧਾਰਮਿਕ ਖੇਤਰ ਵਿਚ ਜਗਿਆਸੂ ਅਜਿਹਾ ਗੁਰੂ ਲੋੜਦਾ ਹੈ ਜਿਹੜਾ ਉਸ ਨੂੰ ਜੀਵਨ ਦੀ ਸੁਚੱਜੀ ਅਗਵਾਈ ਦੇ ਕੇ ਉਸਦਾ ਜੀਵਨ-ਬੇੜਾ ਪਾਰ ਕਰ ਸਕੇ।

'ਗੁਰੂ' ਪਦ ਸੰਸਕ੍ਰਿਤ ਦਾ ਹੈ ਜਿਸ ਦੇ ਅਰਥ ਹਨ ਅੰਧੇਰੇ ਵਿਚ ਪ੍ਰਕਾਸ਼ ਕਰਨ ਵਾਲਾ:-

**ਓ-ਅੰਧਕਾਰ ਮਹਿ ਗੁਰਮੰਤ੍ਰ ਉਜਾਰਾ ॥**

**ਗੁਰ ਕੈ ਸੰਗਿ ਸਗਲ ਨਿਸਤਾਰਾ॥[ਪੰਨਾ ੮੬੪-੫**

**ਅ-ਸਤਿਗੁਰ ਸਬਦਿ ਉਜਾਰੋ ਦੀਪਾ ॥**

**ਬਿਨਸਿਓ ਅੰਧਕਾਰ ਤਿਹ ਮੰਦਰਿ ,**

**ਰਤਨ ਕੋਠੜੀ ਖੁਲ੍ਹੀ ਅਨੂਪਾ ॥ [ਪੰਨਾ ੮੨੧**

ਸੰਸਾਰ ਵਿਚ ਇਕ ਅਖਾਣ ਪ੍ਰਸਿਧ ਹੈ:-

**ਗੁਰੂ ਬਿਨਾ ਗਤਿ ਨਹੀ॥ ਸ਼ਾਹ ਬਿਨਾ ਪਤਿ ਨਹੀ॥**

ਮਨੁੱਖ ਭਾਵੇਂ ਕਿਤਨਾ ਹੀ ਵਿਦਵਾਨ ਤੇ ਧਨਵਾਨ ਹੋਵੇ, ਉਸ ਨੂੰ 'ਗੁਰੂ' ਤੇ 'ਸ਼ਾਹ' ਦੀ ਲੋੜ ਪੈਂਦੀ ਹੈ। ਜਿਵੇਂ ਸ਼ਾਹ ਤੋਂ ਬਿਨਾ ਜਗਤ ਦਾ ਵਿਉਹਾਰ ਨਹੀਂ ਚਲ ਸਕਦਾ, ਤਿਵੇਂ ਗੁਰੂ ਤੋਂ ਬਿਨਾ ਜਗਿਆਸੂ ਨੂੰ ਮੁਕਤੀ ਦਾ ਦੁਆਰ ਨਹੀਂ ਮਿਲ ਸਕਦਾ। ਆਤਮਿਕ ਗਿਆਨ ਅਤੇ ਮਨ ਦੀ ਸ਼ਾਤੀ ਪ੍ਰਾਪਤ ਕਰਨ ਲਈ ਰਬੀ-ਦਰਗਾਹ ਵਿਚ ਪਤਿ ਨਾਲ ਜਾਣ ਲਈ ਸਚੇ ਗੁਰੂ ਦੀ ਡਾਢੀ ਲੋੜ ਹੈ। ਗੁਰੂ ਕਾਬਲ ਤੇ ਕਾਮਲ ਹੋਣਾ ਚਾਹੀਦਾ ਹੈ ਜਿਹੜਾ ਜਗਿਆਸੂ ਨੂੰ ਨਾਮ-ਸੋਮੇ ਨਾਲ ਜੋੜਨ ਦੇ ਸਮਰਥ ਹੋਵੇ ਅਤੇ ਅਉਖੀ ਘੜੀ ਸਮੇਂ ਜਗਿਆਸੂ ਨੂੰ ਡਿਗਣ ਤੋਂ ਬਚਾਉਣ ਵਾਲਾ ਹੋਵੇ। ਇਸ ਲਈ ਗੁਰਬਾਣੀ ਵਿਚ ਸਾਰੀ ਮਾਨਵਤਾ ਨੂੰ ਇਕ ਆਦੇਸ਼ ਦਿੱਤਾ ਹੈ:-

**ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ ॥**
**ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ ॥**
**ਸੋ ਧਿਆਨ ਧਰਹੁ ਜਿ ਬਹੁਰਿ ਨ ਧਰਨਾ ॥**
**ਐਸੇ ਮਰਹੁ ਜਿ ਬਹੁਰਿ ਨ ਮਰਨਾ ॥ [ਪੰਨਾ ੩੨੭**

'ਗੁਰੂ' ਸ਼ਬਦ 'ਗ੍ਰੀ' ਧਾਤੂ ਤੋਂ ਬਣਿਆ ਹੈ ਜਿਸ ਦੇ ਅਰਥ ਹਨ- ਨਿਗਲਣਾ, ਭਾਵ ਜੋ ਅਗਿਆਨ ਰੂਪੀ ਅੰਧੇਰੇ ਨੂੰ ਨਿਗਲ ਲਵੇ, ਆਪਣੇ ਤਤ ਸਰੂਪ ਵਿਚ ਲੈਅ ਕਰ ਲਵੇ ਅਤੇ ਜਗਿਆਸੂ ਨੂੰ ਬ੍ਰਹਮ ਗਿਆਨ ਦੇਣ ਦੇ ਸਮਰਥ ਹੋਵੇ, ਉਸ ਨੂੰ 'ਗੁਰੂ' ਆਖਿਆ ਜਾਂਦਾ ਹੈ।

ਧਾਰਮਿਕ ਖੇਤਰ ਵਿਚ ਆਮ ਤੌਰ ਤੇ ਗੁਰੂ ਚਾਰ ਪ੍ਰਕਾਰ ਦੇ ਮੰਨੇ ਜਾਂਦੇ ਹਨ:-

**ਪਹਿਲਾ- ਭ੍ਰਿੰਗੀ ਗੁਰੂ-** ਜੋ ਆਪਣੇ ਮਨ ਮੇਲੀ ਉਤੇ ਆਪਣਾ ਪ੍ਰਭਾਵ ਪਾ ਸਕਦਾ ਹੈ ਪਰ ਹਰੇਕ ਪ੍ਰਾਣੀ ਨੂੰ ਆਪਣੇ ਨਾਲ ਜੋੜਨ ਤੋਂ ਅਸਮਰਥ ਹੁੰਦਾ ਹੈ। ਜਿਵੇਂ ਭ੍ਰਿੰਗੀ ਆਪਣੇ ਵਰਗੇ ਇਕ ਖ਼ਾਸ ਕੀੜੇ ਨੂੰ ਆਪਣੇ ਜਿਹਾ ਕਰ ਸਕਦੀ ਹੈ ਪਰ ਹਰੇਕ ਨੂੰ ਆਪਣੇ ਵਰਗਾ ਨਹੀਂ ਕਰ ਸਕਦੀ।

**ਦੂਜਾ- ਪਾਰਸ ਗੁਰੂ-** ਜੋ ਕਿਸੇ ਨੂੰ ਆਪਣੀ ਸਿਖਿਆ ਦੁਆਰਾ ਉਚੀ ਅਵਸਥਾ ਪਰਦਾਨ ਕਰ ਸਕਦਾ ਹੈ ਪਰ ਆਪਣੇ ਵਰਗਾ ਨਹੀਂ ਬਣਾ ਸਕਦਾ। ਜਿਵੇਂ ਪਾਰਸ ਲੋਹੇ ਨੂੰ ਤਾਂ ਸੋਨਾ ਬਣਾ ਸਕਦਾ ਹੈ, ਪਰ ਪਾਰਸ ਨਹੀਂ ਬਣਾ ਸਕਦਾ।

**ਤੀਜਾ- ਚੰਦਨ ਗੁਰੂ -** ਜੋ ਇਕ ਵਿਸ਼ੇਸ਼ ਰੁੱਤ ਵਿਚ ਆਪਣੇ ਆਸ ਪਾਸ ਰਹਿਣ ਵਾਲਿਆਂ ਨੂੰ ਸੁਗੰਧਤ ਕਰ ਸਕਦਾ ਹੈ ਪਰ ਹਰ ਸਮੇਂ ਬੂਟਿਆਂ ਨੂੰ ਸੁਗੰਧੀ ਵਾਲਾ ਨਹੀਂ ਬਣਾ ਸਕਦਾ ਅਤੇ ਬਾਂਸ ਨੂੰ ਤਾਂ ਕਦੇ ਵੀ ਸੁਗੰਧਤ ਨਹੀਂ ਕਰ ਸਕਦਾ।

**ਚੌਥਾ- ਬ੍ਰਿਹਸਪਤ ਗੁਰੂ-** ਜੋ ਵਿਦਿਆ ਸਿਖਾਂਦਾ ਹੈ ਪਰ ਉਸ ਦਾ

ਇਵਜ਼ਾਨਾ (ਫੀਸ) ਲੈਂਦਾ ਹੈ। ਕਈ ਵਾਰੀ ਅਜਿਹਾ ਹੁੰਦਾ ਹੈ ਕਿ ਉਸ ਤੋਂ ਪੜ੍ਹ ਰਹਿਆ ਵਿਦਿਆਰਥੀ ਆਪਣੀ ਬੁਧੀ ਬਲ ਦੁਆਰਾ ਉਸ ਨਾਲੋਂ ਵੀ ਵਧੇਰੇ ਸੁਘੜ ਤੇ ਸੂਝਵਾਨ ਹੋ ਜਾਂਦਾ ਹੈ।

ਕਲਿਜੁਗ ਵਿੱਚ ਕੱਚੇ ਗੁਰੂ ਆਪਣੇ ਆਪ ਨੂੰ ਕਾਮਲ ਗੁਰੂ ਸਦਾਉਣ ਦੀ ਡੌਂਡੀ ਪਿਟਾਉਂਦੇ ਹਨ ਪਰ ਉਨ੍ਹਾਂ ਦੇ ਪਲੇ ਕੁਝ ਨਹੀਂ ਹੁੰਦਾ। ਇਸ ਲਈ ਗੁਰਦੇਵ ਪਿਤਾ ਜੀ ਨੇ ਗੁਰਸਿੱਖ ਪੁਤਰਾਂ ਨੂੰ ਪਹਿਲਾਂ ਹੀ ਤੱਤ ਗਿਆਨ ਦੀ ਗਲ ਸਮਝਾ ਦਿੱਤੀ ਹੈ:-

**੧- ਕਾਚੇ ਗੁਰ ਤੇ ਮੁਕਤਿ ਨ ਹੂਆ ॥ [ਪੰਨਾ ੯੩੨**

**੨- ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥**
**ਓਇ ਭਾਣੈ ਚਲਨਿ ਆਪਣੈ**
**ਨਿਤ ਝੂਠੋ ਝੂਠੁ ਬੋਲੇਨਿ ॥ [ਪੰਨਾ ੯੫੧**

ਬਸ, *'ਪੀਰ ਪੈਸਾ ਰੰਨ ਗੁਰ, ਜਿਧਰ ਆਖੇ ਉਧਰ ਟੁਰ'* ਦੇ ਪ੍ਰਚਲਤ ਅਖਾਣ ਅਨੁਸਾਰ ਅਜਿਹੇ ਲੋਕ ਹੀ ਗੁਰੂ-ਡੰਮ ਦੇ ਜਾਲ ਵਿਚ ਫਸਦੇ ਫਸਾਂਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਗੁਰੂ ਬਾਰੇ ਹੇਠ ਲਿਖੇ ਬਚਨਾ ਦੁਆਰਾ ਸਪਸ਼ਟ ਕਰ ਦਿੱਤਾ ਹੈ:-

**ੳ- ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥**
**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ [ਪੰਨਾ ੯੪੩**

**ਅ- ਤਤੁ ਨਿਰੰਜਨੁ ਜੋਤਿ ਸਬਾਈ**
**ਸੋਹੰ ਭੇਦੁ ਨ ਕੋਈ ਜੀਉ॥**
**ਅਪਰੰਪਰ ਪਾਰਬ੍ਰਹਮੁ ਪਰਮੇਸਰੁ,**

ਨਾਨਕ ਗੁਰੁ ਮਿਲਿਆ ਸੋਈ ਜੀਉ॥ [ਪੰਨਾ ੫੯੯

ੲ- ਸਾਚੇ ਭਾਵੈ ਤਿਸੁ ਵਡੀਆਏ ॥
ਕਉਨੁ ਸੁ ਦੂਜਾ ਤਿਸੁ ਸਮਝਾਏ ॥
ਹਰਿ ਗੁਰ ਮੂਰਤਿ ਏਕਾ ਵਰਤੈ,
ਨਾਨਕ ਹਰਿ ਗੁਰ ਭਾਇਆ ॥ [ਪੰਨਾ ੧੦੪੩

ਭਾਵ (ਗੁਰੂ) ਨਾਨਕ ਨੂੰ ਕਰਤਾਰ ਗੁਰੂ ਹੀ ਭਾਇਆ ਚੰਗਾ ਲਗਾ ਹੈ।

ਉਪਰੋਕਤ ਪ੍ਰਮਾਣਾਂ ਦੀ ਹੋਂਦ ਦੇ ਬਾਵਜੂਦ ਕਈ ਭੁਲੜ ਲਿਖਾਰੀਆਂ ਨੇ ਵਾਦ-ਵਿਵਾਦ ਖੜਾ ਕਰਨ ਹਿਤ ਮਨਘੜਤ ਸਾਖੀਆਂ ਬਣਾ ਕੇ, ਭਗਤ ਕਬੀਰ ਜੀ, ਸੰਤ ਰੇਣ, ਸਯਦ ਹਸਨ ਜਾਂ ਮੁਰਾਦ ਨੂੰ ਗੁਰੂ ਨਾਨਕ ਦੇਵ ਜੀ ਦਾ ਗੁਰੂ ਦਸਣ ਦਾ ਨਿਰਾਰਥਕ ਜਤਨ ਕੀਤਾ ਹੈ, ਜਿਹਾ ਕਿ ਅਨੰਦ ਘਨ ਸੰਨਿਆਸੀ ਨੇ 'ਜਪੁ' ਬਾਣੀ ਵਿਚ 'ਗੁਰੁ ਈਸਰ ਗੁਰ ਗੋਰਖ ਬਰਮਾ' ਪੰਕਤੀ ਦੇ ਆਧਾਰ ਉਤੇ ਇਹ ਅਨਰਥ ਕੀਤਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਛੇ ਰੂਪ ਦਸੇ ਹਨ:-

੧- ਸ਼ਿਵ ਜੀ ੨- ਵਿਸ਼ਨੂੰ ੩- ਬ੍ਰਹਮਾ
੪- ਪਾਰਬਤੀ ੫- ਲਛਮੀ ੬- ਸਰਸਵਤੀ ।

ਗੁਰਮਤਿ ਤੋਂ ਅਗਿਆਤ ਅਜਿਹੇ ਪੁਰਸ਼ਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕੋਈ ਦੇਹਧਾਰੀ ਗੁਰੂ ਨਹੀਂ ਧਾਰਿਆ। ਉਹ ਤਾਂ "ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥ ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ

ਕਰਿਜਉ॥" ਦਾ ਰੂਪ ਸਨ। ਭਾ. ਗੁਰਦਾਸ ਜੀ ਦੇ ਬਚਨ "ਸਤਿਗੁਰੁ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗਿ ਚਾਨਣ ਹੋਆ" ਇਹ ਸਚਾਈ ਇਸ ਨਿਰਣੈ ਤੇ ਮੋਹਰ ਲਾਉਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਕੋਈ ਸੰਸਾਰੀ ਦੇਹਧਾਰੀ ਗੁਰੂ ਨਹੀਂ ਸੀ।

ਗੁਰੂ ਨਾਨਕ ਦੇਵ ਜੀ ਦਾ ਗੁਰੂ ਨਿਰ-ਆਕਾਰ 'ਸ਼ਬਦ' ਸੀ ਪਰ ਜਿਨ੍ਹਾਂ ਨੂੰ ਗਿਆਨ ਚਖਸ਼ੂ ਨਹੀਂ ਮਿਲੇ ਉਨ੍ਹਾਂ ਦੇ ਭਾਣੇ ਗੁਰੂ ਨਾਨਕ ਦੇਵ ਜੀ ਨੇ ਵੀ ਕੋਈ ਦੇਹਧਾਰੀ ਗੁਰੂ ਧਾਰਨ ਕੀਤਾ ਹੋਵੇਗਾ ਪਰ ਜਿਨ੍ਹਾਂ ਨੂੰ ਬੇਅੰਨ ਅੱਖਾਂ ਮਿਲ ਗਈਆਂ ਉਨ੍ਹਾਂ ਦੀ ਨਿਸ਼ਾ ਹੋ ਗਈ ਹੈ:-

**੧- ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ ॥**
**ਗੁਰ ਕੈ ਸਬਦਿ ਮਨ ਕਉ ਸਮਝਾਵਹਿ॥**
**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ**
**ਇਉ ਆਤਮ ਰਾਮੈ ਲੀਨਾ ਹੇ॥੧੪॥[ਪੰਨਾ ੧੦੨੮**

**੨- ਸਬਦੁ ਗੁਰ ਪੀਰਾ ਗਹਿਰ ਗੰਭੀਰਾ**
**ਬਿਨੁ ਸਬਦੈ ਜਗੁ ਬਉਰਾਨੰ ॥ [ਸੋਰਠਿ ਮਹਲਾ ੧**

**੩- ਹਰਿ ਜੀਉ ਸਬਦਿ ਪਛਾਣੀਐ,**
**ਸਾਚਿ ਰਤੇ ਗੁਰ ਵਾਕਿ ॥ [ਪੰਨਾ ੫੫**

**੪- ਸਾਚੇ ਗੁਰ ਕੀ ਸਾਚੀ ਸੀਖ ॥**
**ਤਨੁ ਮਨੁ ਸੀਤਲੁ ਸਾਚੁ ਪਰੀਖੁ ॥**
**ਜਲ ਪੁਰਾਇਨਿ ਰਸ ਕਮਲ ਸਰੀਖ ॥**
**ਸਬਦਿ ਰਤੇ ਮੀਠੇ ਰਸ ਈਖ ॥ [ਪੰਨਾ ੧੫੨**

ਜਿਵੇਂ ਸੰਸਾਰ ਵਿੱਚ ਅਨੇਕ ਪ੍ਰਕਾਰ ਦੇ ਕੰਮ ਹਨ ਅਤੇ ਉਨ੍ਹਾਂ ਚੋਂ ਨਿਪੁੰਨਤਾ ਪ੍ਰਾਪਤ ਕਰਨ ਲਈ ਕਿਸੇ ਉਸਤਾਦ, ਸਿਖਿਆ ਦਾਤੇ ਦੀ ਲੋੜ ਮਹਿਸੂਸ ਹੁੰਦੀ ਹੈ ਤਿਵੇਂ ਈਸ਼ਵਰੀ ਗਿਆਨ ਪ੍ਰਾਪਤ ਕਰਨ ਲਈ ਗੁਰੂ ਦੀ ਛਤਰ-ਛਾਇਆ ਤੋਂ ਬਿਨਾ ਅਧਿਆਤਮਕ ਖੇਤਰ ਵਿੱਚ ਆਤਮਿਕ-ਅਨੰਦ ਦੀ ਪ੍ਰਾਪਤੀ ਹੋਣੀ ਸੰਭਵ ਨਹੀਂ। ਇਸ ਬਾਰੇ ਗੁਰਬਾਣੀ ਚੋਂ ਇਉਂ ਅਗਵਾਈ ਮਿਲਦੀ ਹੈ:-

**ੳ- ਮਾਈ ਗੁਰ ਬਿਨੁ ਗਿਆਨੁ ਨ ਪਾਈਐ ॥**
**ਅਨਿਕ ਪ੍ਰਕਾਰ ਫਿਰਤ ਬਿਲਲਾਤੇ,**
**ਮਿਲਤ ਨਹੀ ਗੋਸਾਈਐ ॥** [ਪੰਨਾ ੫੩੨

**ਅ- ਭਾਈ ਰੇ! ਗੁਰ ਬਿਨੁ ਗਿਆਨੁ ਨ ਹੋਇ ॥**
**ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥**[ਪੰ. ੫੭

**ੲ- ਗੁਰੁ ਜਹਾਜੁ ਖੇਵਟੁ ਗੁਰੂ,**
**ਗੁਰ ਬਿਨੁ ਤਰਿਆ ਨ ਕੋਇ॥**
**ਗੁਰ ਪ੍ਰਸਾਦਿ ਪ੍ਰਭੁ ਪਾਈਐ,**
**ਗੁਰ ਬਿਨੁ ਮੁਕਤਿ ਨ ਹੋਇ ॥**... [ਪੰਨਾ ੧੪੦੧

ਪੁਰਾਤਨ ਮਾਨਵੀ ਇਤਿਹਾਸ ਵਲ ਨਜ਼ਰ ਮਾਰੀਏ ਤਾਂ ਗੁਰੂ ਦੀ ਲੋੜ ਵਾਲਾ ਤੱਥ ਸਪਸ਼ਟ ਰੂਪ ਵਿੱਚ ਇਉਂ ਉਜਾਗਰ ਹੁੰਦਾ ਹੈ। ਬ੍ਰਹਮ-ਗਿਆਨ ਦੀ ਪ੍ਰਾਪਤੀ ਲਈ ਵੱਡੇ ਵੱਡੇ ਅਵਤਾਰਾਂ ਨੇ ਵੀ ਗੁਰੂ ਧਾਰਨ ਕੀਤਾ ਜਿਵੇਂ ਸ੍ਰੀ ਕ੍ਰਿਸ਼ਨ ਜੀ ਨੇ ਸੰਦੀਪਨ ਨੂੰ, ਸ੍ਰੀ ਰਾਮ ਚੰਦਰ ਜੀ ਨੇ ਵਸ਼ਿਸ਼ਟ ਜੀ ਨੂੰ ਅਤੇ ਨਾਰਦ ਜੀ ਨੇ ਕਾਲੂ ਝੀਵਰ ਨੂੰ। ਗੁਰੂ,ਮਨੁੱਖ ਨਹੀਂ, ਸਰੀਰ ਨਹੀਂ, ਗੁਰੂ ਤਾਂ ਗਿਆਨ ਰੂਪੀ

ਮਹਾਨ ਚਾਨਣ ਹੈ ਜੋ ਜੋਤਿ ਰੂਪ ਵਿੱਚ ਹਰ ਥਾਂ ਵਿਆਪਕ ਹੈ:-

**ਆਦਿ ਅੰਤ ਏਕੈ ਅਵਤਾਰਾ ॥**
**ਸੋਈ ਗੁਰੂ ਸਮਝਯੋ ਹਮਾਰਾ ॥** [ਪਾ: ੧੦

ਭਰਮ ਤੇ ਅਗਿਆਨਤਾ ਦਾ ਨਾਸ਼ ਕਰਨ ਲਈ ਗੁਰਮਤਿ ਦਾ ਪ੍ਰਕਾਸ਼ ਪ੍ਰਾਪਤ ਕਰਨ ਲਈ ਗੁਰੂ ਦੀ ਲੋੜ ਹੈ ਕਿਉਂਕਿ ਗੁਰੂ ਆਤਮਿਕ ਸ਼ਾਂਤੀ ਦਾ ਦਾਤਾ ਹੈ, ਅਗਮ ਗਿਆਨ ਦਾ ਬਿਖਿਆਤਾ ਅਤੇ ਨਾਮ-ਸਿਮਰਨ ਦਾ ਨਿਰਮਾਤਾ ਹੈ। ਸੋਰਠਿ ਰਾਗ ਵਿੱਚ ਗੁਰੂ ਬਾਬਾ ਜੀ ਨੇ ਸਤਿਗੁਰ ਦੀ ਮਹਿਮਾ ਕਰਦਿਆਂ ਇਹ ਸਿਧਾਂਤ ਅੰਤਮ ਰੂਪ ਵਿੱਚ ਵਰਨਣ ਕਰ ਦਿੱਤਾ ਹੈ:-

**ਜਨਮ ਮਰਨ ਕਉ ਇਹੁ ਜਗੁ ਬਪੜੋ,**
**ਇਨਿ ਦੂਜੈ ਭਗਤਿ ਵਿਸਾਰੀ ਜੀਉ ॥**
**ਸਤਿਗੁਰੁ ਮਿਲੈ ਤ ਗੁਰਮਤਿ ਪਾਈਐ,**
**ਸਾਕਤ ਬਾਜੀ ਹਾਰੀ ਜੀਉ ॥੩॥**
**ਸਤਿਗੁਰ ਬੰਧਨ ਤੋੜਿ ਨਿਰਾਰੇ,**
**ਬਹੁੜਿ ਨ ਗਰਭ ਮਝਾਰੀ ਜੀਉ ॥**
**ਨਾਨਕ ਗਿਆਨ ਰਤਨੁ ਪਰਗਾਸਿਆ,**
**ਹਰਿ ਮਨਿ ਵਸਿਆ ਨਿਰੰਕਾਰੀ ਜੀਉ॥**[ਪੰਨਾ ੫੯੮

*

# ਸੱਚੇ ਗੁਰੂ ਦੀ ਪਛਾਣ

ਸੰਸਾਰ ਵਿਚ ਮਨੁੱਖੀ-ਯਾਤਰਾ ਸੰਪੂਰਨ ਕਰਨ ਦੇ ਦੋ ਮਾਰਗ ਪ੍ਰਚਲਤ ਹਨ- ਇਕ ਆਰਥਿਕ ਅਤੇ ਦੂਜਾ ਪਰਮਾਰਥਕ। ਜਿਵੇਂ ਹਰ ਪ੍ਰਕਾਰ ਦੀ ਦੁਨਿਆਵੀ ਵਿਦਿਆ ਵਿਵਹਾਰਕ ਜਾਂ ਸੰਸਾਰਕ ਗੁਰੂ ਪਾਸੋਂ ਸਿਖਣੀ ਪੈਂਦੀ ਹੈ ਤਿਵੇਂ ਧਾਰਮਿਕ ਸਿਖਿਆ ਸੱਚੇ ਗੁਰੂ ਤੋਂ ਬਿਨਾਂ ਪੱਲੇ ਨਹੀਂ ਪੈਂਦੀ। ਗੁਰੂ ਧਾਰਨ ਕਰਨ ਤੋਂ ਪਹਿਲਾਂ ਕਈ ਵਿਸ਼ੇਸ਼ ਗੱਲਾਂ ਨੂੰ ਮੁਖ ਰਖਣਾ ਪੈਂਦਾ ਹੈ। ਜਿਵੇਂ ਇਕ ਬੱਚੇ ਦੇ ਮਾਤਾ ਪਿਤਾ ਆਪਣੇ ਬੱਚੇ ਦੇ ਭਵਿਖਤ ਨੂੰ ਚੰਗਾ ਬਨਾਉਣ ਲਈ ਅਜਿਹਾ ਵਿਦਿਆਲਾ ਜਾਂ ਕਾਲਿਜ ਚੁਣਦੇ ਹਨ ਜਿਸ ਬਾਰੇ ਉਨ੍ਹਾਂ ਨੂੰ ਇਨ੍ਹਾਂ ਗੱਲਾਂ ਦਾ ਵਿਸ਼ਵਾਸ਼ ਹੁੰਦਾ ਹੈ ਕਿ ਉਥੋਂ ਦੀ ਪੜ੍ਹਾਈ ਬੜੀ ਸੁੰਦਰ ਹੈ, ਪ੍ਰੋਫੈਸਰ ਬੜੀ ਯੋਗਤਾ ਵਾਲੇ ਹਨ, ਹੋਸਟਲ ਦਾ ਪ੍ਰਬੰਧ ਭਰੋਸੇ ਯੋਗ ਹੈ, ਬੱਚੇ ਦਾ ਆਚਰਨ ਸੁਰੱਖਿਅਤ ਰਹਿ ਸਕਦਾ ਹੈ ਅਤੇ ਪ੍ਰਬੰਧਕਾਂ ਦਾ ਜਨਤਾ ਨਾਲ ਮਿਲਵਰਤਣ ਸ਼ਲਾਘਾ ਯੋਗ ਹੈ, ਆਦਿ ਆਦਿ, ਤਿਵੇਂ ਆਤਮਿਕ ਵਿਦਿਆਰਥੀ ਵੀ ਗੁਰੂ ਧਾਰਨ ਕਰਨ ਤੋਂ ਪਹਿਲਾਂ ਅਜਿਹੇ ਧਾਰਮਿਕ ਵਿਦਿਆਲੇ ਦੀ ਚੋਣ ਕਰਦਾ ਹੈ ਜਿਹੜਾ ਕਿ ਧਾਰਮਿਕ ਨਿਯਮਾਂ ਦੀ ਕਸਵੱਟੀ ਤੇ ਪੂਰਾ ਉਤਰਦਾ ਹੋਵੇ। ਸਭ ਤੋਂ ਪਹਿਲਾਂ ਧਾਰਮਿਕ ਜਗਿਆਸੂ ਇਹਨਾਂ ਗੱਲਾਂ ਦੀ ਤਸਦੀਕ ਕਰਦਾ ਹੈ ਕਿ ਕੀ ਜਿਸ ਗੁਰੂ ਦਾ ਪੱਲਾ ਉਹ ਪਕੜਨ ਲੱਗਿਆ ਹੈ, ਸੱਚਾ ਹੈ? ਪੂਰਨ ਹੈ? ਸਰਬ

ਸ਼ਕਤੀਮਾਨ ਹੈ? ਮੁਕਤੀ ਦਾਤਾ ਹੈ? ਸਤਿਪੁਰਖ ਨੂੰ ਜਾਨਣ ਵਾਲਾ ਹੈ? ਇਨ੍ਹਾਂ ਸਾਰੀਆਂ ਗੱਲਾਂ ਨੂੰ ਦ੍ਰਿਸ਼ਟੀਗੋਚਰ ਕਰਕੇ ਫਿਰ ਆਪਣੇ ਮਨ ਅੰਦਰ ਇਕ ਪੱਕਾ ਵਿਸ਼ਵਾਸ਼ ਟਿਕਾਂਦਾ ਹੈ ਅਤੇ ਫਿਰ ਆਪਣਾ ਸਿਰ ਅਜਿਹੇ ਗੁਰੂ ਦੇ ਚਰਨਾਂ ਵਿਚ ਨਿਵਾ ਦਿੰਦਾ ਹੈ।

ਹਰੇਕ ਕੰਮ, ਭਾਵੇਂ ਆਰਥਿਕ ਹੋਵੇ ਜਾਂ ਪਰਮਾਰਥਕ, ਉਸ ਨੂੰ ਕਰਨ ਤੋਂ ਪਹਿਲਾਂ ਉਸਦੇ ਵਰਤਮਾਨ ਅਤੇ ਭਵਿੱਖਤ ਫਲ ਬਾਰੇ ਸੋਚਣਾ ਜ਼ਰੂਰੀ ਹੁੰਦਾ ਹੈ। ਕਈ ਆਖਦੇ ਹਨ ਕਿ ਧਾਰਮਿਕ ਕੰਮਾਂ ਵਿਚ ਸੋਚਣ ਦੀ ਕੋਈ ਲੋੜ ਨਹੀਂ, ਵਿਸ਼ਵਾਸ਼ ਨਾਲ ਬੇੜਾ ਪਾਰ ਹੁੰਦਾ ਹੈ। ਉਨ੍ਹਾਂ ਦਾ ਅੰਧ-ਵਿਸ਼ਵਾਸ਼ ਵਾਲਾ ਇਹ ਵਿਚਾਰ ਗੁਰਮਤਿ ਆਸ਼ੇ ਦੇ ਪ੍ਰਤਿਕੂਲ ਹੈ। ਧਾਰਮਿਕ ਲੀਹਾਂ ਤੇ ਚਲਣ ਵਾਲਾ ਜਗਿਆਸੂ ਹਰੇਕ ਕੰਮ ਗੁਰੂ ਦੇ ਹੁਕਮ ਅੰਦਰ ਪੂਰਨ ਪਰਤੀਤ ਦੀ ਸੀਮਾਂ ਵਿਚ ਰਹਿ ਕੇ ਕਰਦਾ ਹੈ ਅਤੇ ਅਜਿਹਾ ਵਿਸ਼ਵਾਸ਼ ਫਲੀਭੂਤ ਹੁੰਦਾ ਹੈ। ਇਸ ਸੰਦਰਭ ਵਿਚ ਗੁਰੂ ਜੀ ਸਾਨੂੰ ਸੁਚੇਤ ਕਰਦੇ ਹਨ ਕਿ ਵਪਾਰ ਕਰਨ ਤੋਂ ਪਹਿਲਾਂ ਵਸਤੂ ਦੀ ਪਛਾਣ ਕਰਨੀ ਚਾਹੀਦੀ ਹੈ, ਤਾਂ ਜੋ ਪਿਛੋਂ ਪਛਤਾਵਾ ਨਾ ਕਰਨਾ ਪਵੇ:-

**੧- ਸੁਣਿ ਮੁੰਧੇ ਹਰਣਾਖੀਏ! ਗੂੜਾ ਵੈਣੁ ਅਪਾਰੁ ॥**
**ਪਹਿਲਾ ਵਸਤੁ ਸਿਞਾਣ ਕੈ, ਤਾਂ ਕੀਚੈ ਵਾਪਾਰੁ ॥**
**[ਪੰਨਾ ੧੪੧੦**

**੨- ਐਸਾ ਕੰਮੁ ਮੂਲੇ ਨਾ ਕੀਚੈ,**
**ਜਿਤੁ ਅੰਤਿ ਪਛੋਤਾਈਐ ॥ [ਪੰਨਾ ੯੧੮**

ਧਰਮ ਦੇ ਮਾਰਗ ਵਿੱਚ ਪੂਰਨ ਸਫਲਤਾ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇਕਰ ਪਹਿਲਾਂ ਨਾਮ ਰੂਪੀ ਵਖਰ ਦੇਣ ਵਾਲੇ ਸ਼ਾਹ-ਗੁਰੂ ਦੀ ਪਛਾਣ ਹੋਵੇ। ਦੁਨੀਆਂ ਦੇ ਵਪਾਰ ਵਿੱਚ ਘਾਟੇ ਵਾਧੇ ਹਨ ਪਰ ਨਾਮ ਦੇ ਵਪਾਰ ਵਿੱਚ ਭਾਵੇਂ ਅਨੇਕ ਪ੍ਰਕਾਰ ਦੇ ਉਤਰਾਅ ਚੜ੍ਹਾਅ ਆਉਂਦੇ ਹਨ, ਘਾਟਾ ਕੋਈ ਨਹੀਂ, ਵਾਧਾ ਹੀ ਵਾਧਾ ਹੁੰਦਾ ਹੈ। ਹਾਂ, ਨਾਮ-ਸਿਮਰਨ ਤੋਂ ਬਿਨਾਂ ਸੁਆਸਾਂ ਰੂਪੀ ਪੂੰਜੀ ਨੂੰ ਵਿਅਰਥ ਗੁਆਉਣਾ ਘਾਟੇ ਦੀ ਨਿਸ਼ਾਨੀ ਹੈ। ਨਾਮ ਰੂਪੀ ਵਸਤੂ ਜੋ ਅਤਿ ਸੁੰਦਰ ਤੇ ਅਦ੍ਰਿਸ਼ਟ ਹੈ, ਦੀ ਲਖਤਾ ਕੇਵਲ ਸੱਚਾ ਗੁਰੂ ਹੀ ਕਰਵਾ ਸਕਦਾ ਹੈ। ਗੁਰਵਾਕ ਹਨ:-

**ਵਸਤੁ ਅਨੂਪ ਅਤਿ ਅਗਮ ਅਗੋਚਰ,**
**ਗੁਰੁ ਪੂਰਾ ਅਲਖੁ ਲਖਾਏ ॥** [ਪੰਨਾ ੮੦੮

ਦੁਨਿਆਵੀ ਵਸਤਾਂ ਬਾਹਰ ਖੁਲ੍ਹੀਆਂ ਪਈਆਂ ਹਨ, ਢੇਰਾਂ ਦੇ ਢੇਰ ਲਗੇ ਹੋਏ ਹਨ, ਇਹ ਚੀਜਾਂ ਮਾਇਆ ਨਾਲ ਖਰੀਦੀਆਂ ਜਾ ਸਕਦੀਆਂ ਹਨ ਪਰ ਨਾਮ ਇਕ ਅਦਿੱਖ ਵਸਤੂ ਹੈ ਜਿਹੜੀ ਕਿ ਇਹਨਾਂ ਸਥੂਲ ਅੱਖੜੀਆਂ ਨਾਲ ਨਹੀਂ ਦਿਸਦੀ। ਸਥੂਲ ਅੱਖਾਂ ਬਾਹਰ ਦੇ ਪਦਾਰਥ ਦੇਖਣ ਨੂੰ ਸਮਰਥ ਹਨ ਪਰ ਵਿਸਮਾਦੀ ਵਾਹਿਗੁਰੂ ਜੀ ਦੇ ਦਰਸ਼ਨ ਬਿਅੰਨ ਅੱਖਾਂ ਨਾਲ ਹੁੰਦੇ ਹਨ:-

**ਲੋਇਣ ਲੋਈ ਡਿਠ, ਪਿਆਸ ਨ ਬੁਝੈ ਮੂ ਘਣੀ ॥**
**ਨਾਨਕ, ਸੇ ਅਖੜੀਆ ਬਿਅੰਨਿ,**
**ਜਿਨੀ ਡਿਸੰਦੋ ਮਾ ਪਿਰੀ ॥ ੧ ॥** [ਪੰਨਾ ੫੭੭

ਅਕਾਲ ਪੁਰਖ ਜੀ ਨੇ ਨਾਮ ਦਾ ਸੱਚਾ ਭੰਡਾਰ ਗੁਰੂ

ਸਾਹਿਬ ਨੂੰ ਵੰਡਣ ਲਈ ਸੌਂਪਿਆ ਹੈ। ਜਿਸ ਉਤੇ ਗੁਰਦੇਵ ਜੀ ਤੁਠ ਪੈਣ ਉਸ ਉਤੇ ਮਿਹਰ ਦੀ ਨਜ਼ਰ ਕਰਕੇ ਨਾਮ ਨਾਲ ਨਿਹਾਲ ਕਰ ਦਿੰਦੇ ਹਨ। ਨਾਮ ਦੀ ਦਾਤ ਕੱਚੇ ਗੁਰੂ ਪਾਸੋਂ ਕਦੇ ਵੀ ਨਹੀਂ ਮਿਲ ਸਕਦੀ। ਇਸ ਤਰ੍ਹਾਂ ਜਗਿਆਸੂ ਲਈ ਸੱਚੇ ਗੁਰੂ ਦੀ ਪਛਾਣ ਕਰਨਾ ਸਭ ਤੋਂ ਜ਼ਰੂਰੀ ਕੰਮ ਹੈ।

ਜੱਰਾਹ ਨੂੰ ਫੋੜਿਆਂ ਫਿਨਸੀਆਂ ਦੇ ਚੀਰਨ-ਫਾੜਨ ਦਾ ਗਿਆਨ ਹੁੰਦਾ ਹੈ, ਜੇ ਕੋਈ ਤਪਦਿਕ ਦਾ ਰੋਗੀ ਜਰਾਹ ਪਾਸੋਂ ਦਵਾਈ ਲੈ ਕੇ ਇਹ ਆਸ ਰੱਖੇ ਕਿ ਉਹ ਠੀਕ ਹੋ ਜਾਵੇਗਾ, ਇਹ ਇਕ ਅਣਹੋਣੀ ਜਿਹੀ ਗੱਲ ਹੈ। ਜੱਰਾਹ ਨੂੰ ਤਾਂ ਕੇਵਲ ਜ਼ਖ਼ਮਾਂ ਦੀ ਮਰਮ-ਪੱਟੀ ਦੁਆਰਾ ਆਰੋਗ ਕਰਨ ਦੀ ਜਾਚ ਹੁੰਦੀ ਹੈ, ਉਸ ਨੂੰ ਨਬਜ਼ ਵੇਖਣ ਦਾ ਗਿਆਨ ਨਹੀਂ ਹੁੰਦਾ, ਇਹ ਕੰਮ ਵੈਦ, ਡਾਕਟਰ ਜਾਂ ਹਕੀਮ ਦਾ ਹੁੰਦਾ ਹੈ।

ਇਸੇ ਤਰ੍ਹਾਂ ਮਾਨਸਿਕ ਆਤਮਿਕ ਰੋਗਾਂ ਦੀ ਨਵਿਰਤੀ ਕੱਚੇ ਗੁਰੂਆਂ ਪਾਸੋਂ ਨਹੀਂ ਹੋ ਸਕਦੀ। ਗੁਰੂ ਅਖਵਾਉਣਾ, ਚੇਲੇ ਬਣਾ ਲੈਣਾ ਕੋਈ ਵੱਡੀ ਗੱਲ ਨਹੀਂ ਪਰ ਗੁਰੂ ਵਾਲੀ ਕਰਣੀ ਕਮਾਉਣੀ ਸਭ ਤੋਂ ਔਖੀ ਘਾਲ ਹੈ। ਜਿਵੇਂ ਦਹੀਂ ਖਾਣਾ ਤਾਂ ਸੌਖਾ ਹੈ ਪਰ ਜਮ੍ਹਾਉਣ ਵਾਲੇ ਨੂੰ ਕਿਤਨੀ ਮਿਹਨਤ ਕਰਨੀ ਪੈਂਦੀ ਹੈ। ਜੁਗਤੀ ਤੋਂ ਬਿਨਾਂ ਦੁੱਧ ਜਮਾਉਣਾ ਵੀ ਔਖਾ ਹੈ। ਕਈ ਵਾਰੀ ਜਾਗ ਠੀਕ ਨਹੀਂ ਲਗਦੀ, ਦੁੱਧ ਨੂੰ ਸੇਕ ਠੀਕ ਨਹੀਂ ਦਿੱਤਾ ਜਾਂਦਾ, ਭਾਡਾ ਠੀਕ ਸਾਫ਼ ਨਹੀਂ ਹੁੰਦਾ, ਮੁਟਿਆਰ ਨੂੰ ਨਿਰਾਸ਼ਤਾ ਦਾ ਮੂੰਹ ਵੇਖਣਾ ਪੈਂਦਾ ਹੈ। ਆਓ ਇਕ ਅਲੰਕਾਰਕ ਦ੍ਰਿਸ਼ਟਾਂਤ ਦੁਆਰਾ

ਇਸ ਤੱਤ ਨੂੰ ਸਮਝੀਏ। ਭੰਗਰ ਨਾਥ ਜੋਗੀ ਨੇ ਇਕ ਪ੍ਰਸ਼ਨ ਰਾਹੀਂ ਗੁਰੂ ਨਾਨਕ ਦੇਵ ਜੀ ਮਹਾਰਾਜ ਪਾਸੋਂ ਪੁਛਿਆ ਸੀ ਕਿ ਤੁਸੀਂ ਉਦਾਸੀਆਂ ਵਾਲੇ ਕਪੜੇ ਲਾਹ ਕੇ ਗ੍ਰਿਹਸਤੀਆਂ ਵਾਲੇ ਬਸਤਰ ਕਿਉਂ ਪਹਿਨ ਲਏ ਹਨ? ਤਾਂ ਗੁਰੂ ਮਹਾਰਾਜ ਜੀ ਨੇ ਹੇਠ ਲਿਖਿਆ ਉਤਰ ਦਿੱਤਾ ਸੀ, ਜਿਸ ਨੂੰ ਭਾਈ ਸਾਹਿਬ ਗੁਰਦਾਸ ਜੀ ਨੇ ਇਉਂ ਅੰਕਿਤ ਕੀਤਾ ਹੈ:-

**ਖਾਧੀ ਖੁਣਸਿ ਜੁਗੀਸਰਾ,**
**ਗੋਸਟਿ ਕਰਨਿ ਸਭੇ ਉਠਿ ਆਈ ॥**
**ਪੁਛੇ ਜੋਗੀ ਭੰਗਰ ਨਾਥੁ,**
**ਤੁਹਿ ਦੁਧ ਵਿਚਿ ਕਿਉਂ ਕਾਂਜੀ ਪਾਈ ॥**
**ਫਿਟਿਆ ਚਾਟਾ ਦੁਧ ਦਾ,**
**ਰਿੜਕਿਆ ਮਖਣੁ ਹਥਿ ਨ ਆਈ ॥**
**ਭੇਖੁ ਉਤਾਰਿ ਉਦਾਸ ਦਾ,**
**ਵਤਿ ਕਿਉ ਸੰਸਾਰੀ ਰੀਤਿ ਚਲਾਈ ॥**
**ਨਾਨਕ ਆਖੇ ਭੰਗਰ ਨਾਥੁ,**
**ਤੇਰੀ ਮਾਉ ਕੁਚੱਜੀ ਆਹੀ॥**
**ਭਾਂਡਾ ਧੋਇ ਨਾ ਜਾਤਿਓਨਿ,**
**ਭਾਇ ਕੁਚੱਜੇ ਫੁਲੁ ਸੜਾਈ ॥**
**ਹੋਇ ਅਤੀਤੁ ਗ੍ਰਹਸਤਿ ਤਜਿ,**
**ਫਿਰਿ ਉਨ ਕੇ ਘਰ ਮੰਗਣਿ ਜਾਈ ॥**

**ਬਿਨੁ ਦਿਤੇ ਕਛੁ ਹਥਿ ਨ ਆਈ॥੪੦॥[ਵਾਰ ੧-੪੦**

ਗੁਰੂ ਸਾਹਿਬ ਨੇ ਜਗਿਆਸੂਆਂ ਨੂੰ ਸੂਹੀ ਰਾਗ ਦੇ ਆਰੰਭਕ ਸ਼ਬਦ ਵਿਚ ਨਾਮ ਰੂਪੀ ਦੁੱਧ ਜਮਾਉਣ ਦੀ ਸੁੰਦਰ ਜੁਗਤੀ ਇਉਂ ਦਰਸਾਈ ਹੈ:-

**ਭਾਂਡਾ ਧੋਇ, ਬੈਸਿ ਧੂਪੁ ਦੇਵਹੁ,**
**ਤਉ ਦੂਧੈ ਕਉ ਜਾਵਹੁ ॥**
**ਦੂਧੁ ਕਰਮ ਫੁਨਿ ਸੁਰਤਿ ਸਮਾਇਣੁ,**
**ਹੋਇ ਨਿਰਾਸ ਜਮਾਵਹੁ ॥ ੧ ॥**
**ਜਪਹੁ ਤ ਏਕੋ ਨਾਮਾ,**
**ਅਵਰਿ ਨਿਰਾਫਲ ਕਾਮਾ ॥ ੧ ॥ ਰਹਾਉ ॥**
**ਇਹੁ ਮਨੁ ਈਟੀ ਹਾਥਿ ਕਰਹੁ,**
**ਫੁਨਿ ਨੇਤ੍ਰਉ ਨੀਦ ਨ ਆਵੈ ॥**
**ਰਸਨਾ ਨਾਮੁ ਜਪਹੁ ਤਬ ਮਥੀਐ,**
**ਇਨ ਬਿਧ ਅੰਮ੍ਰਿਤੁ ਪਾਵਹੁ ॥੨॥**
**ਮਨੁ ਸੰਪਟੁ ਜਿਤੁ ਸਤਸਰਿ ਨਾਵਣੁ,**
**ਭਾਵਨ ਪਾਤੀ ਤ੍ਰਿਪਤਿ ਕਰੇ ॥**
**ਪੂਜਾ ਪ੍ਰਾਣ ਸੇਵਕੁ ਜੇ ਸੇਵੇ,**
**ਇਨ੍ ਬਿਧਿ ਸਾਹਿਬੁ ਰਵਤੁ ਰਹੈ ॥੩॥ [ਪੰਨਾ ੭੨੮**

ਹਰ ਚੀਜ਼ ਨੂੰ ਪਛਾਣਨ ਦੀ ਵੱਖੋ ਵੱਖ ਜੁਗਤੀ ਹੈ। ਸੰਸਾਰੀ ਗੁਰੂ ਧਾਰਨ ਦਾ ਇਹ ਮੰਤਵ ਹੁੰਦਾ ਹੈ ਕਿ ਮਨੁੱਖ ਆਪਣੇ ਆਪੇ ਨੂੰ

ਸੰਸਾਰੀ ਕੰਮਾਂ ਦੇ ਯੋਗ ਬਣਾ ਸਕੇ। ਵਿਦਵਾਨਾਂ ਨੇ ਦੁਨਿਆਵੀ ਵਿਦਿਆ ਪ੍ਰਾਪਤੀ ਦੇ ਤਿੰਨ ਢੰਗ ਮੰਨੇ ਹਨ:- (1) ਵਿਦਿਆਲੇ ਜਾਂ ਕਾਲਜ ਵਿਚ ਫੀਸ ਜਾਂ ਚੰਦੇ ਰਾਹੀਂ। (2) ਵਿਦਿਆ ਦੇ ਬਦਲੇ ਵਿਦਿਆ। (3) ਵਿਦਿਆ-ਦਾਤਾ ਦੀ ਸੇਵਾ ਦੁਆਰਾ।

ਅਧਿਆਤਮਿਕਵਾਦ ਦਾ ਮਾਰਗ ਨਿਰਾਲਾ ਹੈ। ਇਸ ਚਾਟਸਾਲ ਵਿਚ ਗੁਰਸਿਖ ਚਾਟੜੇ ਹਨ ਤੇ ਸਤਿਗੁਰੂ ਜੀ ਆਪ ਪਾਂਧਾ ਰੂਪ ਹਨ। ਉਹ ਆਪਣੀ ਸੁਮਤਿ ਬਖਸ਼ ਕੇ ਇਆਣੇ ਬਾਲਕਾਂ ਨੂੰ ਸਿਆਣੇ ਬਣਾ ਦਿੰਦੇ ਹਨ ਉਹ ਜਲ, ਥਲ ਵਿੱਚ ਰਵੇ ਹੋਏ ਪ੍ਰਭੂ ਦਾ ਸਿਮਰਨ ਬਖਸ਼ ਕੇ ਸੁਘੜ ਬਣਾ ਦਿੰਦੇ ਹਨ:-

**ਧੰਨੁ ਧੰਨੁ ਗੁਰੂ, ਗੁਰੁ ਸਤਿਗੁਰੁ ਪਾਧਾ,**
**ਜਿਨਿ ਹਰਿ ਉਪਦੇਸੁ ਦੇ, ਕੀਏ ਸਿਆਣੇ॥[ਪੰਨਾ ੧੬੮**

ਇਸ ਸਕੂਲ ਵਿਚ ਸੈਂਕੜੇ ਰੁਪਏ ਫੀਸ ਵਜੋਂ ਨਹੀਂ ਮੰਗੇ ਜਾਂਦੇ ਅਤੇ ਨਾ ਹੀ ਕੋਈ ਚੰਦੇ ਉਗਰਾਹ ਕੇ ਰਖੇ ਜਾਂਦੇ ਹਨ। ਇਸ ਸਕੂਲ ਦੇ ਨਿਯਮ ਦੁਨਿਆਵੀ ਕਾਲਜਾਂ ਨਾਲੋਂ ਵਖਰੇ ਹਨ ਅਤੇ ਇਸ ਸਕੂਲ ਦਾ ਦਾਖਲਾ ਵੀ ਛੇਤੀ ਛੇਤੀ ਨਹੀਂ ਮਿਲਦਾ। ਵਡਭਾਗੀਆਂ ਨੂੰ ਇਸ ਚਾਟਸਾਲ ਵਿਚ ਬੈਠਣ ਦਾ ਸ਼ੁੱਭ ਅਵਸਰ ਪ੍ਰਾਪਤ ਹੁੰਦਾ ਹੈ। ਇਥੇ ਛੋਟੇ ਵੱਡੇ ਦਾ ਗਰੀਬ ਅਮੀਰ ਦਾ ਕੋਈ ਵਿਤਕਰਾ ਨਹੀਂ ਇਥੇ ਸਰਬ-ਸਾਂਝੀਵਾਲਤਾ ਦਾ ਸਬਕ ਪੜ੍ਹਾਇਆ ਜਾਂਦਾ ਹੈ। ਇਥੋਂ ਦੇ ਦਾਖਲੇ ਦਾ ਹੇਠ ਲਿਖਿਆ ਨਿਯਮ ਹੈ:-

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ,**
**ਹੁਕਮਿ ਮੰਨਿਐ ਪਾਈਐ ॥ [ਪੰਨਾ ੯੧੮**

ਇਹ ਚੀਜਾਂ ਭੇਟਾ ਵਜੋਂ ਗੁਰੂ (ਪਾਂਧਾ) ਜੀ ਦੇ ਅਰਪਨ ਕਰਨੀਆਂ ਪੈਂਦੀਆਂ ਹਨ। ਜਿਹੜੀ ਚੀਜ਼ ਇਕ ਵੇਰ ਭੇਟ ਕਰ ਦਿੱਤੀ ਜਾਏ ਫਿਰ ਉਸ ਨਾਲ ਨਿਜੀ ਦਾ ਕੋਈ ਸੰਬੰਧ ਨਹੀਂ ਰਹਿੰਦਾ। ਜਿਸ ਅੱਗੇ ਮੱਥਾ ਟੇਕ ਦਿੱਤਾ, ਉਹ ਜਿਸ ਤਰ੍ਹਾਂ ਚਾਹੇ ਆਪਣੇ ਹੁਕਮ ਵਿੱਚ ਚਲਾਵੇ। ਇਸ ਲਈ ਅੰਮ੍ਰਿਤ ਛਕਾਉਣ ਸਮੇਂ ਅਭਿਲਾਸ਼ੀ ਪਾਸੋਂ ਇਹ ਪ੍ਰਣ ਲਿਆ ਜਾਂਦਾ ਹੈ ਕਿ 'ਭਾਈ ਅੱਜ ਤੋਂ ਤੇਰਾ ਕੁਝ ਨਹੀਂ, ਸਭ ਕੁਝ ਗੁਰੂ ਦਾ ਹੈ, ਤੁਸੀਂ ਸਾਰੇ ਇਕ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪੁੱਤਰ ਹੋ।'

ਇਕ ਮਾਤਾ ਦੇ ਬੱਚੇ ਹੋ - ਮਾਤਾ ਸਾਹਿਬ ਕੌਰ ਜੀ।

ਇਕ ਸ਼ਹਿਰ ਦੇ ਵਸਨੀਕ ਹੋ - ਅਨੰਦਪੁਰ ਸਾਹਿਬ।

ਇਸ ਪ੍ਰਣ ਦੀ ਕਮਾਈ ਕਰਦਾ ਕਰਦਾ ਸਿੱਖ ਹੁਕਮੀ ਬੰਦਾ ਬਣ ਜਾਂਦਾ ਹੈ। ਫਿਰ ਕਿਸੇ ਭਰਮ ਦੇ ਟੋਏ ਵਿੱਚ ਨਹੀਂ ਡਿਗਦਾ ਜੀਵਨ ਵਿੱਚ ਉਹੀ ਕਾਰ ਕਰਦਾ ਹੈ ਜੋ ਗੁਰੂ ਨੂੰ ਚੰਗੀ ਲਗਦੀ ਹੈ, ਗੁਰੂ ਦੇ ਭਾਣੇ ਨੂੰ ਸਭ ਤੋਂ ਮਿੱਠਾ ਮੰਨਦਾ ਹੈ। ਉਸ ਨੂੰ ਦੁਖ ਸੁਖ ਇਕੋ ਜਿਹੇ ਜਾਪਣ ਲਗ ਪੈਂਦੇ ਹਨ, ਭੁੱਖਾ ਹੁੰਦਾ ਹੋਇਆ ਵੀ ਆਪਣੇ ਆਪ ਨੂੰ ਰੱਜਿਆ ਹੋਇਆ ਪ੍ਰਤੀਤ ਕਰਦਾ ਹੈ। ਗੁਰੂ ਪਿਆਰਿਓ! ਉਹ ਆਪ ਮੁਹਾਰੇ ਧੁਰੋਂ ਆਈ ਬਾਣੀ ਦਾ ਇਉਂ ਗਾਇਨ ਕਰਨ ਲਗ ਜਾਂਦਾ ਹੈ:-

**ਜੇ ਸੁਖੁ ਦੇਹਿ ਤ ਤੁਝਹਿ ਅਰਾਧੀ,**
**ਦੁਖਿ ਭੀ ਤੁਝੈ ਧਿਆਈ ॥੨॥**
**ਜੇ ਭੁਖ ਦੇਹਿ ਤਾ ਇਤ ਹੀ ਰਾਜਾ,**

ਦੂਖ ਵਿਚਿ ਸੂਖ ਮਨਾਈ ॥੩॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ,
ਵਿਚਿ ਅਗਨੀ ਆਪੁ ਜਲਾਈ ॥੪॥
ਪਖਾ ਫੇਰੀ ਪਾਣੀ ਢੋਵਾ,
ਜੋ ਦੇਵਹਿ ਸੁ ਖਾਈ ॥੫॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ,
ਹਰਿ ਮੇਲਿ ਲੈਹੁ ਵਡਿਆਈ ॥੬॥ [ਪੰਨਾ ੭੫੭

ਗੁਰੂ ਦੀ ਪਛਾਣ ਦਾ ਪਤਾ ਅਜਿਹੇ ਬੰਦੇ ਪਾਸੋਂ ਲਗ ਸਕਦਾ ਹੈ ਜਿਸ ਨੇ ਆਪ ਬੜੇ ਜਫ਼ਰ ਜਾਲ ਜਾਲ ਕੇ ਗੁਰੂ ਲੱਧਾ ਹੋਵੇ। ਪੁਛੋ ਭਿਖੇ ਭੱਟ ਕੋਲੋਂ, ਜਿਸ ਨੇ ਗੁਰੂ ਦੀ ਪਛਾਣ ਲਈ ਕਈ ਵਰ੍ਹੇ ਫਿਰ ਫਿਰ ਕੇ ਗੁਜ਼ਾਰ ਦਿੱਤੇ। ਵੱਡੇ ਵੱਡੇ ਸਾਧੂਆਂ, ਸੰਤਾਂ, ਸੰਨਿਆਸੀਆਂ ਤੇ ਤਪੱਸਵੀਆਂ ਕੋਲ ਜਾਂਦਾ ਰਿਹਾ ਪਰ ਦਿਲ ਦਾ ਮਹਿਰਮ ਕੋਈ ਨਾ ਮਿਲਿਆ। ਉਸ ਦੇ ਆਪਣੇ ਕਥਨ ਅਨੁਸਾਰ, ਜਿਤਨਿਆਂ ਸਾਧੂਆਂ ਨੂੰ ਮਿਲਿਆ, ਉਹ ਮੂੰਹ ਦੇ ਮਿੱਠੇ ਸਨ ਪਰ ਤੱਤ ਵਸਤੂ ਤੋਂ ਕੋਰੇ ਸਨ। ਅੰਤ ਹਾਰ ਕੇ ਸ੍ਰੀ ਗੁਰੂ ਅਮਰਦਾਸ ਜੀ (ਪੂਰਨ ਗੁਰੂ) ਦੀ ਸ਼ਰਨੀ ਪਇਆ। ਪੂਰੇ ਗੁਰੂ ਦੀ ਅੰਮ੍ਰਿਤ ਦ੍ਰਿਸ਼ਟਿ ਨਾਲ ਨਿਹਾਲ ਹੋ ਗਿਆ, ਕਪਾਟ ਖੁਲ੍ਹ ਗਏ, ਜੋਤਿ ਦਾ ਪ੍ਰਕਾਸ਼ ਹੋ ਗਿਆ, ਸਾਰੀਆਂ ਭਟਕਣਾਂ ਮੁੱਕ ਗਈਆਂ ਤੇ ਹੁਕਮੀ ਬੰਦਾ ਬਣ ਗਿਆ। ਭਿੱਖਾ ਜੀ ਨੇ ਆਪਣੀ ਹੱਡ-ਬੀਤੀ ਨੂੰ ਆਪਣੀ ਰਚਨਾ ਰਾਹੀਂ ਇਉਂ ਬਿਆਨ ਕੀਤਾ ਹੈ:-

ਰਹਿਓ ਸੰਤ ਹਉ ਟੋਲਿ, ਸਾਧ ਬਹੁਤੇਰੇ ਡਿਠੇ ॥

ਸੰਨਿਆਸੀ ਤਪਸੀਅਹ, ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ, ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ, ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ,
ਤਿਨ੍ ਕੇ ਗੁਣ ਹਉ ਕਿਆ ਕਹਉ॥
ਗੁਰੁ ਦਯਿ ਮਿਲਾਯਉ ਭਿਖਿਆ,
ਜਿਵ ਤੂ ਰਖਹਿ ਤਿਵ ਰਹਉ ॥੨॥੨੦॥

[ਸਵਈਏ ਮਹਲੇ ਤੀਜੇ ਕੇ ੩, ਪੰਨਾ ੧੩੯੫-੯੬

ਗੁਰੂ ਨੂੰ ਲੱਭਣਾ ਹੋਵੇ ਤਾਂ ਬਾਬਾ ਬੁੱਢਾ ਜੀ ਦੇ ਦਰਸ਼ਨ ਕਰੋ। ਪਹਿਲਾਂ ਖੰਡੂਰ ਸਾਹਿਬ ਦੀ ਸੰਗਤ ਤੋਂ ਜੁਗਤੀ ਪੁਛੋ ਕਿ ਕਿਵ੍ਹੇ ਗੁਰੂ ਮਿਲਾਪ ਲਈ ਜੋਦੜੀਆਂ ਕੀਤੀਆਂ ਜਾਂਦੀਆਂ ਹਨ। ਪੁਛੋ ਮੱਖਣ ਸ਼ਾਹ ਲੁਬਾਣੇ ਤੋਂ ਜਿਸ ਦਾ ਡੁਬਦਾ ਹੋਇਆ ਬੇੜਾ ਗੁਰੂ ਸਾਹਿਬ ਨੇ ਸਮੁੰਦਰੋਂ ਕੱਢ ਕੇ ਬੰਨ੍ਹੇ ਲਾ ਦਿੱਤਾ। ਇਤਿਹਾਸ ਦੇ ਪੰਨੇ ਇਸ ਗੱਲ ਦੀ ਸਾਖ ਭਰਦੇ ਹਨ ਕਿ ਬਕਾਲੇ ਵਿਚ ੨੨ ਮੰਜੀਆਂ ਵਾਲੇ ਗੁਰੂ ਆਪਣੀ ਪੂਜਾ ਪ੍ਰਤਿਸ਼ਟਾ ਵਿੱਚ ਖੁਭੇ ਹੋਏ ਸਨ। ਮੱਖਣਸ਼ਾਹ ਜਦੋਂ ਆਪਣੀ ਮਿਥੀ ਹੋਈ ਮੰਨਤ ਭੇਟ ਕਰਨ ਲਈ ਬਕਾਲੇ ਪੁੱਜਿਆ ਤਾਂ ਪੂਰਨ ਗੁਰੂ ਦੀ ਪਛਾਣ ਕਰਨੀ ਔਖੀ ਹੋ ਗਈ। ਮੱਖਣ ਸ਼ਾਹ ਨੇ ਆਪਣੇ ਮੰਨ ਵਿਚ ਧਾਰਿਆ ਕਿ ਉਹ ਪੰਜ ਪੰਜ ਮੁਹਰਾਂ ਹਰੇਕ ਅੱਗੇ ਵਾਰੋ ਵਾਰੀ ਰਖੀ ਜਾਵੇਗਾ, ਜਿਹੜਾ ਪੂਰਨ ਗੁਰੂ ਹੋਵੇਗਾ, ਉਹ ਆਪੇ ਪੰਜ ਸੌ ਮੁਹਰ ਮੰਗ ਲਵੇਗਾ" ਜਦੋਂ ਮੱਖਣਸ਼ਾਹ ੨੨ ਮੰਜੀਆਂ ਅੱਗੇ ਪੰਜ ਪੰਜ ਮੁਹਰਾਂ ਭੇਟਾ ਕਰ

ਬੈਠਾਂ ਤਾਂ ਉਸ ਦੇ ਦਿਲ ਦੀ ਕਿਸੇ ਨੇ ਵੀ ਨਾ ਬੁੱਝੀ। ਉਸ ਦਾ ਮਨ ਬੜਾ ਉਤਾਵਲਾ ਪਿਆ ਹੋਇਆ ਇਸੇ ਭਾਵ ਵਿੱਚ ਲੀਨ ਸੀ:-

**ਪਰਾਈ ਅਮਾਣ ਕਿਉ ਰਖੀਐ,**
**ਦਿਤੀ ਹੀ ਸੁਖੁ ਹੋਇ ॥** [ਪੰਨਾ ੧੨੪੯

ਫਿਰ ਫਿਰ ਕੇ ਪਿੰਡ ਵਿਚੋਂ ਪਤਾ ਲਗਾ ਕਿ ਇਕ ਹੋਰ ਗੁਰੂ ਵੀ ਹੈ ਜਿਸ ਨੂੰ ਲੋਕੀ 'ਤੇਗਾ ਤੇਗਾ' ਕਰਕੇ ਬੁਲਾਂਦੇ ਹਨ, ਪਰ ਉਹ ਕਮਲਾ ਜਿਹਾ ਹੈ। ਦੁਨੀਆਂ ਤਾਂ ਆਪ ਕਮਲੀ ਹੈ ਉਸ ਨੂੰ ਸੱਚੇ ਗੁਰੂ ਦੀ ਪਛਾਣ ਕਿਥੇ?

**ਬਿਨੁ ਨਾਵੈ, ਜਗੁ ਕਮਲਾ ਫਿਰੈ,**
**ਗੁਰਮੁਖਿ ਨਦਰੀ ਆਇਆ ॥** [ਪੰਨਾ ੬੪੩

ਬੱਸ, ਦੱਸ ਪੈਣ ਦੀ ਢਿੱਲ ਸੀ ਕਿ ਖ਼ਿਹੋਂ ਕੁੱਠਾ ਮੱਖਣਸ਼ਾਹ ਸਿੱਧਾ ਉਸ ਭੋਰੇ ਵੱਲ ਮੂੰਹ ਕਰਕੇ ਤੁਰ ਪਿਆ ਜਿਥੇ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਭੋਰੇ ਅੰਦਰ ਸਮਾਧਿ ਅਸਥਿਤ ਸਨ। ਜਿਸ ਥਾਂ ਤੇ ਗੁਰੂ ਸਾਹਿਬ ਤਪ ਕਰ ਰਹੇ ਸਨ, ਉਥੇ ਜਾ ਕੇ ਪੰਜ ਮੁਹਰਾਂ ਭੇਟਾ ਕਰਕੇ ਸਤਿਗੁਰੂ ਜੀ ਦੇ ਚਰਨਾਂ ਤੇ ਜਾ ਮੱਥਾ ਟੇਕਿਆ। ਪੰਜ ਮੁਹਰਾਂ ਵੇਖ ਕੇ ਗੁਰੂ ਸਾਹਿਬ ਨੇ ਆਖਿਆ "ਮੱਖਣਸ਼ਾਹ, ਆਪਣੀ ਮੰਨੀ ਹੋਈ ਸੁਖਣਾ ਭੁੱਲ ਗਿਆ ਏਂ, ਉਦੋਂ ਤਾਂ ਤਰਲੇ ਲੈਂਦਾ ਸੈਂ ਕਿ ਮੇਰਾ ਬੇੜਾ ਇਸ ਤੁਫਾਨ ਵਿਚੋਂ ਬੰਨੇ ਲਾਓ, ਪੰਜ ਸੌ ਮੁਹਰਾਂ ਭੇਟਾ ਚੜ੍ਹਾਵਾਂਗਾ ਤੇ ਹੁਣ ਭੇਟਾ ਕੇਵਲ ਪੰਜ ਮੁਹਰਾਂ। ਆਹ ਵੇਖ! ਸਾਡੀਆਂ ਬਾਹਵਾਂ ਤੇ ਮੋਢੇ।" ਸਤਿਗੁਰੂ ਜੀ ਦੇ ਅੰਮ੍ਰਿਤ ਬਚਨ ਅਣਿਆਲੇ ਤੀਰਾਂ ਵਾਂਗੂੰ ਹਿਰਦੇ ਵਿਚ ਖੁੱਭ

ਗਏ, ਮੱਖਣ ਸ਼ਾਹ ਦਾ ਦਿਲ ਭਿੱਜ ਗਿਆ, ਮਾਨੋਂ ਦਿਬ ਦ੍ਰਿਸ਼ਟੀ ਮਿਲ ਗਈ। ਨੂਰੀ ਜੋਤਿ ਦਾ ਪ੍ਰਗਾਸ ਹੋ ਗਿਆ। ਮਨ ਵਿੱਚ ਦ੍ਰਿੜ੍ਹਤਾ ਆ ਗਈ ਕਿ ਸੱਚੇ ਤੇ ਪੂਰਨ ਗੁਰੂ ਇਹੋ ਹੀ ਹਨ, ਬਾਕੀ ਸਾਰੇ ਪਖੰਡੀ ਸਨ। ਆਪਣੀਆਂ ਦੋਹਾਂ ਬਾਹਵਾਂ ਨੂੰ ਉਚਾ ਕਰਕੇ ਕਾਹਲੀ ਕਾਹਲੀ ਕੋਠੇ ਤੇ ਚੜ੍ਹ ਕੇ ਹੋਕਾ ਦੇਣ ਲਗ ਪਿਆ ਗੁਰੁ ਲਾਧੋ ਰੇ.... ਗੁਰੁ ਲਾਧੋ ਰੇ...... ਗੁਰੁ ਲਾਧੋ ਰੇ.....

ਗੁਰੂ ਦੀ ਪਛਾਣ ਲਈ ਕਈ ਹੋਰ ਇਤਿਹਾਸਕ ਉਦਾਹਰਣਾਂ ਵੀ ਦਿੱਤੀਆਂ ਜਾ ਸਕਦੀਆਂ ਹਨ ਪਰ ਅਸੀਂ ਵਰਤਮਾਨ ਸਮੇਂ ਵੱਲ ਨਿਗਾਹ ਮਾਰੀਏ ਤੇ ਸੋਚੀਏ ਕਿ ਅਸੀਂ ਅਜੋਕੇ ਵਾਤਾਵਰਨ ਵਿੱਚ ਸੱਚੇ ਗੁਰੂ ਦੀ ਪਛਾਣ ਕਿਵੇਂ ਕਰ ਸਕਦੇ ਹਾਂ। ਮੱਖਣ ਸ਼ਾਹ ਨੇ ਤਾਂ ਪੰਜ ਪੰਜ ਮੁਹਰਾਂ ਭੇਟਾ ਕਰਕੇ ਕੱਚੇ ਗੁਰੂਆਂ ਤੋਂ ਛੁਟਕਾਰਾ ਕਰਾ ਲਿਆ ਪਰ ਹੁਣ ਤਾਂ ਪਖੰਡੀ ਗੁਰੂਆਂ ਦੇ ਡੇਰੇ ਗਿਣਿਆਂ ਗਿਣੀਂਦੇ ਨਹੀਂ। ਭੁੱਲਾ ਹੋਇਆ ਜਗਿਆਸੂ ਕਿਵੇਂ ਸੱਚੇ ਗੁਰੂ ਦੀ ਪਛਾਣ ਕਰ ਸਕਦਾ ਹੈ? ਡੰਮੀ ਗੁਰੂਆਂ ਦਾ ਜਗਿਆਸੂ ਦੇ ਜੀਵਨ ਨਾਲ ਕੀ ਮਤਲਬ? ਉਹਨਾਂ ਨੂੰ ਤਾਂ ਆਪਣੇ ਚੇਲੇ ਬਣਾਉਣ ਦਾ ਫਿਕਰ ਰਹਿੰਦਾ ਹੈ।

ਵਰਤਮਾਨ ਸਮੇਂ ਵਿੱਚ ਸੱਚੇ ਗੁਰੂ ਦੀ ਪਛਾਣ ਦਾ ਇਕੋ ਇਕ ਸਾਧਨ ਗੁਰਬਾਣੀ ਹੈ। ਕੇਵਲ ਗੁਰਬਾਣੀ ਗੁਰੂ ਹੈ ਅਤੇ ਗੁਰੂ ਦੇ ਦੈਵੀ ਗੁਣਾਂ ਨੂੰ ਪ੍ਰਗਟਾਉਂਦੀ ਹੈ:-

**ਬਾਣੀ ਗੁਰੂ,ਗੁਰੂ ਹੈ ਬਾਣੀ,**
**ਵਿਚਿ ਬਾਣੀ ਅੰਮ੍ਰਿਤੁ ਸਾਰੇ ॥**

**ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ,**
**ਪਰਤਖਿ ਗੁਰੂ ਨਿਸਤਾਰੇ ॥** [ਪੰਨਾ ੯੮੨

ਆਮ ਜਗਿਆਸੂ ਜਿਹੜੇ ਕਿ ਪੂਰੇ ਗੁਰੂ ਦੀ ਭਾਲ ਹਿੱਤ ਭੰਬਲ-ਭੂਸੇ ਖਾ ਰਹੇ ਹਨ, ਹੇਠ ਲਿਖੀਆਂ ਨਿਸ਼ਾਨੀਆਂ ਨੂੰ ਧਿਆਨ ਨਾਲ ਪੜ੍ਹ ਕੇ ਵਿਚਾਰ ਕਰਨ ਤੇ ਫਿਰ ਉਹ ਆਪੇ ਹੀ ਫੈਸਲਾ ਕਰ ਲੈਣ ਕਿ ਸੱਚਾ ਤੇ ਪੂਰਨ ਗੁਰੂ ਕੌਣ ਹੈ?:-

*ਪਹਿਲੀ ਨਿਸ਼ਾਨੀ -*

**ਸਤਿਪੁਰਖੁ ਜਿਨਿ ਜਾਨਿਆ,**
**ਸਤਿਗੁਰੁ ਤਿਸ ਕਾ ਨਾਉ ॥**
**ਤਿਸ ਕੈ ਸੰਗਿ ਸਿਖੁ ਉਧਰੈ,**
**ਨਾਨਕ, ਹਰਿ ਗੁਨ ਗਾਉ ॥** [ਪੰਨਾ ੨੮੬

ਕਈ ਸੱਜਣ ਇਸ ਸ਼ਬਦ ਦਾ ਅਰਥ ਕਰਨ ਲਗਿਆਂ ਭੁਲੇਖਾ ਖਾ ਜਾਂਦੇ ਹਨ। ਇਸ ਸ਼ਬਦ ਦਾ ਪ੍ਰਮਾਣ ਦੇ ਕੇ ਦੇਹਧਾਰੀ ਗੁਰੂ ਦੀ ਪ੍ਰੋੜ੍ਹਤਾ ਕਰਦੇ ਹਨ ਅਤੇ ਆਪਣੇ ਪੱਖ ਨੂੰ ਸੱਚਾ ਸਾਬਤ ਕਰੋਂਦੇ ਹਨ। ਅਸਲ ਵਿੱਚ ਉਨ੍ਹਾਂ ਨੂੰ ਇਸ ਗੱਲ ਦਾ ਗਿਆਨ ਹੀ ਨਹੀਂ ਹੈ:-

**ਇਕਾ ਬਾਣੀ ਇਕੁ ਗੁਰੁ, ਇਕੋ ਸਬਦੁ ਵੀਚਾਰਿ॥**
**ਸਚਾ ਸਉਦਾ ਹਟੁ ਸਚੁ, ਰਤਨੀ ਭਰੇ ਭੰਡਾਰ ॥**
[ਪੰਨਾ ੬੪੬

ਉਹ ਆਪਣੇ ਪੱਖ ਦੀ ਪੂਰਤੀ ਲਈ ਇਸ ਸਲੋਕ ਦਾ ਅਰਥ ਇਉਂ ਕਰਦੇ ਹਨ:- 'ਭਾਵੇਂ ਕੋਈ ਹੋਵੇ ਜਿਸ ਮਨੁੱਖ ਨੇ ਸਤਿ

ਅੰਦਰ ਆ ਟਿਕੀ। ਤਾਹੀਓਂ, ਅਸੀਂ ਆਪਣਾ ਸੱਚਾ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। ਪੂਰੇ ਗੁਰੂ ਦੀਆਂ ਨਿਸ਼ਾਨੀਆਂ ਨੂੰ ਧਿਆਨ ਨਾਲ ਪੜ੍ਹ ਕੇ ਸੱਚੇ ਗੁਰੂ ਦੀ ਪਛਾਣ ਕੀਤੀ ਜਾ ਸਕਦੀ ਹੈ:

ਦੂਜੀ ਨਿਸ਼ਾਨੀ - **ਕਬੀਰ ਗੁਰੁ ਲਾਗਾ ਤਬ ਜਾਨੀਐ,**
**ਮਿਟੈ ਮੋਹੁ ਤਨ ਤਾਪ ॥**
**ਹਰਖ ਸੋਗ ਦਾਝੈ ਨਹੀ,**
**ਤਬ ਹਰਿ ਆਪਹਿ ਆਪ॥੧੮੯॥**[ਪੰਨਾ੧੩੭੪

ਤੀਜੀ ਨਿਸ਼ਾਨੀ -**ਜਿਸੁ ਮਿਲਿਐ ,ਮਨਿ ਹੋਇ ਅਨੰਦੁ,**
**ਸੋ ਸਤਿਗੁਰੁ ਕਹੀਐ ॥**
**ਮਨ ਕੀ ਦੁਬਿਧਾ ਬਿਨਸਿ ਜਾਇ,**
**ਹਰਿ ਪਰਮਪਦੁ ਲਹੀਐ ॥** [ਪੰਨਾ ੧੬੮

ਚੌਥੀ ਨਿਸ਼ਾਨੀ -**ਸੋ ਸਤਿਗੁਰੁ ਜਿ ਸਚੁ ਧਿਆਇਦਾ,**
**ਸਚੁ ਸਚਾ ਸਤਿਗੁਰੁ ਇਕੇ ॥**
**ਸੋਈ ਸਤਿਗੁਰੁ ਪੁਰਖੁ ਹੈ,**
**ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ॥**[ਪੰਨਾ ੩੦੪

ਪੰਜਵੀਂ ਨਿਸ਼ਾਨੀ- **ਭਇਆ ਮਨੂਰੁ ਕੰਚਨੁ ਫਿਰਿ ਹੋਵੈ,**
**ਜੇ ਗੁਰੁ ਮਿਲੈ ਤਿਨੇਹਾ ॥**
**ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ,**
**ਤਉ ਨਾਨਕ ਤ੍ਰਿਸਟਸਿ ਦੇਹਾ ॥** [ਪੰਨਾ ੯੬੦

ਛੇਵੀਂ ਨਿਸ਼ਾਨੀ - **ਕੋਈ ਨਿੰਦਕੁ ਹੋਵੈ ਸਤਿਗੁਰੂ ਕਾ,**

ਫਿਰਿ ਸਰਣਿ ਗੁਰ ਆਵੈ ॥
ਪਿਛਲੇ ਗੁਨਹ ਸਤਿਗੁਰੁ ਬਖਸਿ ਲਏ,
ਸਤਸੰਗਤਿ ਨਾਲਿ ਰਲਾਵੈ ॥
ਜਿਉ ਮੀਹਿ ਵੁਠੈ,
ਗਲੀਆਂ ਨਾਲਿਆਂ ਟੋਭਿਆਂ ਕਾ ਜਲੁ,
ਜਾਇ ਪਵੈ ਵਿਚਿ ਸੁਰਸਰੀ, ਸੁਰਸਰੀ ਮਿਲਤ,
ਪਵਿਤ੍ਰੁ ਪਾਵਨੁ ਹੋਇ ਜਾਵੈ ॥
ਏਹ ਵਡਿਆਈ ਸਤਿਗੁਰੁ ਨਿਰਵੈਰ ਵਿਚਿ,
ਜਿਤੁ ਮਿਲਿਐ, ਤਿਸਨਾ ਭੁਖ ਉਤਰੈ,
ਹਰਿ ਸਾਂਤਿ ਤੜ ਆਵੈ ॥... [ਪੰਨਾ ੯੫੪

ਸਤਵੀਂ ਨਿਸ਼ਾਨੀ-ਸਤ ਸੰਤੋਖੀ ਸਤਿਗੁਰੁ ਪੂਰਾ ॥
ਗੁਰ ਕਾ ਸਬਦੁ ਮਨੇ ਸੋ ਸੂਰਾ ॥
ਸਾਚੀ ਦਰਗਹ ਸਾਚੁ ਨਿਵਾਸਾ,
ਮਾਨੈ ਹੁਕਮੁ ਰਜਾਈ ਹੇ ॥ [ਪੰਨਾ ੧੦੨੩

ਅੱਠਵੀਂ ਨਿਸ਼ਾਨੀ-ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥
ਅਨਿਕ ਬਾਰ ਗੁਰ ਕਉ ਬਲਿ ਜਾਉ ॥
ਸਰਬ ਨਿਧਾਨ ਜੀਅ ਕਾ ਦਾਤਾ ॥
ਆਠ ਪਹਿਰ ਪਾਰਬ੍ਰਹਮ ਰੰਗਿ ਰਾਤਾ ॥
[ਪੰਨਾ ੨੮੭

ਨੌਵੀਂ ਨਿਸ਼ਾਨੀ - ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥

ਸਤਿਗੁਰੁ ਮੇਰਾ ਮਾਰਿ ਜੀਵਾਲੈ ॥

[ਪੰਨਾ ੧੧੪੨

ਦੱਸਵੀਂ ਨਿਸ਼ਾਨੀ-ਗੁਰ ਕੀ ਮਹਿਮਾ ਕਿਆ ਕਹਾ,

ਗੁਰੁ ਬਿਬੇਕ ਸਤ ਸਰੁ ॥

ਓਹ ਆਦਿ ਜੁਗਾਦੀ ਜੁਗਹ ਜੁਗੁ,

ਪੂਰਾ ਪਰਮੇਸਰੁ ॥ [ਪੰਨਾ ੩੯੭

ਗਿਆਰ੍ਹਵੀਂ ਨਿਸ਼ਾਨੀ - ਸਤਿਗੁਰੁ ਮੇਰਾ ਸਦਾ ਸਦਾ,

ਨਾ ਆਵੈ ਨਾ ਜਾਇ॥

ਓਹੁ ਅਬਿਨਾਸੀ ਪੁਰਖੁ ਹੈ,

ਸਭ ਮਹਿ ਰਹਿਆ ਸਮਾਇ॥੧੩॥

[ਪੰਨਾ ੭੬੯

ਆਦਿ ਆਦਿ......

# ਸ਼ਬਦ ਗੁਰੂ ਦਰਸ਼ਨ

ਗੁਰੂ ਸਰੀਰ ਨਹੀਂ, ਗੁਰੂ ਪੰਜਾਂ ਤੱਤਾਂ ਦਾ ਪੁਤਲਾ ਨਹੀਂ, ਗੁਰੂ ਸ਼ਬਦ ਹੈ, ਗੁਰੂ ਜੋਤਿ ਹੈ। ਸਿਧਾਂ ਨੇ ਜਦੋਂ ਗੁਰੂ ਬਾਬਾ ਜੀ ਨਾਲ ਗੋਸਟਿ ਕੀਤੀ ਸੀ ਤਾਂ ਇਹ ਪ੍ਰਸ਼ਨ ਪੁਛਿਆ ਸੀ:-

ਕਵਣ ਮੂਲੁ ਕਵਣ ਮਤਿ ਵੇਲਾ ॥
ਤੇਰਾ ਕਵਣੁ ਗੁਰੂ, ਜਿਸ ਕਾ ਤੂ ਚੇਲਾ॥[ਪੰਨਾ ੯੪੨

ਇਸ ਦਾ ਉਤਰ ਗੁਰੂ ਬਾਬਾ ਜੀ ਨੇ ਇਉਂ ਦਿੱਤਾ ਸੀ:-

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ [ਪੰਨਾ ੯੪੩

ਸਬਦ ਨਿਰੰਕਾਰ ਰੂਪ ਹੈ ਅਤੇ ਨਿਰੰਕਾਰ ਸ਼ਬਦ ਰੂਪ ਹੈ। ਜਦੋਂ ਗੁਰੂ ਬਾਬਾ ਜੀ ਨੂੰ ਨਿਰੰਕਾਰੀ ਮੰਡਲ ਚੋਂ ਬਾਣੀ ਉਤਰਦੀ ਸੀ ਤਾਂ ਸਾਰੇ ਇਨਸਾਨ, ਹੈਵਾਨ, ਪੰਛੀ ਆਦਿ ਮੁਗਧ ਹੋ ਜਾਂਦੇ ਸਨ। ਅਸਲ ਵਿਚ ਅਕਾਲ ਪੁਰਖ ਜੀ ਨੇ ਆਪਣਾ ਆਪਾ ਹੀ ਗੁਰੂ ਵਿਚ ਸਮੋਇਆ ਹੋਇਆ ਸੀ। ਗੁਰਵਾਕ ਹਨ:-

ੳ- ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥
[ਪੰਨਾ ੧੨੭੯

ਅ- ਗੁਰ ਮਹਿ ਆਪੁ ਰਖਿਆ ਕਰਤਾਰੇ॥[ਪੰਨਾ੧੦੨੪

'ਸਬਦ ਗੁਰੂ' ਦੇ ਪਰਤੱਖ ਦਰਸ਼ਨ ਗੁਰਬਾਣੀ ਰਾਹੀਂ ਹੁੰਦੇ

ਹਨ ਕਿਉਂਕਿ ਗੁਰਬਾਣੀ 'ਗੁਰੂ-ਜੋਤਿ' ਹੈ:-

੧- ਬਾਣੀ ਗੁਰੂ, ਗੁਰੂ ਹੈ ਬਾਣੀ,
ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ,
ਪਰਤਖਿ ਗੁਰੂ ਨਿਸਤਾਰੇ ॥ [ਪੰਨਾ ੯੮੨

੨- ਸਤਿਗੁਰੂ ਕੀ ਬਾਣੀ ਸਤਿ ਸਰੂਪ ਹੈ,
ਗੁਰਬਾਣੀ ਬਣੀਐ ॥ [ਪੰਨਾ ੩੦੪

੩- ਸਤਿਗੁਰ ਕੀ ਬਾਣੀ
ਸਤਿ ਸਤਿ ਕਰਿ ਜਾਣਹੁ ਗੁਰਸਿਖਹੁ,
ਹਰਿ ਕਰਤਾ ਆਪਿ ਮੁਹਹੁ ਕਢਾਏ ॥ [ਪੰਨਾ ੩੦੮

ਗੁਰੂ ਦਾ ਮਾਰਗ-ਦਰਸ਼ਨ ਗੁਰਬਾਣੀ ਵਿਦਮਾਨ ਕਰਦੀ ਹੈ।

ਸਿੱਖ ਗੁਰੂ ਸਾਹਿਬਾਨ ਦਸ ਮਨੁੱਖੀ ਜਾਮਿਆਂ ਵਿੱਚ ਨਿਰੰਕਾਰੀ ਜੋਤਿ ਦੇ ਪ੍ਰਕਾਸ਼ ਨੂੰ ਪ੍ਰਗਟਾਉਣ ਦਾ ਮਾਧਿਅਮ ਸ਼ਬਦ ਹੀ ਉਪਦੇਸ਼ਦੇ ਰਹੇ ਅਤੇ ਆਪਣੇ ਆਪ ਨੂੰ ਦਾਸ, ਦਾਸਨਦਾਸ, ਜਨ, ਸੇਵਕ, ਗਰੀਬ ਬੰਦਾ, ਢਾਢੀ, ਬਾਣੀਆ, ਲਾਲਾ ਗੋਲਾ ਆਦਿ ਹੀ ਦਸਦੇ ਰਹੇ। ਸਰੀਰ ਨੂੰ ਪਿਛੇ ਰਖਿਆ ਤੇ ਸ਼ਬਦ-ਨੀਸ਼ਾਨ ਨੂੰ ਸਭ ਦੇ ਸਨਮੁਖ ਰਖਿਆ। ਸ਼ਬਦ-ਪੂਜਾ ਦੀ ਸਾਰਥਕ ਅਗਵਾਈ ਦਿੱਤੀ:-

੧. ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ,
ਹਰਿ ਸਿਉ ਰਹਿਆ ਸਮਾਈ ॥ [ਪੰਨਾ ੬੦੧

੨ ਸਬਦੁ ਨ ਜਾਣਹਿ ਸੇ ਅੰਨੇ ਬੋਲੇ,

ਸੋ ਕਿਤੁ ਆਏ ਸੰਸਾਰਾ ॥.. [ਪੰਨਾ ੬੦੧

ਦੁਨੀਆਂ ਦੇ ਧਰਮਾਂ ਵਿਚ ਇਕ ਵੀ ਅਜਿਹੀ ਮਿਸਾਲ ਨਹੀ ਮਿਲਦੀ ਜਿਥੇ 'ਬਾਣੀ' ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਰਗਾ ਸਤਿਕਾਰ ਹੁੰਦਾ ਹੋਵੇ। ਅਸਲ ਵਿਚ ਬਾਣੀ ਕਵਿਤਾ ਨਹੀਂ, ਗੀਤ ਨਹੀਂ, 'ਇਹੁ ਤਉ ਬ੍ਰਹਮ ਬੀਚਾਰ' ਹੈ। ਕਮਾਲ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਦਾ ਆਪਣਾ ਫੁਰਮਾਨ ਹੀ ਸਾਨੂੰ ਉਸ ਸਿਖਰ ਤੇ ਪਹੁੰਚਾ ਦਿੰਦਾ ਹੈ ਜਿਥੇ 'ਹਉ' ਲੇਸ ਮਾਤਰ ਵੀ ਨਹੀਂ, ਰਬੀ-ਹੁਕਮਾਉ ਹੀ ਹੁਕਮਾਉ ਵਿਆਪਕ ਹੈ:-

ਹਉ ਆਪਹੁ ਬੋਲਿ ਨ ਜਾਣਦਾ,
ਮੈ ਕਹਿਆ ਸਭੁ ਹੁਕਮਾਉ ਜੀਉ ॥ [ਪੰਨਾ ੭੬੩

ਸ਼ਬਦ ਅਤੇ ਸਤਿਗੁਰੂ ਦੀ ਇਕ-ਮਿਕਤਾ ਨੂੰ ਸਿੱਖ ਧਰਮ ਦੇ ਧੁਰੰਧਰ ਵਿਦਵਾਨ ਭਾ.ਸ. ਗੁਰਦਾਸ ਜੀ ਕਬਿਤ ਨੰਬਰ ਪ੩੪ ਦੁਆਰਾ ਇਉਂ ਵਿਅਕਤ ਕੀਤਾ ਹੈ:-

ਜੈਸੇ ਫਲ ਸੇ ਬਿਰਖ, ਬਿਰਖ ਸੇ ਹੋਤ ਫਲ,
ਅਦਭੁਤ ਗਤਿ ਕਛੁ ਕਹਿਨ ਨ ਆਵੈ ਜੀ ॥
ਜੈਸੇ ਬਾਂਸ ਬਾਵਨ ਮੈ, ਬਾਵਨ ਹੈ ਬਾਸ ਬਿਖੈ,
ਬਿਸਮ ਚਰਿਤ੍ਰ ਕੋਊ ਮਰਮ ਨਾ ਪਾਵੈ ਜੀ ॥
ਕਾਸਟ ਮੈ ਅਗਨ, ਅਗਨ ਮਹਿ ਕਾਸਟ ਹੈ,
ਅਤਿ ਅਸਚਰਜ ਹੈ ਕਉਤਕ ਕਹਾਵੈ ਜੀ ॥
ਸਤਿਗੁਰੂ ਮੈ ਸਬਦ,ਸਬਦ ਮਹਿ ਸਤਿਗੁਰ ਹੈ,
ਨਿਰਗੁਣ ਗਿਆਨ ਧਿਆਨ ਸਮਝਾਵੈ ਜੀ॥

ਸ਼ਬਦ-ਗੁਰੂ ਜਾਗਤਿ-ਜੋਤਿ ਹੈ। ਗੁਰੂ ਪਿਤਾ, ਸਜਣ, ਪ੍ਰੀਤਮ, ਸਖਾ, ਸਚਾ ਸ਼ਾਹ, ਸੱਚਾ ਵੈਦ, ਦੇਉ, ਅਭੇਉ, ਅਥਾਹ, ਅੰਗਮ, ਦੀਪਕ, ਨਾਥਾ-ਨਾਥ, ਦੁਖ ਹਰਨ, ਸੁਆਮੀ, ਵਿਚੋਲਾ, ਸਦ-ਸੰਗੀ, ਤਾਣ-ਮਾਣ ਅਤੇ ਦੀਬਾਣ ਹੈ। ਗੁਰੂ ਦਿਆਲੂ, ਗੁਰ-ਗਉਹਰ, ਤ੍ਰੈ ਕਾਲ ਦਰਸੀ, ਸਮੇਂ ਸਥਾਨ ਤੋਂ ਰਹਿਤ, ਪਰਮ ਪੁਰਖ ਜਗ ਜੀਵਨ ਹੈ। ਭਾਈ ਸਾਹਿਬ ਗੁਰਦਾਸ ਜੀ ਨੇ ਸਤਿਗੁਰੂ ਦੀ ਪਰਿਭਾਸ਼ਾ ਨੂੰ ਇਉਂ ਬਿਆਨਿਆ ਹੈ:-

ਸਤਿਗੁਰ ਸਤਿ, ਸਤਿਗੁਰ ਮਤਿ ਸਤਿ ਰਿਦੈ,
ਭਿਦੈ ਨ ਦੁਤੀਆ ਭਾਉ ਤ੍ਰਿਗੁਨ ਅਤੀਤ ਹੈ ॥
ਪੂਰਨ ਬ੍ਰਹਮ ਗੁਰ ਪੂਰਨ ਸਰਬਮਈ,
ਏਕ ਹੀ ਅਨੇਕ ਮੇਕ ਸਗਲ ਕੇ ਮੀਤ ਹੈ ॥
ਨਿਰਵੈਰ ਨਿਰਲੇਪ, ਨਿਰਾਧਾਰ ਨਿਰਲੰਭ,
ਨਿਰੰਕਾਰ ਨਿਰਬਿਕਾਰ ਨਿਹਚਲ ਚੀਤ ਹੈ ॥
ਨਿਰਮਲ ਨਿਰਮੋਲ ਨਿਰੰਜਨ ਨਿਰਾਹਾਰ,
ਨਿਰਮੋਹ ਨਿਰਭੇਦ ਅਛਲ ਅਜੀਤ ਹੈ॥

[ਕਬਿਤ ੧੫੦

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਸਤਕ ਉਤੇ ਬਾਣੀ ਦਾ ਜਲਾਲ ਦੇਖ ਕੇ ਸਾਈਂ ਮੀਆਂ ਮੀਰ ਜੀ ਮੁਰੀਦ ਹੋ ਗਏ ਸਨ।

ਉਪਰੋਕਤ ਸਾਰੇ ਗੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਗ ਦਗ ਕਰਦੇ ਆਪਣੀ ਨੂਰਾਨੀ ਚਮਕ ਵਿਖਾ ਰਹੇ ਹਨ, ਜਿਨ੍ਹਾਂ ਦੇ ਦੀਦਾਰ ਕੀਤਿਆਂ ਸਾਖਿਅਤ ਨਿਰੰਕਾਰ ਦੇ ਦਰਸ਼ਨ ਹੁੰਦੇ ਹਨ।

ਸ਼ਬਦ ਗੁਰੂ *'ਕੰਚਨ ਕਾਇਆ ਕੋਟ ਗੜ, ਵਿਚਿ ਹਰਿ ਹਰਿ ਸਿਧਾ' (ਪੰਨਾ ੪੪੯)* ਦਾ ਜਲੌ ਹੈ ਜਿਸ ਦੀ ਲਖਤਾ ਆਤਮ-ਨੈਣਾਂ ਨਾਲ ਨਸੀਬ ਹੁੰਦੀ ਹੈ:-

**ਸਤਿਗੁਰ ਬਚਨ, ਬਚਨ ਹੈ ਸਤਿਗੁਰ,**
**ਪਾਧਰੁ ਮੁਕਤਿ ਜਨਾਵੈਗੋ ॥** [ਪੰਨਾ ੧੩੧੦

ਆਓ, ਸਾਰੇ ਮੱਥਾ ਟੇਕੀਏ ਅਤੇ ਆਖੀਏ:-

**ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**
**ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**
**ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**

# ਵਿਚੋਲਾ ਗੁਰੂ

ਕਈ ਸੱਜਣ ਇਹ ਆਖਦੇ ਹਨ ਕਿ ਜਦ 'ਗੁਰੂ' ਸ਼ਬਦ ਦੇ ਅਰਥ - ਅੰਧੇਰੇ ਵਿਚ ਪ੍ਰਕਾਸ਼ ਕਰਨ ਵਾਲਾ ਭਾਵ ਗਿਆਨ ਦੀ ਸੋਝੀ ਦੇਣ ਵਾਲਾ ਹਨ ਤਾਂ ਜਿਹੜਾ ਮਨੁੱਖ ਗੁਰਬਾਣੀ ਦੇ ਅਰਥਾਂ ਦੀ ਸੋਝੀ ਕਰਾ ਦੇਵੇ ਜਾਂ ਸ਼ੁਭ ਸਿਖਿਆ ਦੇਵੇ, ਉਸ ਨੂੰ ਗੁਰੂ ਮੰਨਣ ਵਿਚ ਕੀ ਹਰਜ ਹੈ? ਦੂਜੇ ਬੰਨੇ ਆਪਣੀ ਪੂਜਾ ਕਰਾਉਣ ਵਾਲੇ ਬੰਦੇ ਇਹ ਆਖਦੇ ਹਨ ਕਿ ਆਪਣੇ ਆਪ ਪੜ੍ਹੀ ਬਾਣੀ ਉਲਟਾ ਅਸਰ ਕਰਦੀ ਹੈ। ਇਸ ਨੂੰ ਸਮਝਾਉਣ ਲਈ ਦੂਜੇ ਮਨੁੱਖ ਭਾਵ ਦੇਹਧਾਰੀ ਗੁਰੂ ਦੀ ਲੋੜ ਹੈ ਉਹ ਗੁਰਬਾਣੀ ਚੋਂ ਇਹ ਪ੍ਰਮਾਣ ਦਿੰਦੇ ਹਨ- "ਦੂਸਰੁ ਹੋਇ ਤ ਸੋਝੀ ਪਾਇ" ।

ਗੁਰਬਾਣੀ ਦੇ ਅਰਥ ਕਰਨ ਵਾਲੇ ਸਜਣ ਗੁਰੂ ਦੀ ਬਰਾਬਰੀ ਕਿਵੇਂ ਕਰ ਸਕਦੇ ਹਨ?। ਇਕ ਵਿਦਿਆਰਥੀ ਕਿਵੇਂ ਜੁਰਅੱਤ ਕਰ ਸਕਦਾ ਹੈ ਕਿ ਉਹ ਪ੍ਰਿੰਸੀਪਲ ਦੇ ਹੁੰਦੇ ਹੋਏ ਆਪ ਪ੍ਰਿੰਸੀਪਲ ਦੀ ਕੁਰਸੀ ਤੇ ਬੈਠ ਜਾਵੇ?। ਭਾਵੇਂ ਪੜ੍ਹਾਈ ਵਿਚੋਂ ਕਿਤਨਾ ਚਤੁਰ ਹੋਵੇ, ਵਿਦਿਆਰਥੀ ਵਿਦਿਆਰਥੀ ਹੀ ਹੈ। ਮੈਨੂੰ ਯਾਦ ਹੈ ਜਦੋਂ ਛੋਟੇ ਹੁੰਦੇ ਸਕੂਲੇ ਪੜ੍ਹਦੇ ਸਾਂ ਤਾਂ ਮਾਸਟਰ ਜੀ ਜਦੋਂ ਕਮਰੇ ਤੋਂ ਬਾਹਰ ਜਾਂ ਛੁੱਟੀ ਤੇ ਹੁੰਦੇ ਸੀ ਤਾਂ ਉਸ ਕੁਰਸੀ ਤੇ ਬੈਠਣਾ ਤਾਂ ਕਿਤੇ ਰਿਹਾ, ਉਹ ਵੇਖ ਕੇ ਹੀ ਡਰ ਲਗਦਾ ਰਹਿੰਦਾ ਸੀ। ਜੇ ਕੋਈ ਵਿਦਿਆਰਥੀ ਕੁਰਸੀ ਤੇ ਬੈਠਣ ਦੀ ਗੁਸਤਾਖੀ ਕਰਦਾ ਸੀ

ਤਾਂ ਮੁੰਡੇ ਉਸਦੀ ਚੰਗੀ ਤਰ੍ਹਾਂ ਖੁੰਬ ਠਪਦੇ ਸਨ ਤੇ ਅਗਲੇ ਦਿਨ ਮਾਸਟਰ ਜੀ ਅੱਗੇ ਸ਼ਕਾਇਤ ਵੀ ਕਰ ਦਿੰਦੇ ਸੀ। ਪਰ ਹੁਣ ਤਾਂ ਵੇਖ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਕਿਵੇਂ ਅਜ ਕੱਲ ਦੇ ਅਖਾਉਤੀ ਸੰਤ, ਖੰਡਾਂ ਬ੍ਰਹਮੰਡਾਂ ਦੇ ਮਾਲਕ, ਆਜਿਜ਼ ਨਿਵਾਜ਼, ਦੀਨ ਦਿਆਲ, ਦੁਸ਼ਟ ਦਮਨ, ਦੁਖ ਭੰਜਨ, ਗੁਰਮਤਿ ਪਰਕਾਸ਼ਕ, ਪਾਤਸ਼ਾਹਾਂ ਦੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹਜੂਰੀ ਵਿਚ ਵਖਰੇ ਗੱਦੀਆਂ ਤੇ ਢੋਆਂ ਵਾਲੇ ਸਿਰ੍ਹਾਣਿਆਂ ਸੰਜੁਗਤ ਆਕੇ ਬਗਲ ਸਮਾਧੀ ਲਾਕੇ ਬੈਠ ਜਾਂਦੇ ਹਨ। ਗੁਰਬਾਣੀ ਤਾਂ ਦਸਦੀ ਹੈ ਕਿ:-

**ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥**

**[ਰਾਮਕਲੀ ਓਅੰਕਾਰ ਮ: ੧**

ਗੁਰਮਤਿ ਇਸ ਗੱਲ ਨੂੰ ਦ੍ਰਿੜ੍ਹ ਕਰਾਉਂਦੀ ਹੈ ਕਿ ਗੁਰੂ ਸਾਹਿਬ ਦੀ ਹਜੂਰੀ ਵਿਚ, ਆਪਣੇ ਪ੍ਰੀਤਮ ਦੇ ਅਦਬ ਵਿਚ ਬੈਠਣਾ ਚਾਹੀਦਾ ਹੈ ਅਤੇ ਪੂਰਨ ਸਤਿਕਾਰ ਨਾਲ ਬੈਠਣਾ ਚਾਹੀਦਾ ਹੈ।

ਇਤਿਹਾਸ ਵਿਚ ਲਿਖਿਆ ਹੈ ਕਿ ਇਕ ਵਾਰ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਪਲੰਘ ਤੇ ਬਿਰਾਜਮਾਨ ਸਨ। ਦੋ ਪ੍ਰੇਮੀ ਸਿਖ ਉਸ ਵੇਲੇ ਸ਼ਬਦ ਗਾਉਂਦੇ ਆ ਰਹੇ ਸਨ। ਗੁਰੂ ਸਾਹਿਬ ਸ਼ਬਦ ਦੇ ਸਤਿਕਾਰ ਲਈ ਜਦੋਂ ਪਲੰਘ ਤੋਂ ਹੇਠਾਂ ਉਤਰਨ ਲਗੇ ਤਾਂ ਆਪ ਜੀ ਦੇ ਗੋਡੇ ਤੇ ਸੱਟ ਵੱਜ ਗਈ। ਇਹ ਵੇਖ ਕੇ ਸਿੱਖਾਂ ਨੇ ਆਖਿਆ, ਮਹਾਰਾਜ! ਆਪ ਗੁਰੂ ਹੋ; ਆਪ ਨੂੰ ਹੇਠਾਂ ਉਤਰ ਕੇ ਸ਼ਬਦ ਦਾ ਐਨਾ ਸਤਿਕਾਰ ਕਰਨ ਦੀ ਕੀ ਲੋੜ ਸੀ? ਤਾਂ

ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਆਪਣੇ ਪਵਿਤਰ ਮੁਖਾਰਬਿੰਦ ਤੋਂ ਇਸ ਤਰ੍ਹਾਂ ਉਪਦੇਸ਼ ਕੀਤਾ, ਜਿਸ ਨੂੰ ਭਾਈ ਸਾਹਿਬ ਕਵੀ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਵਿਚ ਇਉਂ ਵਰਨਣ ਕੀਤਾ ਹੈ:-

ਸੁਨ ਕਰ ਸ੍ਰੀ ਹਰਿਰਾਯ ਉਚਾਰੇ ।
ਸੁਨਹੁ ਸਿਖ! ਤੁਮ ਹੋ ਮਮ ਪਯਾਰੇ ।
ਗੁਰੂ ਅਨੁਭਵ ਵਿਚ ਬਾਣੀ ਰੂਪ ।
ਯਾਂ ਕੀ ਮਹਿਮਾ ਅਮਿਤ ਅਨੂਪ ।

--- ---

ਜੋ ਸਿਖ ਗੁਰਬਾਨੀ ਭਯ ਕਰੈ ।
ਬਿਨ ਪ੍ਰਯਾਸ ਭਵਸਾਗਰ ਤਰੈ ।
ਗੁਰੂ ਬਾਨੀ ਮਹਿਮਾ ਮਹਿਯਾਨੇ ।
ਜੋ ਮਰਯਾਦਾ ਹਮ ਨਹਿੰ ਠਾਨੇ ।
ਤੋ ਸਿਖ ਭਯ ਨ ਕਰੈਗੋ ਕੋਈ ।
ਬਿਨ ਭਯ ਕਰੇ ਸ਼੍ਰੇਯ ਨਹਿੰ ਹੋਈ ।

--- ---

ਜੋ ਗੁਰੂ ਭਕਤ ਸਿਖ ਹੈ ਮੇਰਾ ।
ਗੁਰਬਾਣੀ ਭਯ ਤਿਸੈ ਘਨੇਰਾ ।
ਜਿਨ ਭਯ ਅਦਬ ਨ ਬਾਨੀ ਧਾਰਾ ।
ਜਾਨਹੁ ਸੋ ਸਿਖ ਨਹੀਂ ਹਮਾਰਾ ।

--- ---

ਮਨ ਜਾਗੇ ਕੀ ਇਹੀ ਨੀਸ਼ਾਨੀ ।
ਪ੍ਰਿਯ ਲਾਗਹਿ ਉਰ ਸਤਗੁਰੂ ਬਾਨੀ ।

ਸੋ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਜੇ ਹੋਏ ਦਰਬਾਰ ਵਿਚ ਸੰਗਤ ਵਿਚ ਬੈਠ ਕੇ ਹੀ ਹਾਜ਼ਰੀ ਭਰਨੀ ਯੋਗ ਹੈ। ਹਾਂ, ਚੌਰ ਝੁਲਾਉਣ ਵਾਲਾ ਸਿੰਘ, ਪਾਠੀ, ਅਥਵਾ ਕੱਥਾ ਕਰਨ ਵਾਲੇ ਸੰਤ ਸੱਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠ ਸਕਦੇ ਹਨ। ਜਿਥੋਂ ਤਕ ਬਾਣੀ ਦੇ ਅਰਥ ਜਾਂ ਕਥਾ ਕਰਨ ਵਾਲੇ ਸੱਜਣ ਦਾ ਸੰਬੰਧ ਹੈ, ਉਸ ਦੀ ਪਦਵੀ ਇਕ ਪ੍ਰੋਫੈਸਰ ਵਰਗੀ ਹੈ ਜਿਸ ਦਾ ਕੰਮ ਹੀ ਵਿਦਿਆਰਥੀਆਂ ਨੂੰ ਪੁਸਤਕਾਂ ਪੜ੍ਹਾਉਣਾ ਹੈ। ਉਹ ਪੜ੍ਹਾ ਰਹੀਆਂ ਪੁਸਤਕਾਂ ਦਾ ਕਰਤਾ ਅਖਵਾਉਣ ਦਾ ਹੱਕਦਾਰ ਨਹੀਂ ਬਣ ਸਕਦਾ। ਜੇ ਅਹੰਕਾਰ ਵਿਚ ਆ ਕੇ ਵਿਦਿਆਰਥੀਆਂ ਨੂੰ ਇਹ ਭੁਲੇਖਾ ਪਾਉਣ ਦਾ ਯਤਨ ਕਰੇ ਕਿ ਉਹ ਆਪ ਹੀ ਸਾਰੀਆਂ ਕਿਤਾਬਾਂ ਦਾ ਕਰਤਾ ਹੈ ਤਾਂ ਉਸ ਦੇ ਕੂੜ ਦਾ ਪਾਜ ਝਟ ਹੀ ਉਘੜ ਜਾਂਦਾ ਹੈ। ਇਸ ਨਾਲ ਉਹ ਕਰਤਾ ਬਣਨਾ ਤਾਂ ਕਿਤੇ ਰਿਹਾ, ਉਸਦਾ ਬਣਿਆ ਬਣਾਇਆ ਸਤਿਕਾਰ ਵੀ ਮਿਟੀ ਵਿਚ ਮਿਲ ਜਾਂਦਾ ਹੈ। ਸੋ ਗੁਰੂ ਘਰ ਵਿਚ ਬਾਬਾ ਬੁੱਢਾ ਜੀ, ਭਾਈ ਸ. ਗੁਰਦਾਸ ਜੀ, ਬਾਬਾ ਦੀਪ ਸਿੰਘ ਜੀ, ਭਾਈ ਮਨੀ ਸਿੰਘ ਜੀ, ਭਾਈ ਨੰਦ ਲਾਲ ਜੀ ਆਦਿ ਚੰਗੀ ਕਹਿਣੀ ਤੇ ਕਰਣੀ ਵਾਲੇ ਗੁਰਸਿਖ ਉਪਦੇਸ਼ਕ ਹੋਏ ਹਨ, ਪਰ ਉਹ ਸਦਾ ਗੁਰੂ ਦੇ ਸੇਵਕ ਬਣ ਕੇ ਹੀ ਰਹੇ ਇਸੇ ਤਰ੍ਹਾਂ ਹੁਣ ਵੀ ਪੰਥ ਵਿਚ ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਨ ਵਾਲੇ, ਰਾਗੀ ਢਾਢੀ ਸਿੰਘ ਤੇ ਨਾਮ ਰਸੀਏ ਆਦਿ ਸਿੰਘਾਂ ਨੂੰ ਸਿੰਘ ਸਾਹਿਬ ਜੀ, ਭਾਈ ਸਾਹਿਬ ਜੀ, ਗਿਆਨੀ ਜੀ ਜਾਂ

ਉਪਦੇਸ਼ਕ ਦੀ ਪਦਵੀ ਦਿਤੀ ਜਾਂਦੀ ਹੈ ਪਰ ਅਕਾਲ ਪੁਰਖ ਜੀ ਨੂੰ ਮਿਲਾਉਣ ਵਾਲਾ ਵਿਚੋਲਾ-ਗੁਰੂ ਕੇਵਲ ਇਕੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਿਆ ਜਾਂਦਾ ਹੈ ਕਿਉਂਕਿ ਗੁਰੂ ਜੋਤਿ ਧੁਰੋਂ ਹੀ ਸਥਾਪਤ ਹੈ।

ਅਨਪੜ੍ਹ ਵੀਰਾਂ ਦਾ ਭੁਲੇਖਾ ਇਕ ਸਾਧਾਰਨ ਪ੍ਰਮਾਣ ਦੇ ਕੇ ਦੂਰ ਕੀਤਾ ਜਾ ਸਕਦਾ ਹੈ। ਜਿਵੇਂ ਇਕ ਇਸਤਰੀ ਦਾ ਪਤੀ ਪ੍ਰਦੇਸ ਕੰਮ ਕਰਨ ਲਈ ਗਿਆ ਹੋਵੇ ਓਥੋਂ ਉਹ ਆਪਣੀ ਸੁਪਤਨੀ ਨੂੰ ਚਿਠੀ ਲਿਖੇ ਤਾਂ ਕੀ ਉਸ ਚਿਠੀ ਨੂੰ ਪੜ੍ਹ ਕੇ ਸੁਣਾਉਣ ਵਾਲਾ ਸਜਣ ਉਸ ਦਾ ਗਵਾਂਢੀ ਉਸ ਇਸਤਰੀ ਦਾ ਪਤੀ ਬਣ ਜਾਵੇਗਾ? ਇਹ ਕਦੇ ਵੀ ਨਹੀਂ ਹੋ ਸਕਦਾ, ਗਵਾਂਢੀ ਨੇ ਗਵਾਂਢੀ ਹੀ ਰਹਿਣਾ ਹੈ ਪਤੀ ਤਾਂ ਉਸਦਾ ਓਹੋ ਹੈ ਜਿਹੜਾ ਅਕਾਲ ਪੁਰਖ ਨੇ ਉਸ ਦੇ ਸੰਜੋਗਾਂ ਵਿਚ ਲਿਖਿਆ ਹੈ। ਇਸੇ ਤਰ੍ਹਾਂ, ਜੀਵ ਰੂਪ ਜਗਿਆਸੂ ਨੂੰ ਪਰਮੇਸ਼ਰ ਨਾਲ ਮੇਲਣ ਲਈ ਸਤਿਗੁਰੂ ਹੀ ਵਿਚੋਲਾ ਹੈ:-

**ਜੈਸਾ ਸਤਿਗੁਰੁ ਸੁਣੀਦਾ, ਤੈਸੋ ਹੀ ਮੈ ਡੀਠੁ॥**
**ਵਿਛੁੜਿਆ ਮੇਲੇ ਪ੍ਰਭੂ, ਹਰਿ ਦਰਗਹ ਕਾ ਬਸੀਠੁ॥**
**ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ, ਕਟੇ ਹਉਮੈ ਰੋਗੁ ॥**
**ਨਾਨਕ ਸਤਿਗੁਰੁ ਤਿਨਾ ਮਿਲਾਇਆ,**
**ਜਿਨਾ ਧੁਰੇ ਪਇਆ ਸੰਜੋਗੁ ॥** [ਸਲੋਕ ਮ: ੫

***"ਦੂਸਰੁ ਹੋਇ ਤ ਸੋਝੀ ਪਾਇ"*** ਦੇ ਅਰਥਾਂ ਦੀ ਸੂਝ-ਬੂਝ ਨਾ ਹੋਣ ਕਾਰਨ ਇਸ ਦੀ ਬੜੀ ਅਯੋਗ ਵਰਤੋਂ ਕੀਤੀ ਜਾਂਦੀ ਹੈ ਕਿ ਕੋਈ ਦੂਜਾ ਮਨੁੱਖ ਹੋਵੇ ਤਾਂ ਸੋਝੀ ਹੋ ਸਕਦੀ ਹੈ। ਇਸ ਦੇ ਸਹੀ

ਅਰਥ ਹਨ ਕਿ ਵਾਹਿਗੁਰੂ ਅਕਾਲ ਪੁਰਖ ਜੀ ਤੋਂ ਬਿਨਾਂ ਹੋਰ ਦੂਜਾ ਕੋਈ ਐਨਾ ਵੱਡਾ ਹੋਵੇ ਤਾਂ ਉਸ ਅਕਾਲ ਪੁਰਖ ਦੀ ਸੋਝੀ ਕਰਾਏ। ਵਾਹਿਗੁਰੂ ਜਿਨਾਂ ਵਡਾ ਕੋਈ ਹੈ ਹੀ ਨਹੀਂ, ਇਸ ਲਈ ਅਸੰਭਵ ਹੈ। ਇਸ ਦੀ ਪੁਸ਼ਟੀ ਲਈ ਪੜ੍ਹੋ:-

**ਏਵਡੁ ਊਚਾ ਹੋਵੈ ਕੋਇ ॥**
**ਤਿਸੁ ਊਚੇ ਕਉ ਜਾਣੈ ਸੋਇ ॥** [ਜਪੁ

ਤਥਾ- **ਅਤੁਲੁ ਕਿਉ ਤੋਲਿਆ ਜਾਇ ॥**
**ਦੂਜਾ ਹੋਇ ਤ ਸੋਝੀ ਪਾਇ ॥**
**ਤਿਸਤੇ ਦੂਜਾ ਨਾਹੀ ਕੋਇ ॥**
**ਤਿਸਦੀ ਕੀਮਤਿ ਕਿਕੁ ਹੋਇ॥** [ਬਿਲਾਵਲ ਮ: ੩

ਸੋ ਗੁਰਬਾਣੀ ਚੋਂ ਅਜਿਹੇ ਪ੍ਰਮਾਣ ਦੇ ਕੇ ਭੁਲੇਖੇ ਪਾਣ ਵਾਲਿਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਜਿਹੜੇ ਆਪ ਵਿਚੋਲਾ ਬਣਨ ਦਾ ਯਤਨ ਕਰਦੇ ਹਨ ਤੇ ਲੋਕਾਂ ਨੂੰ ਬੁਧੂ ਸਮਝਦੇ ਹਨ। ਅਰਦਾਸਿ ਹੈ ਕਿ ਗੁਰੂ ਸਾਹਿਬ, ਸਭ ਜੀਆਂ ਨੂੰ ਸੁਮਤਿ ਬਖਸ਼ਣ ਤੇ ਅਰਥ ਵੀਚਾਰ ਬਖਸ਼ ਕੇ ਨਿਹਾਲ ਕਰਨ ਤਾਂ ਜੋ ਅਜਿਹੇ ਮਹਾਂ ਅੰਧਕਾਰ ਦਾ ਵਿਨਾਸ਼ ਬਿਨਾ ਕਿਸੇ ਝਗੜੇ ਤੋਂ ਆਪਣੇ ਆਪ ਹੀ ਹੋ ਜਾਵੇ।

ਸਾਡਾ ਵਿਚੋਲਾ ਗੁਰੂ ਤਾਂ ਇਕੋ ਧੰਨ ਗੁਰੂ ਨਾਨਕ ਸਾਹਿਬ ਜੀ ਹਨ, ਜਿਨ੍ਹਾਂ ਨੇ ਅਸਾਂ ਰੁਲਦੇ ਖੁਲਦੇ ਜੀਵਾਂ ਨੂੰ ਆਪਣੇ ਗਲੇ ਨਾਲ ਲਾ ਕੇ ਸਾਡੀ ਵਾਤ ਪੁੱਛੀ ਅਤੇ ਸਾਰੀ ਸ੍ਰਿਸ਼ਟੀ ਨੂੰ ਤਤ-ਵਸਤੂ ਦੀ ਪਛਾਣ ਕਰਾਈ:-

**ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ,**

ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ,
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ,
ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥

ਸਾਰੀ ਵੀਚਾਰ ਦਾ ਸਾਰ ਇਹ ਹੈ ਕਿ ਅਕਾਲ ਪੁਰਖ ਜੀ ਦਾ ਮਿਲਾਪ ਕਰਾਉਣ ਵਿੱਚ ਕੋਈ ਮਨੁੱਖ ਗੁਰੂ ਬਣ ਕੇ ਵਿਚੋਲਗੀ ਨਹੀਂ ਕਰ ਸਕਦਾ। ਕੇਵਲ ਸ਼ਬਦ ਗੁਰੂ ਹੀ ਸਮਰਥ ਹੈ:-

ਤੈਡੀ ਬੰਦਸਿ ਮੈ ਕੋਇ ਨ ਡਿਠਾ,
ਤੂੰ ਨਾਨਕ ਮਨਿ ਭਾਣਾ ॥
ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ,
ਜੈ ਮਿਲਿ ਕੰਤੁ ਪਛਾਣਾ ॥ [ਸਲੋਕ ਮਹਲਾ ੫

# ਗੁਰੂਆਨ ਗੁਰੂ

ਗੁਰੂਆਨ ਗੁਰੂ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਪਾਵਨ ਸਰੂਪ ਨੂੰ ਤਿਆਰ ਕਰਨ ਦਾ ਮੂਲ ਸੰਕਲਪ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਿਰਦੇ ਵਿਚ ਓਦੋਂ ਉਤਪੰਨ ਹੋਇਆ ਜਦੋਂ ਗੁਰੂ ਘਰ ਦੇ ਵਿਰੋਧੀਆਂ ਨੇ 'ਨਾਨਕ' ਨਾਮ ਦੀ ਮੁਹਰ ਛਾਪ ਵਰਤ ਕੇ ਕਚੀ ਬਾਣੀ ਰਚਣੀ ਆਰੰਭ ਦਿੱਤੀ ਸੀ। 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ' ਦੇ ਕਰਤਾ ਭਾ. ਕੇਸਰ ਸਿੰਘ ਛਿੱਬਰ ਨੇ ਇਸ ਪਿਛੋਕੜ ਨੂੰ ਇਉਂ ਪ੍ਰਗਟ ਕੀਤਾ ਹੈ:-

ਇਥੇ ਸਬਦ ਕੀਰਤਨ ਕਰਨ ਸਿਖ।<br>
ਡੂਮ ਰਬਾਬੀ ਅਤੇ ਕਢੇ ਹੋਏ ਉਨ੍ਹਾਂ ਲਏ ਰੱਖ ।<br>
ਇਥੇ ਕਿਸੇ ਸਿਖ ਸਬਦ ਮਿਹਰਵਾਨ ਦਾ,<br>
ਕੀਰਤਨ ਵਿਚਿ ਪੜਿਆ।<br>
ਸੋ ਸਰਵਣੀ ਗੁਰੂ ਅਰਜਨ ਜੀ ਦੀ ਪਰਿਆ ।੯੨।

ਬਚਨ ਕੀਤਾ :-

ਭਾਈ ਗੁਰਦਾਸ, ਗੁਰੂ ਦੀ ਬਾਣੀ ਜੁਦਾ ਕਰੀਏ ॥<br>
ਮੀਣੇ ਪਾਵੇ ਨੀ ਰਲਾ, ਸੇ ਵਿਚਿ ਰਲਾ ਨ ਧਰੀਏ ॥<br>
ਸੋ ਸਾਹਿਬ ਬਾਣੀ ਉਚਾਰੂ ਅਗੇ ਹੀ ਕਰਤ ਸੇ ਭਏ॥<br>
ਸੋ ਭਾਈ ਗੁਰਦਾਸ ਸਭ ਇਕਤ੍ਰ ਕਰ ਲਏ ॥੯੩॥

ਸੋ ਸਚੀ ਬਾਣੀ ਵਿਚ ਕੱਚੀ ਬਾਣੀ ਦੀ ਮਿਲਾਵਟ ਕਰਨ ਵਾਲੀ ਗੜਬੜ ਨੂੰ ਰੋਕਣ ਲਈ 'ਪੋਥੀ ਪਰਮੇਸਰ ਕਾ ਥਾਨੁ' ਨੂੰ 'ਆਦਿ ਗ੍ਰੰਥ' ਦੇ ਰੂਪ ਵਿਚ ਸੰਭਾਲਿਆ ਅਤੇ ਸੰਮਤ ੧੬੬੧ ਬਿਕ੍ਰਮੀ ਭਾਦੋਂ ਸੁਦੀ ਇਕ ਨੂੰ ਪਹਿਲੀ ਵਾਰ ਇਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਵਿਚ ਕੀਤਾ। ਸਤਿਗੁਰਾਂ ਨੇ ਬੜੀ ਸ਼ਰਧਾ ਭਾਵਨਾ ਨਾਲ ਸ਼ਬਦ-ਗੁਰੂ ਅਗੇ ਸੀਸ ਨਿਵਾਇਆ। ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਦੀ ਸੇਵਾ ਸੌਂਪੀ ਗਈ। ਸਾਰੀਆਂ ਸੰਗਤਾਂ ਨੂੰ ਉਪਦੇਸ਼ ਦਿੱਤਾ ਹੈ ਕਿ ਸਾਰੇ ਸਤਿਗੁਰਾਂ ਦਾ ਆਤਮ-ਮਾਰਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੁਭਾਇਮਾਨ ਹੈ।

ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ, ਰਾਸਿ ੩, ਅਸੂ ੫੧ ਵਿੱਚ ਸ੍ਰੀ ਆਦਿ ਗ੍ਰੰਥ ਜੀ ਦੀ ਮਹਿਮਾ ਨੂੰ ਪ੍ਰਸਤੁਤ ਕੀਤਾ ਹੈ:-

**ਸ੍ਰੀ ਗੁਰ ਕੇਰ ਸਰੀਰ ਜੋਊ,**<br>
**ਸਭ ਥਾਨ ਸਮੇਂ ਸਭ ਨਹ ਦਰਸੇ ਹੈਂ।**<br>
**ਗ੍ਰੰਥ ਰਿਦਾ ਗੁਰ ਕੋ ਇਹ ਜਾਨੋ,**<br>
**ਉੱਤਮ ਹੈ ਸਭ ਕਾਲ ਰਹੇ ਹੈਂ।**<br>
**ਮੇਰੇ ਸਰੂਪ ਤੇ ਯਾ ਤੇ ਹੈ ਦੀਰਘ,**<br>
**ਸਾਹਿਬ ਜਾਣ ਅਦਾਇਬ ਕਹੈ ਹੈਂ।**<br>
**ਪੂਜੋ ਚੰਦਨ ਕੇਸਰ ਕੋ ਘਸ,**<br>
**ਧੂਪ ਧੁਖਾਇ ਕੇ ਫੂਲ ਚਢੈ ਹੈਂ।**

ਇਹ ਪਾਵਨ ਸਰੂਪ ਗੁਰਦੁਆਰਾ ਸ਼ੀਸ਼ ਮਹਲ,

ਕਰਤਾਰਪੁਰ (ਜਿਲਾ ਜਲੰਧਰ) ਵਿਚ ਮੌਜੂਦ ਦਸਿਆ ਜਾਂਦਾ ਹੈ, ਸੰਗ੍ਰਾਂਦ ਵਾਲੇ ਦਿਨ ਜਾਂ ਖ਼ਾਸ ਮੌਕਿਆਂ ਉਤੇ ਸੰਗਤਾਂ ਨੂੰ ਇਸ ਸਰੂਪ ਦੇ ਦਰਸ਼ਨ ਕਰਵਾਏ ਜਾਂਦੇ ਹਨ।

ਵਰਤਮਾਨ ਸਰੂਪ ਜਿਸ ਵਿਚ ਨੌਵੇਂ ਮਹੱਲੇ (ਸ੍ਰੀ ਗੁਰੂ ਤੇਗ ਬਹਾਦਰ ਸਾਹਿਬ) ਦੀ ਬਾਣੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦਮਦਮਾ ਸਾਹਿਬ ਚੜ੍ਹਵਾਈ, ਇਸ ਦੇ ਲਿਖਾਰੀ ਭਾਈ ਮਨੀ ਸਿੰਘ ਲਿਖਦੇ ਹਨ:-

'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਲੀਦਾਨ ਮਗਰੋਂ ਅਕਾਲ ਪੁਰਖ ਜੀ ਦੇ ਹੁਕਮ ਅਨੁਸਾਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਜਦੋਂ ਕਤਕ ਸੁਦੀ ਚੌਥ ਸੰਮਤ ੧੭੬੫ ਬਿਕ੍ਰਮੀ ਨੂੰ ਆਪ ਜੀ ਨੇ ਜੋਤੀ ਜੋਤਿ ਸਮਾਉਣ ਦਾ ਕੌਤਕ ਵਰਤਾਇਆ ਉਦੋਂ 'ਆਦਿ ਗ੍ਰੰਥ ਸਾਹਿਬ' ਨੂੰ 'ਗੁਰੁ' ਪਦਵੀ ਸੌਂਪ ਕੇ ਸਰਬਤ ਖ਼ਾਲਸੇ ਨੂੰ ਜੁਗੋ ਜੁਗ ਅਟਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ ਇਹ ਆਦੇਸ਼ ਦਿੱਤਾ:-

ਆਗਿਆ ਭਈ ਅਕਾਲ ਕੀ
ਤਬੀ ਚਲਾਯੋ ਪੰਥ ॥੮੯॥
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ ॥੯੦॥
ਗੁਰੂ ਗ੍ਰੰਥ ਜੁ ਮਾਨਿਓ ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸਬਦ ਮੈ ਲੇਹ ॥੯੧॥
ਜੋ ਦਰਸਯੋ ਚਹਿ ਸਤਿਗੁਰੂ ਕੋ, ਸੋ ਦਰਸੈ ਗੁਰ ਗ੍ਰੰਥ ॥
ਪਢੈ ਸੁਨੈ ਸੁਆਰਥ ਲਹੈ, ਪਰਮਾਰਥ ਕੋ ਪੰਥ ॥੯੨॥

ਵਾਹਿਗੁਰੂ ਗੁਰੂ ਗ੍ਰੰਥ ਜੂ ਉਤੇ ਜਹਾਜ਼ ਉਦਾਰ ॥
ਸਰਧਾ ਧਾਰ ਜੋ ਸੇਵ ਹੈ, ਸੋ ਉਤਰੇ ਭਵ ਪਾਰ॥੯੩॥
[ਪੰਥ ਪ੍ਰਕਾਸ਼ ਪੰਨਾ ੧੭੧੮

ਇਸ ਦੇ ਨਾਲ ਹੀ ਆਪ ਜੀ ਨੇ ਖ਼ਾਲਸੇ ਪ੍ਰਤੀ ਹੇਠ ਲਿਖੇ ਤਿੰਨ ਉਪਦੇਸ਼ ਦਿੱਤੇ:-

੧- ਪੂਜਾ ਅਕਾਲ ਕੀ ।
੨- ਪਰਚਾ ਸਬਦ ਕਾ
੩- ਦੀਦਾਰ ਖ਼ਾਲਸੇ ਕਾ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਹੋਣ ਦੇ ਕਈ ਇਤਿਹਾਸਕ ਸਬੂਤ ਮਿਲਦੇ ਹਨ। ਜਿਵੇਂ:-

੧- ਅਕਾਲ ਪੁਰਖ ਕੇ ਹੁਕਮ ਸਿਉ ਪ੍ਰਗਟ ਚਲਾਯੋ ਪੰਥ ॥
ਸਭ ਸਿਖਨ ਕੋ ਹੁਕਮ ਇਹ ਗੁਰੂ ਮਾਨੀਉ ਗ੍ਰੰਥ ॥
[ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ

੨- ਤੀਨ ਰੂਪ ਹੈਂ ਮੋਹਿ ਕੇ ਸੁਨੋ ਨੰਦ ਚਿਤ ਲਾਇ ॥
ਨਿਰਗੁਣ ਸਰਗੁਣ ਗੁਰਸਬਦ ਕਹੂੰ ਤੋਹਿ ਸਮਝਾਇ ॥
ਪ੍ਰਸ਼ਨ-ਉਤਰ [ਭਾਈ ਨੰਦ ਲਾਲ ਜੀ

੩- ਸਿਖਾਂ ਨੇ ਪੂਛਾ ਅਬ ਦਰਸ਼ਨ ਕਹਾਂ ਕਰਿਂ। ਸਤਿਗੁਰ ਦੀਨ ਦਿਆਲ ਬਚਨ ਕੀਆ ਜੋ ਦਸ ਸਰੂਪ ਹਮਾਰੇ ਸੰਪੂਰਨ ਭਏ ਅਬ ਮੇਰੀ ਜਾਹਗਾ ਸ੍ਰੀ ਗੁਰੂ ਗ੍ਰੰਥ ਸਾਹਿਬ ਕੋ ਜਾਣਨਾ। ਜਿਸ ਨੇ ਮੇਰੇ ਸੇ ਬਚਨ ਕਰਨਾ ਹੋਏ ਆਦਿ ਗੁਰੂ ਗ੍ਰੰਥ ਸਾਹਿਬ ਕਾ ਪਾਠ ਕਰਨਾ ਮੇਰੇ ਸੇ ਬਾਤ

ਹੋਵੇਗੀ। [ਮਹਿਮਾ ਪ੍ਰਕਾਸ਼

੪- **ਗੁਰੂ ਦਰਸ ਜਿਹ ਦੇਖਨਾ ਸ੍ਰੀ ਗ੍ਰੰਥ ਦਰਸਾਇ॥**
**ਬਾਤ ਕਰਨ ਗੁਰ ਸੋਂ ਚਹੈ ਪੜੈ ਗ੍ਰੰਥ ਮਨ ਲਾਇ ॥**

**[ਗੁਰਬਿਲਾਸ ਪਾ: ੬**

੫- ਕਲਗੀਧਰ ਜੀ ਦੇ ਖਿਡਾਵੇ ਭਾਈ ਚੌਪਾ ਸਿੰਘ ਜੀ ਦੇ ਰਹਿਤਨਾਮੇ ਵਿਚ ਇਉਂ ਬਚਨ ਦਰਜ ਹਨ:-

**"ਆਗਿਆ ਗੁਰੂ ਗ੍ਰੰਥ ਸਾਹਿਬ ਦੀ ਮੰਨਣੀ ਤੇ ਅਮਲ ਪ੍ਰਸ਼ਾਦੇ ਦਾ ਰਖਣਾ।"**

ਬਾਬਾ ਰਾਮ ਸਿੰਘ ਜੀ ਨਾਮਧਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵੱਡੇ ਅਨੁਆਈ ਸਨ। ਉਨ੍ਹਾਂ ਨੇ ਆਪਣੇ ਹੁਕਮਨਾਮੇ ਨੰਬਰ ੫੭ ਵਿਚ ਸਪਸ਼ਟ ਲਿਖਿਆ ਹੈ:

**"ਗੁਰੂਆਂ ਗੁਰੂ (ਸ੍ਰੀ ਗੁਰੂ) ਗ੍ਰੰਥ ਸਾਹਿਬ (ਜੀ) ਗੁਰੂ ਹੈ। ਸੋ ਸਬਦ ਗੁਰੂ ਜਿਥੇ ਕੋਈ ਮੰਨੂਗਾ ਉਸਦਾ ਭਲਾ ਹੋਵੇਗਾ। ਅਥਵਾ- ਗੁਰੂ ਗ੍ਰੰਥ ਸਾਹਿਬ ਗੁਰੂ ਦੀ ਦੇਹ ਪਰਤੱਖ ਹੈ"**

ਵਰਤਮਾਨ ਨਾਮਧਾਰੀ ਸੰਪ੍ਰਦਾਇ ਨੂੰ ਦੇਹਧਾਰੀ ਗੁਰੂ ਵਾਲਾ ਹੱਠ ਛੱਡ ਕੇ ਬਾਬਾ ਰਾਮ ਸਿੰਘ ਜੀ ਦੇ ਬਚਨ ਮੰਨ ਕੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਗੁਰੂ ਮੰਨਣਾ ਚਾਹੀਦਾ ਹੈ। ਇਸ ਵਿੱਚ ਸਰਬਤ ਦਾ ਭਲਾ ਹੈ।

ਸਰਬਲੋਹ ਗ੍ਰੰਥ ਅਤੇ ਪੰਥ ਪ੍ਰਕਾਸ਼ ਵਿਚ ਅਜਿਹੇ ਕਈ ਉਲੇਖ ਉਪਲਬਧ ਹਨ।

# ਗੁਰਮਤਿ ਚੇਤਨਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਸਿੱਖ ਦੀ ਅਟਲ ਸ਼ਰਧਾ ਹੋਣੀ ਚਾਹੀਦੀ ਹੈ। ਭਾਵੇਂ ਕੋਈ ਸੰਤ ਕਿੰਨਾ ਹੀ ਕਰਾਮਾਤੀ ਕਿਉਂ ਨਾ ਹੋਵੇ। ਸਿਧਾਂ ਵਾਂਗ ਹਵਾ ਵਿੱਚ ਸਣ ਦੇਹੀ ਉਡ ਸਕਦਾ ਹੋਵੇ, ਅਗ ਵਿੱਚ ਬੈਠ ਸਕਦਾ ਹੋਵੇ, ਸਮੁੰਦਰ ਦੇ ਜਲ ਉਤੇ ਟੁਰ ਸਕਦਾ ਹੋਵੇ, ਕਈ ਕਈ ਦਿਨ ਜਲ ਵਿੱਚ ਰਹਿ ਸਕਦਾ ਹੋਵੇ, ਕੋਠੇ ਨੂੰ ਤਾਲਾ ਲੱਗਾ ਹੋਵੇ, ਅਤੇ ਕਮਰੇ ਚੋਂ ਬਾਹਰ ਨਿਕਲ ਸਕਦਾ ਹੋਵੇ ਜਾਂ ਹੋਰ ਕੋਈ ਨਾਟਕ ਚੇਟਕ ਵਿਖਾਉਣ ਵਿਚ ਬਹੁਤ ਮਾਹਿਰ ਹੋਵੇ ਪਰ ਜੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਨਾਲ ਜੁੜਨ ਵਾਲਾ ਨਾ ਹੋਵੇ ਤਾਂ ਉਸ ਦੇ ਨੇੜੇ ਨਾ ਲਗੋ, ਉਸ ਨੂੰ ਟਿਚ ਹੀ ਸਮਝੋ। ਭਾਈ ਸਾਹਿਬ ਗੁਰਦਾਸ ਜੀ ਨੇ ਮੀਣਿਆਂ ਦੀ ਜੋ ਵਾਰ ਲਿਖੀ ਹੈ, ਉਹ ਪੜ੍ਹ ਕੇ ਵੇਖੋ:-

**ਵਿਣ ਗੁਣ ਗੁਰੂ ਸਦਾਇਦੇ , ਓਇ ਖੋਟੇ ਮਠੇ॥**

[ਵਾਰ ੩੬-੯

ਜਿਸ ਕਿਸੇ ਦੇ ਹਿਰਦੇ ਵਿਚ ਗੁਰੂ ਦਾ ਸ਼ਬਦ ਵਸ ਗਿਆ ਹੈ, ਉਸ ਦਾ ਸਤਿਕਾਰ ਕਰਨਾ, ਉਸ ਨੂੰ ਪਿਆਰ ਕਰਨਾ ਮਾਨੋ ਸ਼ਬਦ ਨੂੰ ਨਮਸਕਾਰ ਤੇ ਪਿਆਰ ਹੈ।

❄

# ਸਮਰਥ ਗੁਰੂ

ਸਮਰਥ ਗੁਰੂ ਦੀ ਅਵਸਥਾ ਉਸਦਾ ਆਦਰਸ਼ ਅਤੇ ਉਸ ਦਾ ਸਤਿ ਸਰੂਪ ਕਲਮ ਰਾਹੀਂ ਲਿਖਣਾ ਅਤੇ ਰਸਨਾ ਦੁਆਰਾ ਵਿਆਖਣਾ ਮਨੁੱਖੀ ਕਰਤ੍ਰਿਤਵ ਤੋਂ ਪਰੇ ਦੀ ਗਲ ਹੈ ਕਿਉਂਕਿ ਸਤਿਗੁਰੂ ਸਿਰਜਣਹਾਰ ਅਕਾਲ ਪੁਰਖ ਨਾਲ ਅਭੇਦ ਹਨ। ਵਾਹਿਗੁਰੂ ਜੀ ਨੇ ਆਪਣਾ-ਆਪਾ ਸਤਿਗੁਰੂ ਵਿੱਚ ਸਮੋਇਆ ਹੋਇਆ ਹੈ। ਸਤਿਗੁਰੂ ਦੀ ਦਸ਼ਾ ਭੂਤ, ਭਵਿਖ, ਵਰਤਮਾਨ ਤਿੰਨ ਕਾਲਾਂ ਵਿੱਚ ਇਕ ਰੱਸ ਰਹਿੰਦੀ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਸਿਧਾਂਤ ਨੂੰ ਸਪਸ਼ਟ ਰੂਪ ਵਿਚ ਪ੍ਰਗਟ ਕਰ ਦਿੱਤਾ ਹੈ:-

**ਭੁਲਣ ਅੰਦਰਿ ਸਭੁ ਕੋ,**
**ਅਭੁਲੁ ਗੁਰੂ ਕਰਤਾਰੁ॥** [ਪੰਨਾ ੬੧

ਸਤਿਗੁਰੂ ਸਰੀਰ ਨਹੀਂ, 'ਅਗੰਮੀ ਜੋਤਿ' ਹੈ। ਸਤਿਗੁਰੂ ਸਚੇ ਪਾਤਿਸ਼ਾਹ ਜੋ ਕੁਝ ਕਰਨਾ ਚਾਹੁਣ, ਜਦੋਂ ਕਰਨਾ ਚਾਹੁਣ, ਓਹ ਅਵੱਸ਼ ਹੋਵੇਗਾ ਕਿਉਂਕਿ ਗੁਰੂ ਦੀ ਸ਼ਕਤੀ ਤੋਂ ਬਾਹਰ ਕੁਝ ਵੀ ਨਹੀਂ ਹੁੰਦਾ। ਗੁਰੂ ਦੀ ਸ਼ਕਤੀ ਸੀਮਤ ਨਹੀਂ, ਸਰਬ ਵਿਆਪਕ ਹੈ:

ੳ- **ਗੁਰੁ ਪਰਮੇਸਰੁ ਏਕੁ ਹੈ, ਸਭ ਮਹਿ ਰਹਿਆ ਸਮਾਇ॥**
**ਜਿਨ ਕਉ ਪੂਰਬਿ ਲਿਖਿਆ, ਸੇਈ ਨਾਮੁ ਧਿਆਇ ॥**

ਨਾਨਕ, ਗੁਰ ਸਰਣਾਗਤੀ, ਮਰੈ ਨ ਆਵੈ ਜਾਇ ॥
[ਪੰਨਾ ੫੩

ਅ- ਗੁਰੁ ਸਮਰਥੁ ਅਪਾਰੁ ਗੁਰੁ
ਵਡਭਾਗੀ ਦਰਸਨੁ ਹੋਇ ॥
ਗੁਰੁ ਅਗੋਚਰੁ ਨਿਰਮਲਾ,
ਗੁਰੁ ਜੇਵਡੁ ਅਵਰੁ ਨ ਕੋਇ ॥
ਗੁਰ ਤੇ ਬਾਹਰਿ ਕਿਛੁ ਨਹੀ,
ਗੁਰ ਕੀਤਾ ਲੋੜੇ ਸੁ ਹੋਇ ॥ [ਪੰਨਾ ੫੨

ਕਿਸੇ ਵੱਡੀ ਤੋਂ ਵੱਡੀ ਸ਼ਖਸ਼ੀਅਤ ਦੀ ਵੀ ਗੁਰੂ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਗੁਰੂ, ਪਸ਼ੂ ਪ੍ਰੇਤ ਤੋਂ ਮਾਨੁਖ, ਮਾਣਸ ਤੋਂ ਦੇਵਤਾ, ਮਨਮੁਖ ਤੋਂ ਗੁਰਮੁਖ, ਸਾਕਤ ਤੋਂ ਸੇਵਕ, ਭੈ ਤੋਂ ਨਿਰਭਉ, ਕੂੜਿਆਰ ਤੋਂ ਸਚਿਆਰ, ਮੈਲੇ ਤੋਂ ਉਜਲਾ, ਸੁਕੇ ਤੋਂ ਹਰਾ, ਅਪ ਸੁਆਰਥੀ ਤੋਂ ਪਰ ਸੁਆਰਥੀ, ਕਠੋਰ ਤੋਂ ਦਇਆਵਾਨ, ਮੰਦੇ ਤੋਂ ਚੰਗਾ, ਵੈਰ ਤੋਂ ਨਿਰਵੈਰੁ, ਅਤੇ ਜੀਵਨ ਮਰਨ ਤੋਂ ਮੁਕਤ ਕਰ ਸਕਦਾ ਹੈ।

ਅਜਿਹੇ ਸਮਰਥ ਗੁਰੂ ਦੀ ਪਛਾਣ ਬੁਧੀਜੀਵੀਆਂ ਦੇ ਵਸ ਤੋਂ ਬਾਹਰ ਦੀ ਗਲ ਹੈ, ਇਹ ਬ੍ਰਹਮ-ਬੇਤਿਆਂ ਦਾ ਮਾਰਗ ਹੈ। ਬੁਧੀਜੀਵੀਆਂ ਤੇ ਬ੍ਰਹਮ ਬੇਤਿਆਂ ਦੀ ਕ੍ਰਿਆ ਵਿਚ ਅੰਤਰ ਹੈ। ਬੁਧੀ ਜੀਵਆਂ ਦੀ ਕਮਾਈ ਪੁਸਤਕਾਂ ਦੀ ਪੜ੍ਹਾਈ ਤੇ ਆਧਾਰਤ ਹੁੰਦੀ ਹੈ। ਉਨ੍ਹਾਂ ਦਾ ਮਨ, ਇੰਦ੍ਰੇ ਤੇ ਬੁਧੀ ਸੀਮਾ-ਬੱਧ ਹੁੰਦੇ ਹਨ। ਵਿਦਿਅਕ ਪੜ੍ਹਾਈ ਨਾਲ ਹਉਮੈ ਵਿਚ ਵਾਧਾ ਹੁੰਦਾ ਹੈ, ਜਿਸ

ਨਾਲ ਸੁਰਤਿ ਦੀ ਸੁਧਾਈ ਨਹੀਂ ਹੋ ਸਕਦੀ। ਸੁਰਤਿ ਨੂੰ ਘੜਨ ਦਾ ਵਿਸ਼ਾ ਨਾਮ ਸਿਮਰਨ - ਧਿਆਨ ਅਤੇ ਬ੍ਰਹਮ-ਗਿਆਨ ਨਾਲ ਸੰਬੰਧਤ ਹੈ। ਗੁਰੂ ਦੇ ਸ਼ਬਦ ਨਾਲ ਘੜੀ ਹੋਈ ਸੁਰਤਿ ਹੀ ਸਹਜ ਮਾਰਗ ਤੇ ਚਲਣ ਦੀ ਯੋਗ ਅਗਵਾਈ ਬਖਸ਼ਦੀ ਹੈ।

ਗੁਰੂ-ਜੋਤੀ ਜਦੋਂ ਮਨੁੱਖ ਦੇਹੀ ਵਿਚ ਵਿਚਰਦੀ ਹੈ, ਓਦੋਂ ਵੀ ਤਿੰਨਾਂ ਗੁਣਾਂ ਤੋਂ ਅਤੀਤ ਹੋ ਕੇ ੧ੴ ਦੇ ਧਿਆਨ ਵਿਚ ਜੁੜੀ ਰਹਿੰਦੀ ਹੈ। ਗੁਰਬਾਣੀ ਵਿੱਚ ਸਤਿਗੁਰੂ ਜੀ ਦੀ ਅਵਸਥਾ ਦਾ ਸੰਕੇਤਕ ਵਰਨਣ ਇਉਂ ਉਪਲਬਧ ਹੈ:-

**ਨਹ ਸਿਵ ਸਕਤੀ ਜਲ ਨਹੀ ਪਵਨਾ,**
**ਤਹ ਅਕਾਰੁ ਨਹੀ ਮੇਦਨੀ ॥**
**ਸਤਿਗੁਰ ਜੋਗ ਕਾ ਤਹਾ ਨਿਵਾਸਾ**
**ਜਹ ਅਵਿਗਤ ਨਾਥੁ ਅਗਮ ਧਨੀ ॥ [ਪੰਨਾ ੮੮੩**

ਅਗਮ ਅਗੋਚਰ ਸਤਿਗੁਰੂ ਪੁਰਖ ਦੀ ਝਾਲ ਕੌਣ ਝਲ ਸਕਦਾ ਹੈ? ਗੁਰੂ ਜੋਤੀਆਂ ਦੇ ਅਸਚਰਜ ਕੌਤਕਾਂ ਦੀ ਗਾਥਾ ਦਾ ਪੂਰਨ ਵਿਸਥਾਰ ਕਰਨਾ ਅਸੰਭਵ ਹੈ। ਸਮਰਥ ਗੁਰੂ ਦੀਆਂ ਵਡਿਆਈਆਂ ਗੁਰਬਾਣੀ ਵਿਚ ਅਨੇਕ ਸ਼ਬਦਾਂ ਵਿਚ ਅੰਕਿਤ ਹਨ। "ਗੁਰੁ ਨਵਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ" (ਪੰਨਾ ੧੩੯੨) ਕਿਤਨਾ ਵੱਡਾ ਗੁਣ ਹੈ। ਜਿਵੇਂ ਰਸ ਸਦਾ ਰਸਨਾ ਵਿਚ ਰਹਿੰਦਾ ਹੈ ਪਰ ਉਸ ਦਾ ਅਨੰਦ ਹਰ ਵੇਲੇ ਮਨੁੱਖ ਨੂੰ ਪਰਤੀਤ ਨਹੀਂ ਹੁੰਦਾ। ਇਸੇ ਤਰ੍ਹਾਂ ਸਤਿਗੁਰੂ ਸਦਾ ਹੀ ਸਿਖ ਦੇ ਅੰਗ ਸੰਗ ਵਸਦਾ ਹੈ ਪਰ ਇਹ ਪਰਤੀਤੀ ਕਿਸੇ ਵਿਰਲੇ ਪ੍ਰੇਮੀ ਨੂੰ

ਨਸੀਬ ਹੁੰਦੀ ਹੈ। ਜਦ ਪਦਾਰਥ ਪ੍ਰਾਪਤ ਹੁੰਦਾ ਹੈ, ਉਸ ਦੇ ਭੋਗ ਨਾਲ ਉਸ ਸਮੇਂ ਰਸ ਪ੍ਰਾਪਤ ਹੁੰਦਾ ਹੈ।

ਇਸੇ ਤਰ੍ਹਾਂ ਅਨੰਦ ਦਾ ਆਪਣਾ ਅਦਿਸ ਸਰੂਪ ਹੈ, ਪ੍ਰਤੂ ਪਰਤੀਤ ਨਹੀਂ ਹੁੰਦਾ, ਜਦ ਸਮਰਥ ਗੁਰੂ ਸਿਰ ਤੇ ਹੱਥ ਰਖਦਾ ਹੈ, ਸ਼ਬਦ ਦਾ ਸੰਜੋਗ ਬਖਸ਼ਦਾ ਹੈ, ਫਿਰ ਉਸ ਸ਼ਬਦ ਦਾ ਬਾਰ ਬਾਰ ਅਭਿਆਸ ਹੁੰਦਾ ਹੈ, ਫਿਰ ਸੁਤੇ ਹੀ ਆਤਮਿਕ ਅਨੰਦ ਪ੍ਰਗਟ ਹੁੰਦਾ ਹੈ। ਜਿਉਂ ਜਿਉਂ 'ਵਾਹਿਗੁਰੂ' ਨਾਮ ਦਾ ਨਿਰੰਤਰ ਅਭਿਆਸ ਦ੍ਰਿੜ ਅਤੇ ਤੀਬਰ ਹੁੰਦਾ ਹੈ ਉਸ ਦੇ ਅਨੰਦ ਤੇ ਸਮਰਥਾ ਵਿਚ ਹੋਰ ਬਰਕਤ ਪੈਂਦੀ ਹੈ।

ਆਤਮਿਕ ਜੀਵਨ ਵਿਚ ਸਾਧਨ ਜਾਂ ਅਭਿਆਸ ਦਾ ਓਹ ਅਸਥਾਨ ਨਹੀਂ ਜੋ ਸਤਿਗੁਰੂ ਦੀ ਨਦਰਿ ਅਥਵਾ ਮਿਹਰ ਦਾ ਹੈ। ਗੁਰੂ ਫੁਰਮਾਨ ਹੈ:-

**ਲਖ ਖੁਸੀਆ ਪਾਤਿਸਾਹੀਆ,**
**ਜੇ ਸਤਿਗੁਰ ਨਦਰਿ ਕਰੇਇ ॥**
**ਨਿਮਖ ਏਕ ਹਰਿ ਨਾਮੁ ਦੇਇ,**
**ਮੇਰਾ ਮਨੁ ਤਨੁ ਸੀਤਲੁ ਹੋਇ ॥** [ਪੰਨਾ ੪੪

ਸਤਿਗੁਰੂ ਆਪਣੇ ਸੇਵਕ ਨੂੰ ਸਦਾ ਕੰਠ ਨਾਲ ਲਗਾ ਕੇ ਰਖਦੇ ਹਨ। ਸਿੱਖ ਦੀ ਸਦਾ ਪ੍ਰਤਿਪਾਲਨਾ ਕਰਦੇ ਹਨ, ਸਤਿਗੁਰੂ ਆਪਣੇ ਸਿਖ ਸੇਵਕ ਉਤੇ ਸਦਾ ਦਇਆਲੂ ਹੁੰਦੇ ਹਨ:-

**ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥**
**ਸੇਵਕ ਕਉ ਗੁਰੁ ਸਦਾ ਦਇਆਲ ॥**

ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥
ਗੁਰ ਬਚਨੀ ਹਰਿਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥
ਗੁਰ ਕਾ ਸਿਖੁ ਵਡਭਾਗੀ ਹੇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥
ਨਾਨਕ, ਸਤਿਗੁਰੁ ਸਿਖ ਕਉ,
ਜੀਅ ਨਾਲਿ ਸਮਾਰੈ ॥੧॥ [ਪੰਨਾ ੨੮੬

ਜੀਵ ਆਪਣੇ ਆਪ ਨੂੰ ਪਾਲਣ ਤੇ ਸਵਾਰਨ ਦੇ ਸਮਰਥ ਨਹੀਂ ਪਰ ਸਮਰਥ ਗੁਰੂ ਸਦਾ ਸੇਵਕ ਦੀ ਸਾਰ ਲੈਂਦੇ ਹਨ, ਨਾਮ ਜਪਾਉਂਦੇ ਹਨ। ਜਿਥੇ ਵੀ ਸੇਵਕ ਦਾ ਕੋਈ ਕਾਰਜ ਹੋਵੇ, ਉਥੇ ਹੀ ਜਾ ਰਖਿਆ ਕਰਦੇ ਹਨ। ਜੇ ਜੀਵ ਸਮਰਥ ਗੁਰੂ ਨੂੰ ਅਗੇ ਆਪਣਾ ਆਪ ਸਮਰਪਿਤ ਕਰ ਦੇਵੇ, ਵੇਖੋ ਫਿਰ ਕਿਵੇਂ ਇਸ ਦੀ ਬ੍ਰਿਤੀ ਸਾਈਂ ਦੇ ਸਿਮਰਨ ਨਾਲ ਓਤਿ ਪੋਤਿ ਹੁੰਦੀ ਹੈ। ਮਨ ਰੂਪੀ ਵੇਲ ਨੂੰ ਫੁਲ ਤੇ ਫਲ ਲਗਦੇ ਹਨ। ਮਨ ਨੀਵਾਂ ਤੇ ਮਤਿ ਉਚੀ ਹੋ ਜਾਂਦੀ ਹੈ, ਆਪ ਮੁਹਾਰੇ ਹੀ ਸ਼ਬਦ ਬਾਣੀ ਦਾ ਪਰਵਾਹ ਚਲ ਪੈਂਦਾ ਹੈ ਜਿਸ ਦੇ ਪ੍ਰਭਾਵ ਨਾਲ ਝੂਮਦਾ ਹੋਇਆ ਜਗਿਆਸੂ ਗੁਰ-ਪਰਮੇਸ਼ਰ ਜੀ ਦੀਆਂ ਸਿਫਤਾਂ ਦੇ ਇਉਂ ਸੋਹਿਲੇ ਗਾਉਣ ਲਗ ਜਾਂਦਾ ਹੈ:-

ੳ-ਹਮ ਭੂਲਹ ਤੁਮ ਸਦਾ ਅਭੂਲਾ
ਹਮ ਪਤਿਤ ਤੁਮ ਪਤਿਤ ਉਧਰੀਆ॥ [ਪੰਨਾ ੧੨੧੩

ਅ-ਸਤਿਗੁਰੁ ਮੇਰਾ ਸਦਾ ਦਇਆਲਾ,
ਮੋਹਿ ਦੀਨ ਕਉ ਰਾਖਿ ਲੀਆ॥
ਕਾਟਿਆ ਰੋਗੁ ਮਹਾ ਸੁਖੁ ਪਾਇਆ,
ਹਰਿ ਅੰਮ੍ਰਿਤੁ ਮੁਖਿ ਨਾਮੁ ਦੀਆ ॥ [ਪੰਨਾ ੩੮੩

ੲ- ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ॥
ਹਮ ਅਕਿਰਤ ਘਨਾਰੇ ॥
ਲਾਗਿ ਪਰੇ, ਤੇਰੇ ਦਾਨ ਸਿਉ,
ਨਹ ਚਿਤਿ ਖਸਮਾਰੇ ॥ [ਪੰਨਾ ੮੦੯

ਸ- ਹਮਰੋ ਸਹਾਉ ਸਦਾ ਸਦ ਭੂਲਨ॥
ਤੁਮ੍ਰੋ ਬਿਰਦੁ ਪਤਿਤ ਉਧਰਨ ॥ [ਪੰਨਾ ੮੨੮

ਹ- ਤੁਮ ਪਵਿਤ ਪਾਵਨ ਪੁਰਖ ਪ੍ਰਭ ਸੁਆਮੀ,
ਹਮ ਕਿਉਕਰਿ ਮਿਲਹਿ ਜੂਠਾਰੀ ॥
ਹਮਰੈ ਜੀਇ ਹੋਰੁ ਮੁਖਿ ਹੋਰ ਹੋਤ ਹੈ,
ਹਮ ਕਰਮਹੀਣ ਕੂੜਿਆਰੀ ॥
ਹਮਰੀ ਮੁਦ੍ਰ ਨਾਮੁ ਹਰਿ ਸੁਆਮੀ,
ਰਿਦ ਅੰਤਰਿ ਦੁਸਟ ਦੁਸਟਾਰੀ,
ਜਿਉ ਭਾਵੈ ਤਿਉ ਰਾਖਹੁ ਸੁਆਮੀ,
ਜਨ ਨਾਨਕ ਸਰਣਿ ਤੁਮ੍ਾਰੀ ॥ [ਪੰਨਾ ੫੨੮

ਜਦੋਂ ਜਗਿਆਸੂ ਉਤੇ ਸਤਿਗੁਰੂ ਜੀ ਦੀ ਰਹਿਮਤ ਹੁੰਦੀ ਹੈ ਓਦੋਂ ਇਹ ਮਸਤੀ ਵਿਚ ਆ ਕੇ ਗੁਰਬਾਣੀ ਗਾਇਨ ਕਰਦਾ ਹੈ:-

ਸੁਨਹੁ ਲੋਕਾ, ਮੈ ਪ੍ਰੇਮ ਰਸੁ ਪਾਇਆ॥

ਦੂਰਜਨ ਮਾਰੇ ਵੈਰੀ ਸੰਘਾਰੇ,

ਸਤਿਗੁਰ ਮੋਕਉ ਹਰਿ ਨਾਮੁ ਦਿਵਾਇਆ॥ [ਪੰਨਾ ੩੭੦

ਮਾਇਆ ਵਿਚ ਮਤਾ ਹੋਇਆ ਮਨੁੱਖ ਇਧਰ ਉਧਰ ਭਟਕਦਾ ਫਿਰਦਾ ਹੈ ਅਤੇ ਕਹਿੰਦਾ ਹੈ ਕਿ ਪਰਮਾਤਮਾ ਨੇ ਮਾਇਆ ਤੇ ਹੋਰ ਪਦਾਰਥ ਬੇਅੰਤ ਬਖਸ਼ੇ ਹੋਏ ਹਨ ਪਰ ਮਨ ਫਿਰ ਵੀ ਡੋਲਦਾ ਹੈ। ਇਸਦਾ ਮੂਲ ਕਾਰਨ ਇਹ ਹੈ ਕਿ ਮਨੁਖੀ ਮਨ ਬਾਣੀ ਨਾਲ ਨਹੀਂ ਜੁੜਿਆ। ਜਦੋਂ ਸਮਰਥ ਸਤਿਗੁਰੂ ਦੀ ਸੰਗਤਿ ਮਿਲ ਜਾਵੇਗੀ ਫਿਰ ਇਸ ਦੀ ਰਸਨਾ ਤੇ ਅੰਮ੍ਰਿਤ ਬਾਣੀ ਦਾ ਜਾਪ ਹੋਵੇਗਾ, ਡੋਲਨਾ ਮੁਕ ਜਾਵੇਗੀ:-

ਡੋਲਨ ਤੇ ਚੂਕਾ ਠਹਰਾਇਆ॥

ਸਤਿ ਮਾਹਿ ਲੇ ਸਤਿ ਸਮਾਇਆ॥ [ਪੰਨਾ ੮੯੦

ਨਿਰਮਾਣ ਹੋ ਕੇ ਗੁਰੂ ਦੇ ਦਰ ਉਤੇ ਢਹਿਣ ਦੀ ਲੋੜ ਹੈ। ਗੁਰੂ ਸਾਡੇ ਜੀਵਨ ਨੂੰ ਭੰਨ ਘੜ ਕੇ ਸਵਾਰਨ ਵਾਲਾ ਹੈ। ਸਤਿਗੁਰੂ ਦੇ ਭੇਟਿਆਂ ਜੋ ਵਡਿਆਈ ਪ੍ਰਾਪਤ ਹੁੰਦੀ ਹੈ, ਓਹ ਅਕਥਨੀਯ ਹੈ:-

ੳ- ਸਤਿਗੁਰ ਖੋਟਿਅਹੁ ਖਰੇ ਕਰੇ,

ਸਬਦਿ ਸਵਾਰਣਹਾਰੁ ॥ [ਪੰਨਾ ੧੪੩

ਅ- ਸਤਿਗੁਰ ਕੈ ਵਸਿ ਚਾਰਿ ਪਦਾਰਥ ॥

ਤੀਨਿ ਸਮਾਏ ਏਕ ਕ੍ਰਿਤਾਰਥ ॥ [ਪੰਨਾ ੧੩੪੫

ਸਤਿਗੁਰ ਭੇਟੇ ਕੀ ਵਡਿਆਈ॥

ਜਿਨਿ ਮਮਤਾ ਅਗਨਿ, ਤ੍ਰਿਸਨਾ ਬੁਝਾਈ॥

ਸਹਜੇ ਮਾਤਾ ਹਰਿ ਗੁਣ ਗਾਈ ॥ [ਪੰਨਾ ੪੨੩

# ਸਮਰਥ ਗੁਰੂ
## (ਕੁਝ ਇਤਿਹਾਸਕ ਝਲਕਾਂ)

ਗੁਰਬਾਣੀ ਦੇ ਪਾਵਨ ਵਾਕ ਹਨ:-

**ਰਵਿਦਾਸ ਧਿਆਏ ਪ੍ਰਭ ਅਨੂਪ ॥**
**ਗੁਰ ਨਾਨਕ ਦੇਵ ਗੋਵਿੰਦ ਰੂਪ ॥** [ਪੰਨਾ ੧੧੯੨

ਕਲਜੁਗਿ ਦੀ ਭਿਆਨਕ ਦੁਰਦਸ਼ਾ ਵੇਖ ਕੇ, ਪਾਪਾਂ ਦਾ ਅੰਧਕਾਰ ਦੂਰ ਕਰਨ ਅਤੇ ਲੋਕਾਈ ਦਾ ਉਧਾਰ ਕਰਨ ਹਿਤ ਪਰਮੇਸ਼ਰ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਨੂੰ ਆਪਣਾ ਨੂਰਾਨੀ ਰੂਪ ਤੇ ਕਲਾ ਆਦਿ ਬੇਅੰਤ ਬਖਸ਼ਿਸ਼ਾਂ ਪਰਦਾਨ ਕੀਤੀਆਂ ਜਿਸ ਦਾ ਸੰਕੇਤ ਭਾ.ਸ. ਗੁਰਦਾਸ ਜੀ ਦੀ ਪਹਿਲੀ ਵਾਰ ਦੀ 24ਵੀਂ ਪਉੜੀ ਵਿਚ ਇਸ ਤਰ੍ਹਾਂ ਮਿਲਦਾ ਹੈ:-

**ਪਹਿਲਾਂ ਬਾਬੇ ਪਾਯਾ ਬਖਸ ਦਰਿ,**
**ਪਿਛੋ ਦੇ ਫਿਰਿ ਘਾਲਿ ਕਮਾਈ ॥**
**ਰੇਤੁ ਅਕੁ ਆਹਾਰੁ ਕਰਿ,**
**ਰੋੜਾਂ ਕੀ ਗੁਰ ਕਰੀ ਵਿਛਾਈ ॥**
**ਭਾਰੀ ਕਰੀ ਤਪਸਿਆ,**
**ਵਡੇ ਭਾਗ ਹਰਿ ਸਿਉ ਬਣਿ ਆਈ ॥**

**ਬਾਬਾ ਪੈਧਾ ਸਚ ਖੰਡਿ,**
**ਨਉ ਨਿਧਿ ਨਾਮੁ ਗਰੀਬੀ ਪਾਈ॥...**
**ਚੜਿਆ ਸੋਧਣ ਧਰਤਿ ਲੋਕਾਈ ॥**

ਆਪ ਜੀ ਨੇ ਸਚਖੰਡ ਦੇ ਸੁਖ ਨੂੰ ਸੰਸਾਰ ਦੇ ਪਰਉਪਕਾਰ ਕਰਨ ਬਦਲੇ ਵਾਰ ਦਿੱਤਾ।

ਗੁਰੂ ਸਾਹਿਬ ਪਰਮੇਸ਼ਰ ਜੀ ਦਾ ਰੂਪ ਹੋਣ ਕਰਕੇ ਸਰਬ ਕਲਾ ਸਮਰਥ ਸਨ। ਗੁਰੂ ਨਾਨਕ ਦੇਵ ਜੀ ਦੀਆਂ ਜੀਵਨ ਸਾਖੀਆਂ ਸ੍ਰੋਤਿਆਂ ਨੂੰ ਅਸਚਰਜ ਕਰਨ ਵਾਲੀਆਂ ਹਨ-

੧- ਗੁਰੂ ਬਾਬਾ ਜੀ ਨੂੰ ਪਿਤਾ ਕਾਲੂ ਜੀ ਨੇ ਬ੍ਰਿਜ ਨਾਥ ਪਾਂਧੇ ਪਾਸ ਪੜ੍ਹਨ ਲਈ ਬਿਠਾਇਆ। ਜਦੋਂ ਪਾਂਧਾ ਸਸਾ ਧਧਾ, ਓਂਵਾ ਆਦਿ ਅਖਰ ਸਿਖਾਉਣ ਲਗਾ ਤਾਂ ਆਪ ਜੀ ਆਸਾ ਰਾਗ ਵਿਚ ਪੱਟੀ ਉਚਾਰਨ ਕੀਤੀ:-

**ਸਸੈ ਸੋਇ ਸ੍ਰਿਸਟਿ ਜਿਨਿ ਸਾਜੀ,**
**ਸਭਨਾ ਸਾਹਿਬੁ ਏਕੁ ਭਇਆ ॥**
**ਸੇਵਤ ਰਹੇ ਚਿਤ ਜਿਨ੍ ਕਾ ਲਾਗਾ,**
**ਆਇਆ ਤਿਨ੍ ਕਾ ਸਫਲੁ ਭਇਆ ॥**

[ਪੰਨਾ ੪੩੨

੨- ਜਦੋਂ ਗੋਪਾਲ ਪਾਂਧੇ ਪਾਸ ਲੇਖਾ ਲਿਖਣ ਲਈ ਪੜ੍ਹਨ ਪਾਇਆ ਤਾਂ ਆਪ ਜੀ ਨੇ ਇਉਂ ਉਪਦੇਸ਼ ਦਿੱਤਾ:-

**ਬਾਬਾ ਏਹੁ ਲੇਖਾ ਲਿਖ ਜਾਣੁ॥**
**ਜਿਥੈ ਲੇਖਾ ਮੰਗੀਐ,**

ਤਿਥੈ ਹੋਇ ਸਚਾ ਨੀਸਾਣੁ॥

੩- ਤਲਵੰਡੀ ਨਗਰ ਦਾ ਹਾਕਮ ਰਾਇ ਬੁਲਾਰ ਸਮਰਥ ਗੁਰੂ ਦੀ ਕਲਾ ਵੇਖ ਕੇ ਅਸਚਰਜ ਹੋਇਆ ਕਿ ਆਪ ਜਿਸ ਵਣ ਦੇ ਬ੍ਰਿਛ ਹੇਠ ਬਿਰਾਜੇ ਹੋਏ ਸਨ, ਉਸ ਦੀ ਛਾਇਆ ਸਥਿਰ ਸੀ।

੪- ਜਦੋਂ ਗਊਆਂ ਚਰਾਣ ਗਏ ਤਾਂ ਸ਼ੇਸ਼ਨਾਗ ਨੇ ਆਪਣੇ ਫਣ ਖਿਲਾਰ ਕੇ ਛਾਇਆ ਕੀਤੀ।

੫- ਗਊਆਂ ਮਹੀਆਂ ਨੇ ਜੋ ਖੇਤ ਉਜਾੜ ਦਿੱਤਾ ਸੀ, ਹਰਾ ਭਰਾ ਹੋ ਗਿਆ। ਇਹ ਵੀ ਬੜੇ ਅਚੰਭੇ ਵਾਲੀ ਗਲ ਸੀ।

੬- ਭੁੱਖੇ ਸਾਧਾਂ ਨੂੰ ਪਰਸ਼ਾਦਾ ਛਕਾ ਕੇ ਸੱਚਾ ਸੌਦਾ ਕੀਤਾ, ਆਪ ਚਪੇੜਾਂ ਖਾਧੀਆਂ।

੭- 'ਤੇਰਾ ਤੇਰਾ' ਕਰਦਿਆਂ ਮੋਦੀ ਖ਼ਾਨਾ ਲੁਟਾਇਆ। ਨੰਗਿਆਂ ਭੁਖਿਆਂ ਨੂੰ "ਭਾਉ ਭਗਤਿ ਕਰਿ ਨੀਚੁ ਸਦਾਏ॥ ਤਉ ਨਾਨਕ ਮੋਖੰਤਰਿ ਪਾਏ॥" ਦਾ ਉਪਦੇਸ਼ ਦਿੱਤਾ।

੮- ਵੇਈਂ ਨਦੀ ਵਿਚ ਟੁਬੀ ਮਾਰ ਕੇ 'ਸਚ ਖੰਡ' ਸੋ ਦਰੁ ਵਿਚ ਸਿਰਜਨਹਾਰ ਕਰਤਾਰ ਦਾ ਦਰਸ਼ਨ ਪਾਇਆ। ਉਥੋਂ ਜਗਤ ਗੁਰੂ ਦੀ ਪਦਵੀ ਪ੍ਰਾਪਤ ਕੀਤੀ। ਤੀਜੇ ਦਿਨ ਵੇਈਂ ਚੋਂ ਬਾਹਰ ਨਿਕਲੇ ਤਾਂ ਆਖਿਆ:-

ਨਾ ਕੋਈ ਹਿੰਦੂ ਨ ਮੁਸਲਮਾਨ

੯- ਹਰਿਦੁਆਰ ਵਿਖੇ ਲੋਕ ਪੂਰਬ ਵਾਲੇ ਪਾਸੇ ਪਿਤਰਾਂ ਨੂੰ ਪਾਣੀ ਦੇ ਰਹੇ ਸਨ, ਗੁਰੂ ਸਾਹਿਬ ਨੇ ਪਛਮ ਵਾਲੇ ਪਾਸੇ ਆਪਣੇ ਖੇਤਾਂ ਨੂੰ ਪਾਣੀ ਦੇਣਾ ਆਰੰਭ ਦਿੱਤਾ। ਹੈਰਾਨ ਹੋ ਕੇ ਯਾਤਰੀਆਂ ਨੇ ਪੁਛਿਆ ਤਾਂ ਆਪ ਜੀ ਨੇ ਉਨ੍ਹਾਂ ਦਾ ਭਰਮ ਦੂਰ ਕੀਤਾ।

੧੦- ਦਿਲੀ ਵਿਚ ਮੋਇਆ ਹੋਇਆ ਹਾਥੀ ਜਿਵਾਇਆ।

੧੧- ਸਿਧਾਂ ਨਾਲ ਗੋਸ਼ਟਿ ਕਰਕੇ ਉਨ੍ਹਾਂ ਨੂੰ ਜਿਤਿਆ।

੧੨- ਮਰਦਾਨੇ ਨੂੰ ਕਉਡੇ ਰਾਖਸ਼ ਤੋਂ ਛੁਡਾਇਆ।

੧੩- ਰਾਜਾ ਸ਼ਿਵਨਾਭ ਨੇ ਪ੍ਰੀਖਿਆ ਲਈ ਰਾਤ ਨੂੰ ਹਾਵ ਭਾਵ ਕਰਨ ਵਾਲੀਆਂ ਮੋਹਣੀਆਂ ਇਸਤ੍ਰੀਆਂ ਭੇਜੀਆਂ। ਆਪ ਜੀ ਨੇ ਕਿਹਾ-'ਗਾਛਹੁ ਪੁਤ੍ਰੀ ਰਾਜ ਕੁਆਰਿ॥ ਨਾਮੁ ਭਣਹੁ ਸਚੁ ਦੋਤੁ ਸਵਾਰਿ॥' ਦਾ ਉਪਦੇਸ਼ ਦਿੱਤਾ। ਰਾਜੇ ਦਾ ਸੁਕਾ ਬਾਗ਼ ਹਰਾ ਹੋਇਆ। ਰਾਜਾ ਸੇਵਕ ਬਣ ਗਿਆ।

੧੪- ਮਲਕ ਭਾਗੋ ਦੀਆਂ ਲੁਚੀਆਂ ਪੂੜੀਆਂ ਕੜਾਹ ਚੋਂ ਲਹੂ ਚੋਂਦਾ ਵਿਖਾਇਆ ਅਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਚੋਂ ਅੰਮ੍ਰਿਤ ਦੁਧ ਚੁਆਇਆ ਵਿਖਾਇਆ।

੧੫- ਬਾਬਰ ਨੇ ਬਾਬਾ ਜੀ ਨੂੰ ਕੈਦੀ ਬਣਾਇਆ। ਗੁਰ ਬਾਬਾ ਜੀ ਨੂੰ ਜੋ ਚਕੀ ਦਾਣੇ ਪੀਹਣ ਲਈ ਦਿਤੀ, ਓਹ ਆਪੇ ਚਲਦੀ ਰਹੀ।

੧੬- ਵਲੀ ਕੰਧਾਰੀ ਨੇ ਮਰਦਾਨੇ ਨੂੰ ਪਾਣੀ ਨਾ ਦਿੱਤਾ, ਗੁਸੇ ਵਿਚ ਆ ਕੇ ਪਹਾੜੀ ਨੂੰ ਰੋੜ ਦਿੱਤਾ। ਗੁਰੂ ਬਾਬਾ ਜੀ ਨੇ

ਹਥ ਦੇ ਰੋਕਿਆ ਜਿਸ ਦੇ ਅਜ ਵੀ ਪੰਜਾ ਸਾਹਿਬ ਦੇ ਰੂਪ ਵਿਚ ਦਰਸ਼ਨ ਹੁੰਦੇ ਹਨ।

ਇਹ ਤਾਂ ਮੋਟੀਆਂ ਮੋਟੀਆਂ ਕੁਝ ਗੱਲਾਂ ਹਨ। ਸਮਰਥ ਗੁਰੂ ਬਾਬਾ ਜੀ ਨੇ ਸਾਰੇ ਸੰਸਾਰ ਨੂੰ ਤਾਰਿਆ:-

**ਬਾਬੇ ਤਾਰੇ ਚਾਰ ਚਕ**
**ਨੌ ਖੰਡ ਪ੍ਰਿਥਮੀ ਸਚਾ ਢੋਆ ॥**

ਆਕਾਸ਼ ਦੇ ਤਾਰੇ ਗਿਣੇ ਜਾਣ ਤਾਂ ਕੋਈ ਵੱਡੀ ਗਲ ਨਹੀਂ ਪਰ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਤਾਰੇ ਹੋਏ ਜੀਆਂ ਦੀ ਗਿਣਤੀ ਕਰਨੀ ਅਸੰਭਵ ਹੈ।

ਸੁਮੇਰ ਪਰਬਤ ਤੇ ਸਿਧਾਂ ਨਾਲ ਗੋਸਟਿ ਕੀਤੀ, ਸਮਰਥ ਗੁਰੂ ਨੇ ਸ਼ਬਦ ਨਾਲ ਸਾਰੀ ਸਿੱਧ ਮੰਡਲੀ ਜਿਤੀ ਅਤੇ ਆਪਣਾ 'ਨਿਰਮਲ ਪੰਥ' ਚਲਾਇਆ। ਇਸੇ ਤਰ੍ਹਾਂ ਮੱਕੇ ਦੇ ਮੌਲਵੀਆਂ ਦਾ ਹੰਕਾਰ ਤੋੜਿਆ। ਫਿਰਿਆ ਮਕਾ ਕਲਾ ਦਿਖਾਰੀ (੧-੩੩)। ਜਦੋਂ ਬਗ਼ਦਾਦ ਨੂੰ ਗਏ, ਬਾਹਰ ਜਾ ਕੇ ਡੇਰਾ ਲਾਇਆ। ਜਦੋਂ ਭਗਤ ਬੰਦਗੀ ਕਰਕੇ ਬਾਂਗ ਦਿਤੀ, ਸਾਰੀ ਨਗਰੀ ਹੀ ਸੁੰਨਿ ਮੁੰਨਿ ਹੋ ਗਈ ਅਤੇ ਪੀਰ ਬੜਾ ਹੈਰਾਨ ਹੋਇਆ। ਜਦੋਂ ਗੁਰੂ ਬਾਬਾ ਜੀ ਨੇ ਪਾਤਾਲਾਂ ਪਾਤਾਲ ਲਖ ਆਗਾਸਾਂ ਆਗਾਸ ਦੀ ਗਲ ਸੁਣਾਈ ਤਾਂ ਉਹ ਪੀਰ ਜੋ ਸਤ ਆਕਾਸ਼ਾਂ ਤੇ ਸਤ ਪਾਤਾਲਾਂ ਦੀ ਗਿਣਤੀ ਵਿਚ ਬੱਧਾ ਹੋਇਆ ਸੀ ਦੀ ਤਸੱਲੀ ਕਰਾਉਣ ਹਿਤ ਉਸ ਦੇ ਬੇਟੇ ਨੂੰ ਅਖ ਫਰਕ ਵਿਚ 'ਲਖ ਅਕਾਸ ਲਖ ਪਤਾਲ' ਵਿਖਾ ਦਿਤੇ। ਧੁਰੋਂ ਪਾਤਾਲੋਂ ਕੜਾਹ ਪ੍ਰਸ਼ਾਦ ਵੀ ਲਿਆ। ਇਹ ਜ਼ਾਹਰ ਕਲਾ ਛਪਾਈ

ਹੋਈ ਨਹੀਂ ਛਪ ਸਕਦੀ। ਸ਼ਿਵਰਾਤ੍ਰੀ ਦੇ ਮੇਲੇ ਤੇ 'ਕਢਿਆ ਲੋਟਾ ਜਹਾ ਛਪਾਈ' ਦਾ ਕੌਤਕ ਵੇਖ ਕੇ ਜੋਗੀਆਂ ਨੇ ਬੜੀ ਖੁਣਸ ਖਾਧੀ।

ਸੰਸਾਰ ਵਿਚ ਵਸਦਿਆਂ ਹੋਇਆਂ ਵੀ ਸਮਰਥ ਗੁਰੂ ਦੀ ਸੁਰਤਿ ਰਬੀ ਪ੍ਰਕਾਸ਼ ਵਿਚ ਇਕ ਰਸ ਹੋ ਕੇ ਵਿਚਰਦੀ ਹੈ। ਭਾਵੇਂ ਗੁਰੂ ਨਾਨਕ ਦੇਵ ਜੀ ਨੂੰ ਲੋਕਾਂ ਨੇ ਭੂਤਨਾ, ਬੇਤਾਲਾ ਤੇ ਕੁਰਾਹੀ ਕਿਹਾ, ਪਥਰ ਵੀ ਮਾਰੇ ਪਰ ਆਪ ਜੀ ਦੀ ਸਹਿਨਸ਼ੀਲਤਾ ਚੰਦਨ ਦੇ ਬੂਟੇ ਵਾਂਗ ਚੰਗਿਆਈ ਦੀ ਸੁਗੰਧੀ ਖਿਲਾਰਦੀ ਰਹੀ। ਚੰਦਨ ਨੂੰ ਭਾਵੇਂ ਕੋਈ ਕੁਹਾੜੇ ਪਏ ਮਾਰੇ ਉਹ ਕੁਹਾੜੇ ਨਾਲ ਵੀ ਕੋਪ ਨਹੀਂ ਕਰਦਾ, ਸੁਗੰਧੀ ਦੇਣ ਵਾਲਾ ਆਪਣਾ ਸੁਭਾਅ ਨਹੀਂ ਛੱਡਦਾ। ਸਮਰਥ ਗੁਰੂ ਦੀ ਸੁਰਤਿ ਸਦਾ ਸਾਈਂ ਦੇ ਸਿਮਰਨ ਵਿਚ ਰਹਿੰਦੀ ਹੈ ਜਿਸ ਕਰਕੇ ਉਹ ਬਾਹਰਲਾ ਕੋਈ ਅਸਰ ਨਹੀਂ ਕਬੂਲਦੀ।

ਬੇਬੇ ਨਾਨਕੀ ਜੀ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕਰਦੇ, ਗੁਰੂ ਮਹਾਰਾਜ ਦੂਰ-ਦੁਰਾਡੇ ਦੇਸ਼ਾਂ ਚੋਂ ਕਿਵੇਂ ਸੁਲਤਾਨਪੁਰ ਪੁਜ ਜਾਂਦੇ ਸਨ, ਏਦਾਂ ਦੀਆਂ ਬੇਅੰਤ ਸਾਖੀਆਂ ਹਨ।

**ਸ੍ਰੀ ਗੁਰੂ ਅੰਗਦ ਦੇਵ ਜੀ** ਦੀ ਵਡਿਆਈ ਕਰਦਿਆਂ ਕਲ ਭੱਟ ਜੀ ਲਿਖਦੇ ਹਨ:-

**ਅਮਿਆ ਦ੍ਰਿਸਟਿ ਸੁਭ ਕਰੈ,**
**ਹਰੈ ਆਪ ਪਾਪ ਸਕਲ ਮਲ ॥**
**ਕਾਮ ਕ੍ਰੋਧ ਅਰੁ ਲੋਭ ਮੋਹ, ਵਸਿ ਕਰੈ ਸਭੈ ਬਲ॥**
**ਸਦਾ ਸੁਖੁ ਮਨਿ ਵਸੈ, ਦੁਖੁ ਸੰਸਾਰਹ ਖੋਵੈ ॥**

**ਗੁਰੂ ਨਵਨਿਧਿ ਦਰੀਆਉ,**
**ਜਨਮ ਹਮ ਕਾਲਖ ਧੋਵੈ ॥**
**ਸੁ ਕਹੁ ਟਲ ਗੁਰੂ ਸੇਵੀਐ,**
**ਅਹਿਨਿਸਿ ਸਹਜਿ ਸੁਭਾਇ॥**
**ਦਰਸਨਿ ਪਰਸਿਐ ਗੁਰੂ ਕੈ,**
**ਜਨਮ ਮਰਣ ਦੁਖੁ ਜਾਇ॥** [ਪੰਨਾ ੧੩੯੨

ਸ੍ਰੀ ਗੁਰੂ ਅਮਰਦਾਸ ਜੀ ਬਾਰੇ ਕੀਰਤਿ ਭਟ ਲਿਖਦੇ ਹਨ:-

**ਗੁਰ ਅਮਰਦਾਸ ਕੀ ਅਕਥ ਕਥਾ ਹੈ,**
**ਇਕ ਜੀਹ ਕਛੁ ਕਹੀ ਨ ਜਾਈ ॥** [ਪੰਨਾ ੧੪੦੬

ਤੀਜੇ ਪਾਤਿਸ਼ਾਹ ਜੀ ਦੇ ਜੀਵਨ ਵਿਚ ਸਾਖੀ ਆਉਂਦੀ ਹੈ। ਇਕ ਦਿਨ ਗੋਇੰਦਵਾਲ ਵਿਚ ਜਦੋਂ ਗੁਰੂ ਪਾਤਿਸ਼ਾਹ ਨਾਮ ਸਿਮਰਨ ਵਿਚ ਬੈਠੇ ਹੋਏ ਸਨ ਤਾਂ ਅਚਾਨਕ ਕਿਸੇ ਮਾਈ ਦੇ ਰੋਣ ਦੀ ਆਵਾਜ਼ ਕੰਨੀ ਪਈ। ਹਜ਼ੂਰ ਨੇ ਭਾਈ ਬਲੂ ਨੂੰ ਬੁਲਾ ਕੇ ਪੁਛਿਆ "ਅੰਮ੍ਰਿਤ ਵੇਲੇ ਕੌਣ ਰੋ ਰਿਹਾ ਹੈ?" ਤਾਂ ਭਾਈ ਬਲੂ ਨੇ ਦਸਿਆ "ਸਚੇ ਪਾਤਿਸ਼ਾਹ ਜੀਓ! ਇਕ ਬੁਢੀ ਮਾਈ ਦਾ ਇਕਲੋਤਾ ਬੇਟਾ ਸੀ, ਉਹ ਮਰ ਗਿਆ ਹੈ, ਵਿਚਾਰੀ ਰੋ ਰਹੀ ਹੈ।

ਗੁਰੂ ਜੀ ਨੇ ਕਿਹਾ 'ਭਾਈ! ਵਾਹਿਗੁਰੂ ਜੀ ਦਾ ਭਾਣਾ ਅਮਿੱਟ ਹੈ, ਉਸ ਨੂੰ ਕੋਈ ਟਾਲ ਨਹੀਂ ਸਕਦਾ। ਪੁੱਤ੍ਰ ਜੇ ਗੋਇੰਦਵਾਲ ਵਿਚ ਇਸ ਤਰ੍ਹਾਂ ਬਿਰਧ ਮਾਈਆਂ ਦੇ ਬਚੇ ਮਰਨ ਲਗੇ ਤਾਂ ਉਨ੍ਹਾਂ ਦੀ ਬਿਹੋਂ ਦੀ ਪੀੜਾ ਨਾਲ ਕੀਤਾ ਰੁਦਨ ਸਾਡੀ ਸਮਾਧੀ ਨੂੰ ਖੋਲ ਦੇਵੇਗਾ। ਇਸ ਲਈ ਅਸੀਂ ਸਰਬ ਕਲਾ ਸਮਰਥ

ਜਗਤ ਦੇ ਸਿਰਜਣਹਾਰ ਪਰਮ ਪਿਤਾ ਜੀ ਦੇ ਚਰਨਾਂ ਵਿਚ ਅਰਦਾਸਿ ਕਰਦੇ ਹਾਂ। 'ਹੇ ਸਚੇ ਸਾਹਿਬਾ! ਜਦ ਤਕ ਸਾਡਾ ਜੀਵਨ ਹੈ, ਗੋਇੰਦਵਾਲ ਵਿਚ ਕਿਸੇ ਮਾਂ ਦਾ ਪੁਤਰ ਨਾ ਮਰੇ, ਨਾ ਕੋਈ ਰੋਵੇ, ਨਾ ਸਾਡੀ ਸਿਮਰਨ-ਸਮਾਧੀ ਖੁਲੇ।'

ਇਸ ਤਰ੍ਹਾਂ ਆਪ ਜੀ ਨੇ ਆਪਣੇ ਭਤੀਜੇ ਭਾਈ ਸਾਉਣ ਮਲ ਜੀ ਪੰਜਾਂ ਸਿੱਖਾਂ ਦੇ ਨਾਲ ਮਕਾਨ ਬਣਾਉਣ ਹਿਤ ਲਕੜਾਂ ਲਈ ਹਰੀਪੁਰ ਭੇਜਿਆ। ਤੁਰਨ ਲਗਿਆਂ ਸਾਉਣ ਮਲ ਦੀ ਮਾਤਾ ਉਦਾਸ ਹੋ ਕੇ ਕਹਿਣ ਲਗੀ। ਪਹਾੜਾਂ ਵਿਚ ਕਈ ਤਰ੍ਹਾਂ ਦੀਆਂ ਡੈਣਾਂ, ਭੂਤ ਪ੍ਰੇਤ ਹੁੰਦੇ ਹਨ, ਮੇਰਾ ਪੁਤ ਕਿਵੇਂ ਜੀਉਂਦਾ ਮੁੜੇਗਾ। ਗੁਰੂ ਜੀ ਨੇ ਕਿਹਾ ਤੇਰਾ ਪੁਤ ਪਹਾੜਾਂ ਦਾ ਪੀਰ ਸਦਾਵੇਗਾ। ਉਸ ਦਾ ਗੁਰੂ ਰਾਖਾ ਹੋਵੇਗਾ। ਨਾਲ ਆਪਣੇ ਹਥਾਂ ਦਾ ਰੁਮਾਲ ਦੇ ਕੇ ਕਿਹਾ ਜੋ ਤੇਰੀ ਇਛਾ ਹੋਊ, ਉਹ ਪੂਰੀ ਹੋ ਜਾਇਆ ਕਰੇਗੀ। ਜਦੋਂ ਸਾਵਣ ਮਲ ਹਰੀ ਪੁਰ ਪਹੁੰਚਿਆ ਤਾਂ ਉਥੇ ਕਾਸ਼ਤੀ ਦਾ ਵਰਤ ਸੀ। ਰਾਜੇ ਵਲੋਂ ਹੁਕਮ ਸੀ ਕਿ ਕੋਈ ਅੰਨ ਮੂੰਹ ਨਾ ਲਾਵੇ। ਪ੍ਰੰਤੂ ਭਾਈ ਸਾਵਣ ਮਲ ਜੀ ਨੇ ਲੰਗਰ ਤਿਆਰ ਕਰਕੇ ਅਭਿਆਗਤਾਂ ਨੂੰ ਛਕਾਉਣਾ ਸ਼ੁਰੂ ਕਰ ਦਿਤਾ ਜਿਸ ਦੇ ਫਲ ਸਰੂਪ ਆਪ ਜੀ ਨੂੰ ਕੋਤਵਾਲ ਫੜ ਕੇ ਬਾਦਸ਼ਾਹ ਪਾਸ ਲੈ ਗਿਆ। ਰਾਜੇ ਨੇ ਪੁਛਿਆ ਤਾਂ ਆਪ ਨੇ ਕਿਹਾ 'ਗੁਰੂ ਜੀ ਦਾ ਹੁਕਮ ਹੈ'।

'ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ' ਰਾਜੇ ਦਾ ਗੁਰੂ ਜੋ ਬੈਰਾਗੀ ਸੀ ਓਸ ਕਿਹਾ "ਇਹ ਤੁਹਾਡਾ ਹੁਕਮ ਨਹੀਂ ਮੰਨਦਾ, ਇਸ ਨੂੰ ਕੈਦ ਕਰੋ।" ਰਾਜੇ ਨੇ ਉਸੇ ਤਰ੍ਹਾਂ ਕੀਤਾ। ਦੂਜੇ

ਦਿਨ ਰਾਜੇ ਦੇ ਪੁਤਰ ਨੂੰ ਹੈਜ਼ਾ ਹੋ ਗਿਆ ਤੇ ਮਰ ਗਿਆ। ਲੋਕਾਂ ਨੇ ਰਾਜੇ ਨੂੰ ਕਿਹਾ ਤੁਸਾਂ ਇਸ ਸਿਖ ਨੂੰ ਵਿਅਰਥ ਕੈਦ ਕੀਤਾ ਹੈ, ਇਸ ਲਈ ਉਸ ਦੀ ਸ਼ਰਣ ਪੈ ਕੇ ਆਪਣੀ ਭੁਲ ਬਖਸ਼ਾਓ। ਤਾਂ ਭਾਈ ਸਾਉਣ ਮਲ ਜੀ ਨੇ ਜਪੁਜੀ ਸਾਹਿਬ ਦਾ ਪਾਠ ਕਰਕੇ ਗੁਰੂ ਕਾ ਰੁਮਾਲ ਧੋ ਕੇ ਦਿਤਾ ਤਾਂ ਲੜਕਾ ਜੀਉ ਪਿਆ। ਰਾਜਾ ਰਾਣੀ ਗੁਰੂ ਦੇ ਸਿਖ ਹੋ ਗਏ। ਸਾਉਣ ਮਲ ਜਿਸ ਕਾਰਜ ਲਈ ਗਿਆ ਸੀ, ਉਹ ਕਾਰਜ ਤਾਂ ਪੂਰਾ ਹੋ ਗਿਆ ਪਰ ਆਪ ਵਾਪਸ ਜਾਣ ਤੋਂ ਟਾਲ ਮਟੋਲਾ ਕਰਦਾ ਰਿਹਾ। ਜੇ ਵਾਪਸ ਗਿਆ ਤਾਂ ਸਮਰਥ ਗੁਰੂ ਜੀ ਨੇ ਰੁਮਾਲ ਲੈ ਲੈਣਾ ਹੈ। ਇਸ ਲਈ ਆਪਣੀ ਮਾਈ ਨੂੰ ਆਪਣੇ ਪਾਸ ਬੁਲਾ ਲਿਆ। ਸਾਉਣ ਮਲ ਨੇ ਜਦੋਂ ਗੁਰੂ ਵਲੋਂ ਮੂੰਹ ਫੇਰਿਆ ਤਾਂ ਸਾਰੀ ਸ਼ਕਤੀ ਉਡ ਗਈ। ਮਾਂ ਨੇ ਕਿਹਾ ਗੁਰੂ ਜੀ ਦੀ ਸ਼ਰਣ ਜਾ ਕੇ ਭੁਲ ਬਖਸ਼ਵਾਉ। ਫਿਰ ਸਾਉਣ ਮਲ ਰਾਜੇ ਨੂੰ ਨਾਲ ਲੈ ਕੇ ਗੁਰੂ ਜੀ ਦੇ ਦਰਸ਼ਨ ਹਿਤ ਆਇਆ। ਗੁਰੂ ਜੀ ਨੇ ਹੁਕਮ ਦਿਤਾ ਲੰਗਰ ਵਿਚ ਪ੍ਰਸ਼ਾਦ ਛਕ ਕੇ ਆਵੋ। ਰਾਣੀਆਂ ਨੂੰ ਸਾਥ ਨ ਲਿਜਾਵੋ। ਰਾਜਾ ਤੇ ਰਾਣੀ ਪ੍ਰਸ਼ਾਦ ਛਕ ਕੇ ਅੰਦਰ ਆਏ ਤਾਂ ਰਾਣੀ ਨੇ ਗੁਰੂ ਤੋਂ ਘੁੰਡ ਕਢ ਲਿਆ ਜਿਸ ਕਰਕੇ ਉਹ ਕਮਲੀ ਹੋ ਗਈ, ਕਪੜੇ ਲਾਹ ਸੁੱਟੇ। ਪਰ ਰਾਜੇ ਨੇ ਪਰਵਾਹ ਨਾ ਕੀਤੀ। ਗੁਰੂ ਜੀ ਨੇ ਸਾਉਣ ਮਲ ਨੂੰ ਗੁਰ ਦਾ ਉਪਦੇਸ਼ ਸੰਗਤਾਂ ਵਿਚ ਪ੍ਰਸਾਰਨ ਦੀ ਬਖਸ਼ਿਸ਼ ਕੀਤੀ।

## *ਸ੍ਰੀ ਗੁਰੂ ਰਾਮਦਾਸ ਜੀ*

### ਅੰਮ੍ਰਿਤਸਰੁ ਸਤਿਗੁਰ ਸਤਿਵਾਦੀ

**ਜਿਤੁ ਨਾਤੈ ਕਊਆ ਹੰਸ ਹੋਹੈ ॥**
**ਨਾਨਕ ਧਨੁ ਧੰਨੁ ਵਡੇ ਵਡਭਾਗੀ ॥**
**ਜਿਨ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥ [ਪੰ. ੪੯੩**

ਸਤਿਗੁਰੂ ਸਚੇ ਪਾਤਿਸ਼ਾਹ 'ਕਾਗਹੁ ਹੰਸ ਕਰੈ' ਦੀ ਸਮਰਥਾ ਰਖਦੇ ਹਨ। 'ਸੋਮਾਨ ਸਾਹ ਵੇਪਰਵਾਹ ਗੁਰੂ ਕਾ ਸ਼ਾਹ' ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਿਖ ਭਾਈ ਬਹਿਲੋ ਭਾਈ ਬੂਧ, ਕਾਬਲ ਵਾਲੀ ਮਾਈ ਆਦਿ ਕਈ ਸਿਖਾਂ ਦੀਆਂ ਸਾਖੀਆਂ ਸੁਣ ਕੇ ਹਿਰਦੇ ਵਿਚ ਠੰਡ ਪੈਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕਰਨਾ। 'ਉਪਦੇਸੁ ਚਹੁ ਵਰਨਾ ਕਉ ਸਾਝਾ' ਦਾ ਪ੍ਰਚਾਰ ਜਿਸ ਸ਼ਰਧਾ ਨਾਲ ਕੀਤਾ, ਉਸ ਦੀ ਮਿਸਾਲ ਮਿਲਣੀ ਔਖੀ ਹੈ।

**ਤੈਸਾ ਹਰਖੁ ਤੈਸਾ ਉਸੁ ਸੋਗੁ ॥**
**ਸਦਾ ਅਨੰਦੁ ਤਹ ਨਹੀ ਬਿਓਗੁ ॥**
**ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥**
**ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥**
**ਤੈਸਾ ਮਾਨੁ ਤੈਸਾ ਅਭਿਮਾਨੁ ॥**
**ਤੈਸਾ ਰੰਕੁ ਤੈਸਾ ਰਾਜਾਨੁ ॥**
**ਜੋ ਵਰਤਾਏ ਸਾਈ ਜੁਗਤਿ ॥**
**ਨਾਨਕ, ਓਹ ਪੁਰਖੁ, ਕਹੀਐ ਜੀਵਨ ਮੁਕਤਿ ॥[ਪੰ. ੨੭੫**

ਦੇ ਪਰਤਖ ਦਰਸ਼ਨ ਆਪ ਜੀ ਦੇ ਜੀਵਨ ਚੋਂ ਹੁੰਦੇ ਹਨ। ਭਾਈ ਤਿਲੋਕੇ ਦਾ ਪੰਜ ਪੈਸੇ ਘਟ ਵਾਲਾ ਵੱਟਾ ਕਿਵੇਂ ਪੂਰਾ ਕੀਤਾ। ਵਜੀਰ ਖਾਂ ਦਾ ਜਲੋਧਰ ਰੋਗ ਕਿਵੇਂ ਦੂਰ ਹੋਇਆ?

ਮੀਰੀ ਪੀਰੀ ਦੇ ਮਾਲਕ "ਦਲ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ" **ਗੁਰੂ ਹਰਿਗੋਬਿੰਦ ਸਾਹਿਬ** ਜੀ ਦੀ ਸਮਰਥਾ ਬਚਿਤ੍ਰ ਕਰਨ ਵਾਲੀ ਹੈ। ਤੁਰਕਾਂ ਨਾਲ ਕਿਤਨੇ ਜੁਧ ਕੀਤੇ ਜੀਤੇ। ਗਵਾਲੀਅਰ ਦੇ ਕਿਲੇ ਚੋਂ 52 ਕੈਦੀਆਂ ਨੂੰ ਛੁੜਾਇਆ। ਮਾਈ ਭਾਗ ਭਰੀ ਨੂੰ ਦਰਸ਼ਨ ਦੇ ਕੇ ਉਸ ਦੀ ਇੱਛਾ ਪੂਰੀ ਕੀਤੀ। ਭਾਈ ਸਿਧੂ ਤੇ ਰੂਪੇ ਦਾ ਪ੍ਰਸੰਗ। ਕਿਵੇਂ ਉਨ੍ਹਾਂ ਪਾਸੋਂ ਝਜਰ ਦਾ ਠੰਡਾ ਜਲ ਛਕਿਆ। ਭਾਈ ਹੇਮੇ ਦਾ ਪ੍ਰਸੰਗ। ਭਾਈ ਗੁਰਦਾਸ ਜੀ ਦਾ ਘੋੜੇ ਖਰੀਦਣ ਲਈ ਕਾਬਲ ਜਾਣਾ ਆਦਿ ਕਿਤਨੇ ਹੀ ਪ੍ਰਸੰਗ ਹਨ ਜਿਨ੍ਹਾਂ ਵਿਚ ਗੁਰੂ ਜੀ ਦਾ ਸਮਰਥਾ ਦਾ ਭਰਪੂਰ ਵਰਣਨ ਹੈ। ਇਕ ਗਰੀਬ ਘਾਹੀਆ ਗੁਰੂ ਸਾਹਿਬ ਦੇ ਘੋੜਿਆਂ ਲਈ ਘਾਹ ਦੀ ਪੰਡ ਲਿਆਇਆ, ਨਾਲ ਟੱਕਾ ਭੇਟ ਰਖੀ। ਮਹਾਰਾਜ ਨੇ ਉਸ ਨੂੰ ਛਾਤੀ ਨਾਲ ਲਾਇਆ।

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਸੇਵਕ ਭਾਈ ਗੋਂਦੇ ਦਾ ਪ੍ਰਸੰਗ ਬੜਾ ਪ੍ਰਸਿਧ ਹੈ। ਇਕ ਮਾਈ ਜੋ ਗੁਰੂ ਸਾਹਿਬ ਨੂੰ ਪ੍ਰਸ਼ਾਦ ਛਕਾਉਣ ਲਈ ਜੋਦੜੀਆਂ ਕਰ ਰਹੀ ਸੀ, ਇਕ ਚਾਦਰ ਗੁਰੂ ਸਾਹਿਬ ਲਈ ਤਿਆਰ ਕੀਤੀ ਸੀ, ਬੜੇ ਪ੍ਰੇਮ ਨਾਲ ਭੇਟ ਕੀਤੀ।

ਮਾਲਵੇ ਦੇਸ਼ ਵਿਚ ਚੌਧਰੀ ਕਾਲੇ ਤੇ ਫੂਲ ਨੂੰ ਕਿਵੇਂ ਰਾਜ ਭਾਗ ਦਾ ਵਰ ਦਿਤਾ। ਭਾਈ ਭਗਤੂ ਤੇ ਗੌਰੇ ਦਾ ਪ੍ਰਸੰਗ।

ਇਕ ਬ੍ਰਾਹਮਣ ਦਾ ਇਕੋਲਤਾ ਪੁਤਰ ਮਰ ਗਿਆ। ਉਸ ਦੇ ਮਾਤਾ ਪਿਤਾ ਨੇ ਉਸ ਨੂੰ ਗੁਰੂ ਕਿਆਂ ਦੇ ਬੂਹੇ ਅਗੇ ਲਿਆ ਰਖਿਆ ਕਿ ਜਾਂ ਤਾਂ ਇਸ ਨੂੰ ਜਿਵਾਓ ਜਾਂ ਅਸੀਂ ਕਟਾਰੀਆਂ ਖਾ ਕੇ ਤਹਾਡੇ ਬੂਹੇ ਅਗੇ ਮਰਦੇ ਹਾਂ। ਸਿਖ ਮਸੰਦਾਂ ਨੇ ਬੜਾ ਹਟਾਇਆ ਪਰ ਉਨ੍ਹਾਂ ਕਿਸੇ ਦੀ ਗਲ ਨਾ ਮੰਨੀ। ਸਿਖਾਂ ਨੇ ਅੰਦਰ ਭੇਜ ਦਿਤਾ। ਗੁਰੂ ਸਾਹਿਬ ਕਿਹਾ 'ਇਹ ਤਾਂ ਪ੍ਰਾਣਾਂ ਦੇ ਬਦਲੇ ਪ੍ਰਾਣ ਦੇਣੇ ਪੈਣਗੇ, ਕੋਈ ਦੇਵੇ ਤਾਂ ਇਹ ਜੀਉ ਸਕਦਾ ਹੈ। ਉਸ ਦੇ ਘਰ ਵਾਲੇ ਜੋ ਕਹਿੰਦੇ ਸਨ ਅਸੀਂ ਮਰਦੇ ਹਾਂ ਸਭ ਚੁਪ ਹੋ ਗਏ। ਆਪਣੇ ਪ੍ਰਾਣ ਦੇਣੇ ਕੋਈ ਸੌਖੀ ਗਲ ਨਹੀਂ। ਉਸ ਵੇਲੇ ਭਾਈ ਜੀਵਣ ਜੋ ਭਾਈ ਭਗਤੂ ਜੀ ਦਾ ਪੁਤਰ ਸੀ ਮਨ ਵਿਚ ਸੋਚਿਆ, ਇਕ ਦਿਨ ਤਾਂ ਜ਼ੂਰੁਰ ਮਰਣਾ ਹੈ, ਜੇ ਇਸ ਮਾਈ ਦਾ ਪੁਤਰ ਜੀਉ ਪਏ ਤਾਂ ਅਜਿਹਾ ਮਰਣਾ ਸਫਲ ਹੈ। ਉਹ ਘਰ ਜਾ ਕੇ ਕਪੜਾ ਵਿਛਾ ਕੇ ਲੰਮਾ ਪੈ ਗਿਆ ਤੇ ਸਪ ਦੀ ਕੁੰਜ ਲਾਹੁਣ ਵਾਂਗ ਆਪਣੇ ਪ੍ਰਾਣ ਤਿਆਗ ਦਿਤੇ। ਜਿਸ ਵੇਲੇ ਉਸ ਨੇ ਪ੍ਰਾਣ ਤਿਆਗੇ, ਬ੍ਰਾਹਮਣ ਦਾ ਪੁਤਰ ਜਉ ਉਠਿਆ। ਗੁਰੂ ਸਾਹਿਬ ਭਾਈ ਜੀਵਣ ਦਾ ਸਸਕਾਰ ਭਾਈ ਭਗਤੂ ਦੀ ਸਮਾਧ ਕੋਲ ਕੀਤਾ। ਭਾਈ ਜੀਵਣ ਦੀ ਇਸਤਰੀ ਗਰਭਵਤੀ ਸੀ, ਉਸ ਬਾਰੇ ਗੁਰੂ ਜੀ ਨੇ ਬਚਨ ਕੀਤਾ। ਇਸ ਤੋਂ ਲੜਕਾ ਜਨਮੇਗਾ ਉਸ ਦਾ ਨਾਮ ਸੰਤ ਰਾਮ ਰਖਣਾ।'

ਔਰੰਗਜ਼ੇਬ ਦੀ ਕੂਟਲ ਨੀਤੀਆਂ ਵੇਖ ਕੇ "ਨਹਿ ਮਲੇਛ ਕੋ ਦਰਸਨ ਦੇ ਹੈ"ਨਾ-ਮਿਲਵਰਤਣ ਵਾਲੀ ਨੀਤੀ ਅਪਨਾ ਲਈ ਸੀ।

ਔਰੰਗਜ਼ੇਬ ਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਇਸ ਖਿਆਲ ਨਾਲ ਪੰਜਾਬ ਤੋਂ ਦਿਲੀ ਬੁਲਾਇਆ ਕਿ ਜੇ ਓਹ ਸਾਡੇ ਦੀਨ ਵਿਚ ਆ ਗਏ ਤਾਂ ਉਨ੍ਹਾਂ ਨੂੰ ਮੰਨਣ ਵਾਲੇ ਸਾਰੇ ਆਪੇ ਹੀ ਮੁਸਲਮਾਨ ਹੋ ਜਾਣਗੇ। ਜੇ ਨਾ ਮੰਨੇ ਤਾਂ ਕੋਈ ਕਰਾਮਾਤਾ ਵਿਖਾ ਕੇ ਆਪਣਾ ਛੁਟਕਾਰਾ ਕਰਾਉਣਗੇ, ਨਹੀਂ ਤਾਂ ਕਤਲ ਤੋਂ ਘੱਟ ਸਜ਼ਾ ਨਹੀਂ ਹੋਣੀ। ਇਹੋ ਜਿਹੀਆਂ ਮੰਤਕੀ ਦਲੀਲਾਂ ਮੁਖ ਰਖ ਕੇ ਪਹਿਲਾਂ ਤਾਂ ਬਹੁਤ ਨਿਮਰਤਾ ਵਾਲਾ ਸ਼ੋਕਨਾਮਾ ਲਿਖਿਆ। 'ਜਿਵੇਂ ਆਪ ਜੀ ਦੇ ਵੱਡੇ ਸਾਡੇ ਵਡਿਆਂ ਨੂੰ ਦਿਲੀ ਆ ਕੇ ਦਰਸ਼ਨ ਦਿੰਦੇ ਰਹੇ, ਉਸ ਤਰ੍ਹਾਂ ਆਪ ਵੀ ਕਿਰਪਾ ਕਰਕੇ ਇਥੇ ਚਰਨ ਪਾਓ। ਨਾਨਕ ਸ਼ਾਹ ਦੇ ਘਰਾਣੇ ਨੂੰ ਅਸੀਂ ਬਹੁਤ ਪਸੰਦ ਕਰਦੇ ਹਾਂ, ਨਾਨਕ ਗੁਰੂ ਜੀ ਰਬ ਨੂੰ ਪਹੁੰਚੇ ਹੋਏ ਫ਼ਕੀਰ, ਹਿੰਦੂਆਂ, ਮੁਸਲਮਾਨਾਂ ਦੋਹਾਂ ਦੇ ਸਾਂਝੇ ਪੀਰ ਸਨ। ਓਨ੍ਹਾਂ ਮੱਕੇ ਦਾ ਹੱਜ ਕੀਤਾ ਆਪ ਉਨ੍ਹਾਂ ਦੀ ਗਦੀ ਤੇ ਬੈਠੇ ਹੋਏ ਹੋ, ਇਸ ਲਈ ਮੇਰਾ ਮਨ ਆਪ ਜੀ ਦੇ ਦਰਸ਼ਨ ਕਰਨ ਨੂੰ ਲੋਚਦਾ ਹੈ।'

ਗੁਰੂ ਜੀ ਨੇ ਔਰੰਗਜ਼ੇਬ ਦੀ ਚਿਠੀ ਦੇ ਉਤਰ ਵਿਚ ਨਿਰਭੈ ਹੋ ਕੇ ਲਿਖਿਆ ਕਿ ਸਾਨੂੰ ਨਾ ਕਿਸੇ ਦੀ ਚਾਕਰੀ ਦੀ ਲੋੜ ਹੈ, ਨਾ ਮਾਣ ਵਡਿਆਈ ਜਾਂ ਧਨ ਦੀ ਇਛਾ ਹੈ। ਹਾਂ, ਜੇ ਕਦੇ ਸੁਤੇ ਹੀ ਦਿਲ ਆਏ ਤਾਂ ਪਰਸਪਰ ਮੇਲ ਹੋ ਜਾਵੇਗਾ।

ਕਾਜੀਆਂ ਮੁਲਾਣਿਆਂ ਨੇ ਬਾਦਸ਼ਾਹ ਨੂੰ ਗੁਰੂ ਸਾਹਿਬ ਦੇ ਵਿਰੁੱਧ ਬਹੁਤ ਭੜਕਾਇਆ ਅਤੇ ਆਖਿਆ ਕਿ ਇਸ ਨਾਲ ਸ਼ਰਮਦ ਫਕੀਰ ਵਾਲਾ ਵਰਤਾਉ ਹੋਣਾ ਚਾਹੀਦਾ ਹੈ। ਆਪਣੇ ਕੋਲੋਂ ਗੁਰੂ ਜੀ ਦੇ ਵਿਰੁੱਧ ਸ਼ਿਕਾਇਤਾਂ ਕੀਤੀਆਂ ਤੇ ਹੋਰਨਾਂ ਹਾਕਮਾਂ ਪਾਸੋਂ ਕਰਵਾਈਆਂ ਕਿ 'ਗੁਰੂ ਹਰਿ ਰਾਇ ਬਾਦਸ਼ਾਹ ਸਲਾਮਤ ਨੂੰ ਕੁਝ ਨਹੀਂ ਸਮਝਦਾ। ਐਵੇਂ ਹੀ ਦੋ ਢਾਈ ਹਜਾਰ ਸਵਾਰ ਲੈ ਕੇ ਪਰਜਾ ਤੇ ਆਪਣਾ ਰੋਹਬ ਪਾਈ ਰਖਦਾ ਹੈ।' ਲੂਤੀਆਂ ਲਾ ਔਰੰਗਜ਼ੇਬ ਨੂੰ ਬਹੁਤ ਭੜਕਾ ਦਿੱਤਾ। ਉਸ ਨੇ ਜਾਲਮ ਖਾਂ ਉਮਰਾਵ ਨੂੰ ਦਸ ਹਜ਼ਾਰੀ ਫ਼ੌਜ ਦੇ ਕੇ ਗੁਰੂ ਸਾਹਿਬ ਨੂੰ ਫੜਨ ਲਈ ਭੇਜ ਦਿੱਤਾ। ਜ਼ਾਲਮ ਖਾਂ ਚਾਰ ਮੰਜ਼ਲ ਆਇਆ ਤਾਂ ਉਸ ਨੇ ਕਚਾ ਮਾਸ ਖਾਧਾ ਜਿਸ ਨਾਲ ਉਸ ਦੇ ਪੇਟ ਵਿਚ ਅਜਿਹਾ ਸੂਲ ਉਠਿਆ ਕਿ ਤੜਫ ਤੜਫ ਕੇ ਮਰ ਗਿਆ। ਫਿਰ ਦੂੰਦੇ ਖਾਂ ਕੰਧਾਰੀ ਨੂੰ ਤੋਰਿਆ, ਉਸ ਨੂੰ ਕਿਸੇ ਵੈਰੀ ਨੇ ਸੁਤੇ ਪਏ ਨੂੰ ਹੀ ਵੱਢ ਧਰਿਆ। ਤੀਜੀ ਵਾਰੀ ਨਾਹਰ ਖਾਂ ਨਵਾਬ ਸਹਾਰਨਪੁਰੀਏ ਨੂੰ ਘਲਿਆ। ਉਹ ਜਦ ਜਮਨਾ ਦੇ ਕੰਢੇ ਆਇਆ ਤਾਂ ਫੌਜ ਵਿਚ ਹੈਜ਼ਾ ਫੈਲ ਗਿਆ। ਇਸ ਬੀਮਾਰੀ ਨਾਲ ਫੌਜ ਦੇ ਸਰਦਾਰ ਡਰ ਦੇ ਮਾਰੇ ਖਿੰਡ ਪੁੰਡ ਗਏ। ਇਸ ਮਗਰੋਂ ਜਿਸ ਨੂੰ ਬਾਦਸ਼ਾਹ ਹੁਕਮ ਦੇਵੇ, ਓਹ ਟਾਲ ਮਟੋਲਾ ਹੀ ਕਰ ਛਡੇ। ਆਖਰ ਸ਼ਿਵ ਦਿਆਲ ਦੀਵਾਨ ਨੇ ਅਰਜ਼ ਕੀਤੀ ਬਾਦਸ਼ਾਹ ਸਲਾਮਤ! ਨਾਨਕ ਸ਼ਾਹ ਦਾ ਘਰਾਣਾ ਬੇਲਾਗ ਸੱਚੇ ਫਕੀਰਾਂ ਦਾ ਹੈ। ਮੂਰਤੀ ਪੂਜਾ, ਸੁਆਹ ਮਲਣੀ, ਜੱਟਾਂ ਵਧਾਉਣੀਆਂ, ਕੰਨ ਪੜਵਾਉਣੇ ਆਦਿ ਕੋਈ ਪਖੰਡ ਨਹੀਂ ਕਰਦੇ।

ਕੇਵਲ ਰਬ ਦੀ ਬੰਦਗੀ ਕਰਦੇ ਹਨ। ਬਸ ਔਰੰਗੇ ਨੇ ਗੁਰੂ ਸਾਹਿਬ ਲਿਆਉਣ ਦੀ ਡਿਊਟੀ ਦੀਵਾਨ ਦੀ ਲਾ ਦਿੱਤੀ।

ਇਧਰ ਗੁਰੂ ਪਾਤਿਸ਼ਾਹ ਜੀ ਨੇ ਬੇਦੀਆਂ, ਤੇਹਣਾ ਭਲੇ ਸੋਢੀਆਂ ਤੇ ਮਸੰਦਾਂ ਨੂੰ ਜੋ ਕੀਰਤਪੁਰ ਸਾਹਿਬ ਆਏ ਹੋਏ ਸਨ, ਆਦਰ ਨਾਲ ਬਿਠਾ ਕੇ ਆਖਿਆ ਕਿ ਤੁਹਾਡੇ ਵਿਚੋਂ ਜਿਹੜਾ ਲਾਇਕ ਵਿਅਕਤੀ ਹੈ, ਉਹ ਔਰੰਗਜ਼ੇਬ ਪਾਸ ਜਾਵੇ ਪਰ ਸਾਰੇ ਚੁਪ ਕਰ ਗਏ। ਆਖ਼ਰ ਗੁਰੂ ਸਾਹਿਬ ਜੀ ਨੇ ਰਾਮ ਰਾਇ ਨੂੰ ਨਿਰੰਕਾਰੀ ਸ਼ਕਤੀ ਦੇ ਕੇ ਦਿਲੀ ਟੋਰ ਦਿੱਤਾ। ਬਚਨ ਕੀਤਾ 'ਅਸੀਂ ਤੇਰੇ ਅੰਗ ਸੰਗ ਸਹਾਇਕ ਹਾਂ। ਤੇਰੀ ਰਸਨਾ ਤੇ ਗੁਰੂ ਨਾਨਕ ਸਾਹਿਬ ਦੀ ਸ਼ਕਤੀ ਨਿਵਾਸ ਕਰੇਗੀ, ਡਰਣਾ ਨਹੀਂ।' ਬਹੁਤ ਹੌਸਲਾ ਦੇ ਕੇ ਭੇਜਿਆ। 25 ਸਵਾਰ, ਕੁਝ ਪਿਆਦੇ ਤੇ ਪੰਜਾਹ ਆਦਮੀ ਨਾਲ ਦੇ ਕੇ ਰਾਮ ਰਾਇ ਜੀ ਨੂੰ ਟੋਰ ਦਿਤਾ। ਦੀਵਾਨ ਸ਼ਿਵ ਦਿਆਲ ਨੂੰ ਸਿਰੋਪਾਉ ਦਿਤਾ, ਓਹ ਵੀ ਗੁਰੂ ਸਾਹਿਬ ਜੀ ਦਾ ਸੇਵਕ ਬਣ ਗਿਆ। ਆਪ ਜੀ ਨੇ ਕੀਰਤਪੁਰ ਸਾਹਿਬ ਤੋਂ ਚਾਲੇ ਪਾ ਦਿੱਤੇ। ਰਸਤੇ ਤੇ ਪੜਾ ਕਰਦੇ ਕਰਦੇ ਦਿਲੀ ਮਜਨੂੰ ਦੇ ਟਿਲੇ ਪਹੁੰਚ ਗਏ। ਉਥੋਂ ਸ਼ਿਵ ਦਿਆਲ ਦੀਵਾਨ ਨੇ ਔਰੰਗਜ਼ੇਬ ਪਾਸ ਖ਼ਬਰ ਭੇਜੀ, ਬਾਦਸ਼ਾਹ ਢਾਈ ਸੌ ਦੀ ਰਸਦ, ਪੰਜ ਸੋ ਰੁਪਇਆ ਨਕਦ ਰੁਜ਼ੀਨਾ ਮਿਲਣ ਦਾ ਹੁਕਮ ਦਿਤਾ। ਚੋਬਦਾਰ ਟਹਿਲੀਏ ਆਪ ਜੀ ਦੀ ਸੇਵਾ ਵਿਚ ਲਾ ਦਿਤੇ। ਰਾਮਰਾਇ ਜੀ ਦੇ ਸੁੰਦਰ ਰੂਪ ਤੇ ਨੂਰੀ ਝਲਕ ਨੂੰ ਵੇਖ ਕੇ ਔਰੰਗਜ਼ੇਬ ਬਹੁਤ ਖ਼ੁਸ਼ ਹੋਇਆ। ਰਾਮ ਰਾਇ ਜੀ ਦੇ ਬਚਨਾਂ ਦੇ ਪ੍ਰਭਾਵ ਕਾਰਨ ਔਰੰਗਜ਼ੇਬ ਰਾਮਰਾਇ ਜੀ

ਦਾ ਮੁਹੱਬਤੀ ਬਣ ਗਿਆ। ਬਾਦਸ਼ਾਹ ਨੇ ਨੀਤੀ ਵਰਤੀ ਕਿ ਪਿਆਰ ਤੇ ਸੇਵਾ ਕਰਕੇ ਨਿਮਰਤਾ ਸਹਿਤ ਸਾਹਿਬਜ਼ਾਦਾ ਰਾਮ ਰਾਇ ਨੂੰ ਦੀਨ ਵਿਚ ਲਿਆਂਦਾ ਜਾਵੇ। ਇਹ ਬਹੁਤ ਸ਼ਕਤੀਸ਼ਾਲੀ ਪੁਰਸ਼ ਹਨ, ਇਸ ਦੇ ਪਿਆਰ ਵਾਲੇ ਬੇਅੰਤ ਹਿੰਦੂ ਮੁਹੰਮਦੀ ਦੀਨ ਕਬੂਲ ਕਰ ਲੈਣਗੇ। ਇਸ ਕਰਕੇ ਔਰੰਗਜ਼ੇਬ ਨੇ ਰਾਮ ਰਾਇ ਜੀ ਦਾ ਬਹੁਤ ਸਤਿਕਾਰ ਕੀਤਾ। ਸਰਕਾਰੀ ਸਵਾਰੀ ਤੇ ਹੋਰ ਸਾਰੇ ਆਰਾਮ ਦਿਤੇ। ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਰਾਮ ਰਾਇ ਜੀ ਨੇ 72 ਕਰਾਮਾਤਾਂ ਵਿਖਾ ਕੇ ਔਰੰਗੇ ਨੂੰ ਆਪਣਾ ਅਨੁਸਾਰੀ ਬਣਾ ਲਿਆ। ਬਾਦਸ਼ਾਹ ਰਾਮ ਰਾਇ ਜੀ ਦੀ ਆਤਮਿਕ ਸ਼ਕਤੀਆਂ ਵੇਖ ਕੇ ਹਕਾ ਬਕਾ ਰਹਿ ਗਿਆ। ਕਾਜ਼ੀਆਂ ਦੇ ਸਿਖਾਏ ਔਰੰਗੇ ਨੇ ਰਾਮ ਰਾਇ ਜੀ ਨੂੰ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ 'ਮਿਟੀ ਮੁਸਲਮਾਨ ਕੀ ਪੇੜੈ ਪੲਈ ਕੁਮ੍ਹਿਆਰ॥ ਘੜਿ ਭਾਡੇ ਇਟਾ ਕੀਆ ਜਲਦੀ ਕਰੇ ਪੁਕਾਰ' ਇਸ ਦਾ ਕੀ ਅਰਥ ਹੈ? ਰਾਮ ਰਾਇ ਨੂੰ ਔਰੰਗਜ਼ੇਬ ਨੂੰ ਖੁਸ਼ ਰਖਣ ਹਿਤ ਆਖਿਆ ਕਿ ਗੁਰੂ ਨਾਨਕ ਦੇਵ ਜੀ ਨੇ ਤਾਂ 'ਮਿਟੀ ਬੇਈਮਾਨ ਕੀ' ਕਿਹਾ ਸੀ, ਕਿਸੇ ਲਿਖਾਰੀ ਨੇ 'ਮਿਟੀ ਮੁਸਲਮਾਨ ਕੀ' ਲਿਖ ਦਿਤਾ ਹੋਵੇਗਾ। ਇਹ ਗਲ ਸੁਣ ਕੇ ਬਾਦਸ਼ਾਹ ਦੀ ਨਿਸ਼ਾ ਹੋ ਗਈ, ਪਰ ਗੁਰੂ ਸਾਹਿਬ ਦੇ ਸਚੇ ਸਿਦਕੀ ਸਿਖ ਜੋ ਰਾਮ ਰਾਇ ਜੀ ਦੇ ਪਾਸ ਰਹਿੰਦੇ ਸਨ, ਨੇ ਬਹੁਤ ਬੁਰਾ ਮੰਨਾਇਆ ਅਤੇ ਗੁਰੂ ਹਰਿ ਰਾਇ ਸਾਹਿਬ ਜੀ ਪਾਸ ਸਭ ਕੁਝ ਲਿਖ ਭੇਜਿਆ ਜਿਸ ਤੋਂ ਆਪ ਬੜੇ ਗੁਸੇ ਹੋਏ ਅਤੇ ਰਾਮ ਰਾਇ ਨੂੰ ਕਹਿ ਭੇਜਿਆ ਕਿ 'ਰਾਮ ਰਾਇ! ਤੂੰ ਗੁਰੂ ਨਾਨਕ ਦੇਵ

ਜੀ ਦੀ ਬਾਣੀ ਭੰਗ ਕੀਤੀ ਹੈ, ਝੂਠ ਬੋਲ ਕੇ ਔਰੰਗਜ਼ੇਬ ਨੂੰ ਖ਼ੁਸ਼ ਕੀਤਾ ਹੈ, ਜੇ ਤੂੰ ਚਾਹੁੰਦਾ ਹੈ ਤਾਂ ਕਬਰਾਂ ਸੜਦੀਆਂ ਦਿਖਾ ਸਕਦਾ ਸੀ, ਗੁਰੂ ਜੀ ਦਾ ਬਚਨ ਕਿਉਂ ਬਦਲਾਇਆ? ਤੈ ਬਹੁਤ ਅਨਰਥ ਕੀਤਾ ਆਪਣੀ ਗਲ ਰਖਣ ਖ਼ਾਤਰ ਅਤੇ ਬਾਦਸ਼ਾਹ ਨੂੰ ਖ਼ੁਸ਼ ਰਖਣ ਲਈ ਆਪਣੇ ਵਡਿਆਂ ਨੂੰ ਝੂਠੇ ਤੇ ਫ਼ਰੇਬੀ ਬਣਾਇਆ ਹੈ। ਜਿਸ ਮੂੰਹ ਨਾਲ ਤੂੰ ਗੁਰੂ ਬਾਬਾ ਜੀ ਦਾ ਬਚਨ ਪਲਟਿਆ ਹੈ, ਉਹ ਆਪਣਾ ਮੂੰਹ ਸਾਨੂੰ ਨ ਦਿਖਾਈਂ। ਗਲ ਕੀ ਸਮਰਥ ਸਤਿਗੁਰੂ ਜੀ ਨੇ ਰਾਮ ਰਾਇ ਜੀ ਨੂੰ ਇਤਨੀਆਂ ਸ਼ਕਤੀਆਂ ਬਖਸ਼ੀਆਂ ਜਿਨ੍ਹਾਂ ਨੇ ਸਾਰੀ ਹਕੂਮਤ ਨੂੰ ਚਕ੍ਰਿਤ ਕਰ ਦਿਤਾ। ਪਰ ਗੁਰੂ ਜੀ ਦੇ ਹੁਕਮ ਅਦੂਲੀ ਦੇ ਦੋਸ਼ ਕਾਰਨ ਰਾਮਰਾਇ ਦਾ ਇਹ ਹਸ਼ਰ ਹੋਇਆ ਕਿ ਆਪਜੀ ਨੂੰ ਪਿਤਾ ਜੀ ਨੇ ਮੂੰਹ ਨਹੀਂ ਲਾਇਆ ਅਤੇ ਰਾਮ ਰਾਈਆਂ ਨਾਲ ਨਾ-ਮਿਲਵਰਤਣ ਦਾ ਆਦੇਸ਼ ਹੁਣ ਤਕ ਲਾਗੂ ਹੈ।

ਇਕ ਦਿਨ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਸੰਗਤਾਂ ਦਾ ਉਧਾਰ ਕਰਨ ਹਿਤ ਪਾਲਕੀ ਵਿਚ ਜਾ ਰਹੇ ਸਨ ਕਿ ਰਸਤੇ ਵਿਚ ਇਕ ਬ੍ਰਾਹਮਣ ਕੁਸ਼ਟੀ ਗੁਰੂ ਜੀ ਦੀ ਪਾਲਕੀ ਅਗੇ ਲੰਮਾ ਪੈ ਕੇ ਰੋਣ ਲਗ ਪਿਆ। ਗੁਰੂ ਜੀ ਨੂੰ ਤਰਸ ਆਇਆ, ਪਾਲਕੀ ਠਹਿਰਾ ਕੇ ਆਪਣੇ ਪਾਸੋਂ ਰੁਮਾਲ ਦੇ ਕੇ ਆਖਿਆ ਕਿ ਪਿੰਡੇ ਤੇ ਫੇਰੋ। ਜਿਸ ਵੇਲੇ ਉਸ ਕੋਹੜੀ ਨੇ ਰੁਮਾਲ ਆਪਣੇ ਪਿੰਡੇ ਤੇ ਮਲਿਆ ਉਸਦਾ ਸਰੀਰ ਕੁੰਦਨ ਦੀ ਤਰ੍ਹਾਂ ਨਿਕਲ ਆਇਆ।

ਦਿਲੀ ਦੀ ਸੰਗਤ ਦੀ ਬੇਨਤੀ ਪਰ ਆਪ ਜੀ ਦਿਲੀ ਗਏ ਰਸਤੇ ਵਿਚ ਪੰਜੋਖਰਾ (ਜਿਲਾ ਅੰਬਾਲਾ) ਵਿਚ ਉਤਰੇ ਹੋਏ ਸਨ।

ਕਿ ਇਕ ਹੰਕਾਰੀ ਪੰਡਤ ਲਾਲ ਚੰਦ ਦਾ ਵਿਦਿਆ ਦਾ ਹੰਕਾਰ ਦੂਰ ਕਰਨ ਲਈ ਗੂੰਗੇ ਛਜੂ ਝੀਊਰ ਤੋਂ ਗੀਤਾ ਦੇ ਅਰਥ ਕਰਵਾਏ। ਸੋਟੀ ਸਿਰ ਤੇ ਰਖੀ ਉਸ ਨੂੰ ਅਗਮ ਨਿਗਮ ਦੀ ਸੋਝੀ ਹੋਈ। ਦਿਲੀ ਪੁਜਕੇ ਜਿਥੇ ਅਜ ਕਲ ਗੁਰਦੁਆਰਾ ਬੰਗਲਾ ਸਾਹਿਬ ਹੈ ਰਾਜੇ ਜੈ ਸਿੰਘ ਪਾਸ ਨਿਵਾਸ ਕੀਤਾ। ਰਾਜੇ ਦੀ ਰਾਣੀ ਗੋਲੀਆਂ ਦੇ ਕਪੜੇ ਪਾ ਕੇ ਆਈ ਗੁਰੂ ਜੀ ਨੇ ਪਛਾਣ ਲਿਆ ਤੇ ਰਾਣੀ ਨੇ ਗੁਰੂ ਜੀ ਨੂੰ ਅੰਤਰਜਾਮੀ ਜਾਣ ਕੇ ਮਥਾ ਟੇਕਿਆ। ਗੁਰੂ ਜੀ ਨੇ ਸ਼ਹਿਜਾਦਿਆਂ ਨੂੰ ਆਤਮਕ ਉਪਦੇਸ਼ ਕੀਤਾ, ਹੈਜੇ ਦੇ ਰੋਗੀਆਂ ਨੂੰ ਚਰਨਾਮ੍ਰਿਤ ਬਖਸ਼ਿਆ। ਦਿਲੀ ਗੁਰੂ ਜੀ ਨੂੰ ਚੇਚਕ (ਮਾਤਾ) ਨਿਕਲ ਆਈ। ਸੰਗਤਾਂ ਪੁਛਿਆ ਕਿ ਆਪ ਜੀ ਮਗਰੋਂ ਗੁਰੂ ਕੌਣ ਹੋਵੇਗਾ? ਤਾਂ ਆਪ ਜੀ 'ਬਾਬਾ ਬਕਾਲੇ' ਕਹਿ ਕੇ ਜੋਤੀ ਜੋਤਿ ਸਮਾ ਗਏ।

ਅਜ ਵੀ ਗੁਰੂ ਸਾਹਿਬ ਜੀ ਦੋ ਸ਼ਰਧਾਲੂਆਂ ਦੇ ਰੋਗ ਦੂਰ ਹੁੰਦੇ ਹਨ। ਗੁਰਦੁਆਰਾ ਬੰਗਲਾ ਸਾਹਿਬ ਵਿੱਚ ਸੰਗਤਾਂ ਦੀ ਆਵਾਜਾਈ ਬੇਸ਼ੁਮਾਰ ਹੈ। ਗੁਰਦੁਆਰਾ ਪ੍ਰਬੰਧ ਵਿਚ ਇਹ ਘਾਟ ਹੈ ਕਿ ਉਥੇ ਵੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀਆਂ ਤਸਵੀਰਾਂ ਨਾਲੋਂ ਤੋੜ ਕੇ ਗੁਰ ਸ਼ਬਦ ਨਾਲ ਜੋੜਨ ਲਈ ਕੋਈ ਉਦਮ ਨਹੀਂ ਕੀਤਾ ਜਾ ਰਿਹਾ ਜੋ ਕਿ ਸਿਖ ਧਰਮ ਦਾ ਮੂਲਿਕ ਸਿਧਾਂਤ ਹੈ। ਇਹ ਸਭ ਖੇਡਾਂ ਗੁਰੂ ਸਾਹਿਬ ਜੀ ਦੀ ਆਤਮ ਸ਼ਕਤੀ ਦੀਆਂ ਪ੍ਰਤੀਕ ਹਨ।

ਹੁਣ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਮਰਥਾ ਦੇ ਪਾਵਨ ਦਰਸ਼ਨ ਕਰੋ। ਕਿਵੇ ਸੇਠ ਮਖਣ ਸ਼ਾਹ ਲੁਬਾਣਾ ਗੁਰੂ ਦਾ ਸਿਦਕੀ ਸਿਖ ਦਾ ਜਹਾਜ਼ ਪਾਰ ਲਗਾਇਆ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਕੀਰਤਪੁਰ ਕਲੇਸ਼ ਦਾ ਘਰ ਸਮਝ ਕੇ ਜੋ ਕਿਸੇ ਸਮੇਂ ਮੈਹਖੇ ਦੈਂਤ ਦਾ ਸੀ, ਹੁੰਦਾ ਵੇਖ ਕੇ ਮਾਖੋ ਵਾਲ ਪਿੰਡ ਵਸਾਇਆ, ਜਿਸ ਦਾ ਨਾਉ ਅਨੰਦਪੁਰ ਰਖਿਆ। ਕਿਉਂਕਿ ਅਨੰਦ ਦਾ ਘਰ ਸੀ। ਪੀਰ ਮੌਲੇ ਸ਼ਾਹ ਆਪਣੇ ਮੁਰੀਦਾਂ ਤੋਂ ਕਾਰ ਭੇਟਾ ਲੈਂਦਾ ਗੁਰੂ ਦਾ ਜਸ ਸੁਣ ਕੇ ਅਨੰਦਪੁਰ ਆਇਆ। ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਬਾਗ ਬਗੀਚੇ ਚੋਂ ਲੰਘਦਾ ਹੋਇਆ ਕਹਿਣ ਲਗਾ ਕਿ ਗੁਰੂ ਸਾਹਿਬ ਦੇ ਬਚਨ:-

**ਜਿਨੀ ਚਲਣ ਜਾਣਿਆ, ਸੇ ਕਿਉ ਕਰਹਿ ਵਿਥਾਰ॥**
**ਚਲਣ ਸਾਰ ਨਾ ਜਾਣਨੀ, ਕਾਜ ਸਵਾਰਣਹਾਰ॥**

ਗੁਰੂ ਸਾਹਿਬ ਆਪਣੇ ਆਪ ਨੂੰ ਵੈਰਾਗਵਾਨ ਸਦਾਉਂਦੇ ਹਨ ਨਾਲ ਹੀ ਐਨੇ ਅਡੰਬਰ ਕਿਉਂ ਰਚਦੇ ਹਨ? ਸਿਖਾਂ ਨੇ ਇਹ ਗਲ ਗੁਰੂ ਸਾਹਿਬ ਤਕ ਪਹੁੰਚਾਈ। ਜਦੋਂ ਪੀਰ ਮੌਲੇ ਸ਼ਾਹ ਨੇ ਪਰਸ਼ਾਦਾ ਛਕਿਆ, ਉਸ ਨੂੰ ਨੀਂਦ ਆ ਗਈ। ਸੁਪਨੇ ਵਿਚ ਜੋ ਕੁਝ ਉਸ ਨੇ ਵੇਖਿਆ, ਬੜਾ ਹੈਰਾਨ ਹੋਇਆ। ਪੁਰਾਤਨ ਸਮੇਂ ਧਰਮਸਾਲ, ਸਰਾਵਾਂ ਆਦਿ ਲੋਕਾਂ ਨੂੰ ਸੁਖ ਪਹੁੰਚਾਉਣ ਲਈ ਬਣਾਈਆਂ ਜਾਂਦੀਆਂ ਸਨ। ਇਤਨੇ ਵਿਚ ਉਸ ਦੀ ਜਾਗ ਖੁਲ ਗਈ। ਵੇਖਿਆ ਬਚੇ ਰੇਤ ਦੇ ਘਰ ਬਣਾ ਬਣਾ ਕੇ ਫੇਰ ਢਾਹ ਦੇਂਦੇ ਹਨ, ਓਹ ਕੋਈ ਮੋਹ, ਜਾਂ ਸ਼ੋਕ ਨਹੀਂ ਕਰਦੇ। ਇਸ ਤੋਂ ਉਸ ਨੂੰ

ਇਲਹਾਮ ਹੋਇਆ ਕਿ ਇਹ ਮੋਹ ਸੋਗ ਤੋਂ ਰਹਿਤ ਹਨ, ਪੀਰ ਗੁਰੂ ਜੀ ਦੇ ਚਰਨਾ ਤੇ ਢਹਿ ਪਿਆ। ਭੁਲ ਦੀ ਖਿਮਾ ਮੰਗੀ, ਅਗੇ ਤੋਂ ਉਹ ਵੀ ਧਰਮਸਾਲਾ ਮਸੀਤਾਂ ਬਣਵਾਉਣ ਲਗ ਪਿਆ।

ਸਮਰਥ ਗੁਰੂ ਜੀ ਨੇ ਦੇਸ਼ ਸੁਧਾਰ ਹਿਤ ਤੀਰਥ ਯਾਤਰਾ ਕੀਤੀ। ਅਨਾਥ ਕਸ਼ਮੀਰੀ ਪੰਡਤਾਂ ਲਈ ਆਪਣਾ ਸਰੀਰ ਬਲੀਦਾਨ ਕੀਤਾ। ਦਿਲੀ ਜਿਥੇ ਗੁਰੂ ਜੀ ਨੂੰ ਕੈਦ ਕੀਤਾ ਹੋਇਆ ਸੀ, ਉਥੇ ਕਈ ਅਦਭੁਤ ਸ਼ਕਤੀਆਂ ਵਰਤੀਆਂ। ਗੁਰੂ ਜੀ ਜਿਹਲ ਵੀ ਹਾਜ਼ਰ ਰਹਿਣਾ ਤੇ ਸਿਖਾਂ ਦੇ ਘਰ ਪਰਸ਼ਾਦਾ ਵੀ ਛਕਣਾ। ਜਮਨਾ ਤੇ ਇਸ਼ਨਾਨ ਕਰਦਿਆਂ ਵੀ ਵੇਖਣਾ ਅਤੇ ਪਿੰਜਰੇ ਵਿਚ ਵੀ ਵੇਖਣਾ। ਔਰੰਗਜ਼ੇਬ ਨੂੰ ਬੜੀ ਹੈਰਾਨੀ ਹੋਈ ਕਿ ਗੁਰੂ ਸਾਹਿਬ ਤਾਂ ਕਹਿੰਦੇ ਸਨ ਕਿ ਕਰਾਮਾਤ ਨਹੀਂ ਵਿਖਾਉਣੀ, ਫਿਰ ਇਹ ਜੋ ਕੁਝ ਹੋ ਰਿਹਾ ਹੈ ਕੀ ਹੈ? ਔਰੰਗਜ਼ੇਬ ਨੇ ਪੁਛ ਪੜਤਾਲ ਕਰਾਈ ਤਾਂ ਆਪ ਜੀ ਨੇ ਕਿਹਾ ਸਿਖਾਂ ਦੀ ਭਾਵਨਾ ਹੈ, ਪਰਮੇਸ਼ਰ ਜੀ ਆਪ ਪੂਰੀ ਕਰ ਰਹੇ ਹਨ, ਅਸੀਂ ਕੋਈ ਕਰਾਮਾਤ ਨਹੀਂ ਵਿਖਾ ਰਹੇ।

ਆਪ ਜੀ ਦੀ ਮਾਤਾ ਜੀ ਨੇ ਜਦੋਂ ਭਾਈ ਮਤੀ ਰਾਮ, ਦਇਆਲਾ ਚੰਦ ਦਾ ਸ਼ਹੀਦ ਹੋਣਾ ਸੁਣਿਆ ਤਾਂ ਬੜੇ ਉਦਾਸ ਹੋਏ। ਆਪ ਜੀ ਨੇ ਮਾਤਾ ਜੀ ਨੂੰ ਧੀਰਜ ਦੇਣ ਲਈ ਚਿਠੀ ਲਿਖੀ। ਤੁਸੀਂ ਮੇਰੇ ਪਿਛੇ ਜ਼ਰਾ ਸੋਕ ਨਹੀਂ ਕਰਨਾ, ਮੈਂ ਗੁਰੂ ਨਾਨਕ ਜੀ ਦੇ ਬਚਨ ਅਨੁਸਾਰ ਔਰੰਗਜ਼ੇਬ ਦੇ ਸਿਰ ਠੀਕਰਾ ਭੰਨ ਕੇ ਸਚ ਖੰਡ ਵਿਚ ਪਿਤਾ ਸਤਿਗੁਰਾਂ ਦੇ ਦਰਬਾਰ ਵਿਚ ਜਾਵਾਂਗਾ। ਦੇਹ ਬਿਨਸਨਹਾਰ ਹੈ। ਤੁਹਾਡਾ ਪੁਤਰ ਪਰਉਪਕਾਰੀ, ਸਰਬ

ਸ਼ਕਤੀਵਾਨ ਹੈ, ਸਮਰਥ ਗੁਰੂ ਜੀ ਨੇ ਜਿਵੇਂ ਆਪਣੇ ਸੀਸ ਦਾ ਬਲੀਦਾਨ ਦਿਤਾ, ਉਹ ਬੇ ਮਿਸਾਲ ਹੈ।

ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਮਰਥਾ ਅਗੇ ਬਾਰ ਬਾਰ ਨਮਸਕਾਰ ਹੈ। ਵਿਸਾਖੀ ਵਾਲੇ ਦਿਨ ਸੀਸ ਭੇਟ ਦਾ ਅਦਭੁਤ ਨਜ਼ਾਰਾ, ਅੰਮ੍ਰਿਤ ਦੀ ਦਾਤਿ ਵੰਡ ਕੇ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਵਾਲੀ ਅਭੇਦਤਾ ਸੰਸਾਰ ਦੇ ਕਿਸੇ ਧਰਮ ਵਿਚ ਨਹੀਂ ਲਭ ਸਕਦੀ। "ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮੈ ਹਉ ਕਰਉ ਨਿਵਾਸ" ਦੇ ਨਾਲ ਹੀ "ਖਾਲਸਾ ਮੇਰਾ ਸਜਨ ਸੂਰਾ॥ ਖਾਲਸਾ ਮੇਰਾ ਸਤਿਗੁਰੁ ਪੂਰਾ" ਆਖਣਾ ਇਹ ਸਮਰਥ ਪੁਰਖ ਦਾ ਹੀ ਕੰਮ ਹੈ। 'ਮੈ ਹਉ ਪਰਮ ਪੁਰਖ ਕੋ ਦਾਸਾ ॥ ਦੇਖਨ ਆਇਓ ਜਗਤ ਤਮਾਸਾ" ਅਨੁਸਾਰ ਧਰਮ ਦੀ ਰਖਿਆ ਲਈ ਪਹਾੜੀ ਰਾਜਿਆਂ ਤੇ ਤੁਰਕਾਂ ਨਾਲ ਜੋ ਜੁਧ ਕੀਤੇ, ਫਤਿਹ ਪਾਈ। ਭਾ. ਬਚਿਤ੍ਰ ਸਿੰਘ ਨੂੰ ਕਿਵੇਂ ਮਸਤ ਹਾਥੀ ਨਾਲ ਲੜਾਇਆ। ਮਸੰਦਾਂ ਦੇ ਮਾੜੇ ਕਾਰਨਾਮੇ ਵੇਖ ਕੇ ਉਨ੍ਹਾਂ ਨੂੰ ਤੇਲ ਦੇ ਕੜਾਹ ਵਿਚ ਤਲਵਾਇਆ। ਰਾਮ ਰਾਇ ਦੀ ਮੌਤ ਤੇ ਅਫਸੋਸ ਨਹੀਂ ਕੀਤਾ ਪਰ ਪੰਜਾਬ ਕੌਰ ਨੂੰ ਕੁਝ ਗਹਿਣੇ ਕਪੜੇ ਤੇ ਪਦਾਰਥ ਦਿਤੇ। ਵਿਗੜੇ ਹੋਏ ਹਾਲਾਤ ਦੀ ਸਮੀਖਿਆ ਕੀਤੀ। ਬੇਦਾਵਾ ਦੇਣ ਵਾਲਿਆਂ ਨੂੰ ਵੀ ਮੁਕਤਸਰ ਸਾਹਿਬ ਦੇ ਜੁੱਧ ਵਿਚ ਹੋਏ ਸ਼ਹੀਦ ਸਿੰਘਾਂ ਦੀ, ਭਾਈ ਮਹਾਂ ਸਿੰਘ ਜੀ ਦੀ ਬੇਨਤੀ ਕਰਨ ਤੇ ਟੁੱਟੀ ਗੰਢੀ। ਭਾਵੇਂ ਆਪਣੇ ਲਖਤੇ ਜਿਗਰ ਸਾਹਿਬਜ਼ਾਦੇ ਮਾਤਾ ਪਿਤਾ, ਗਲ ਕੀ ਸਾਰਾ ਪਰਵਾਰ ਖ਼ਾਲਸਾ ਪੰਥ ਤੋਂ ਵਾਰ

ਦਿਤਾ, ਫਿਰ ਵੀ ਚਿੰਤਾਵਾਨ ਨਹੀਂ ਹੋਏ, ਚੜ੍ਹਦੀ ਕਲਾ ਵਿਚ ਰਹੇ ਤੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਭਾਵ ਫਤਿਹ ਦੀ ਚਿਠੀ ਲਿਖੀ। ਜਿਸ ਵਿਚ ਝੂਠੀਆਂ ਕਸਮਾਂ ਖਾਣੀਆਂ, ਬੇਗਨਾਹ ਮਾਸੂਮ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦੀਆਂ ਗਲਾਂ ਲਿਖੀਆਂ, ਓਹ ਚਿਠੀ ਭਾਈ ਦਇਆ ਸਿੰਘ, ਧਰਮ ਸਿੰਘ ਲੈ ਕੇ ਔਰੰਗਾਬਾਦ ਪਹੁੰਚ ਗਏ। ਪਰ ਕਈ ਦਿਨਾਂ ਬਾਅਦ ਬਾਦਸ਼ਾਹ ਨਾਲ ਮੇਲ ਹੋਇਆ। ਚਿਠੀ ਪੜ੍ਹ ਕੇ ਔਰੰਗਜ਼ੇਬ ਘਬਰਾ ਗਿਆ। ਪਸਚਾਤਾਪ ਨਾਲ ਬੀਮਾਰ ਹੋ ਗਿਆ ਤੇ ਮਰ ਗਿਆ।

ਅਜਿਹੇ ਸਮਰਥ ਗੁਰੂ ਜੀ ਦੀ ਕਿਹੜੀ ਕਿਹੜੀ ਸਿਫਤ ਲਿਖੀਏ। ਭਵਿਖਤ, ਕਾਲ ਨੂੰ ਮੁਖ ਰਖਦਿਆਂ ਪਖੰਡੀ ਤੇ ਦੰਭੀ ਦੇਹਧਾਰੀ ਗੁਰੂਆਂ ਦੇ ਜਾਲ ਵਿਚ ਫਸਣ ਤੋਂ ਬਚਾਉਣ ਲਈ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਦੇਹਧਾਰੀ ਗੁਰੂ ਵਾਲੀ ਪ੍ਰਥਾ ਦਾ ਸਦਾ ਲਈ ਭੋਗ ਪਾ ਦਿੱਤਾ। ਖ਼ਾਲਸੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਗਏ। ਪੰਜ ਪਿਆਰੇ ਥਾਪ ਕੇ ਆਪਣਾ ਰੂਪ ਤੇ ਸਮਰਥਾ ਉਨ੍ਹਾਂ ਦੇ ਹਵਾਲੇ ਕਰ ਗਏ ਜਿਸ ਦੀ ਬਰਕਤ ਦਾ ਸਦਕਾ ਅਜ ਵੀ **"ਸਵਾ ਲਾਖ ਸੇ ਏਕ ਲੜਾਊ॥ ਤਬਹਿ ਗੋਬਿੰਦ ਸਿੰਘ ਨਾਮ ਕਹਾਊ॥"** ਅਤੇ **'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਿਹ'** ਵਾਲਾ ਬੋਲਾ ਅਤੇ **'ਬੋਲੈ ਸੋ ਨਿਹਾਲ॥ ਸਤਿ ਸ੍ਰੀ ਅਕਾਲ'** ਦਾ ਜੈਕਾਰਾ ਸਾਰੇ ਸੰਸਾਰ ਵਿਚ ਗੂੰਜ ਰਿਹਾ ਹੈ।

# ਗੁਰਮਤਿ ਪੂਜਾ

ਖ਼ਾਲਸਾ ਪੰਥ ਇਕ ਆਦਰਸ਼ਕ ਪੰਥ ਹੈ। ਇਹ ਤਸਵੀਰਾਂ ਤੇ ਬੁਤਾਂ ਦਾ ਪੁਜਾਰੀ ਨਹੀਂ। ਕਈ ਭੋਲੇ ਭਾਲੇ ਵੀਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਲੰਘ ਨੂੰ ਗੁਰੂ ਦੀ ਦੇਹ ਸਮਝ ਕੇ ਮੁਠੀਆਂ ਭਰਦੇ ਰਹਿੰਦੇ ਹਨ ਜੋ ਕਿ ਗੁਰਮਤ ਨਿਯਮਾਂ ਦੇ ਵਿਰੁੱਧ ਹੈ। ਕਈ ਬੀਬੀਆਂ ਤੇ ਵੀਰਾਂ ਨੂੰ ਦੇਖੀਦਾ ਹੈ ਕਿ ਸ੍ਰੀ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਵਾਲੇ ਕਮਰੇ ਨੂੰ ਧੋ ਕੇ, ਉਸੇ ਜਲ ਦਾ ਚੁਲਾ ਅੰਮ੍ਰਿਤ ਜਲ ਸਮਝ ਕੇ ਛਕਦੇ ਰਹਿੰਦੇ ਹਨ ਜਿਹੜੀ ਇਕ ਵੱਡੀ ਭੁੱਲ ਹੈ। ਕਲਗੀਧਰ ਪਿਤਾ ਜੀ ਨੇ ਇਕੋ ਦਿਨ ਅੰਮ੍ਰਿਤ ਦੀ ਦਾਤ ਬਖਸ਼ ਕੇ ਸਿਖ ਨੂੰ ਨਿਹਾਲੋ ਨਿਹਾਲ ਕਰ ਦਿੱਤਾ। ਅਗੋਂ ਜੀਵਨ ਸਫਲਤਾ ਲਈ ਗੁਰੂ ਦੇ ਉਪਦੇਸ਼ ਕਮਾਉਣ ਦੀ ਲੋੜ ਹੈ ਅਤੇ ਅਜਿਹਾ ਸਿੱਖ ਹੀ ਸਤਿਗੁਰੂ ਨੂੰ ਚੰਗਾ ਲਗਦਾ ਹੈ:-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ,
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,

ਬਹਿਦਿਆ ਉਠਦਿਆ ਹਰਿਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,
ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ,
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥
[ਵਾਰ ਗਉੜੀ ਮ: ੪

ਕਈ ਭੈਣਾਂ ਤੇ ਵੀਰ ਗੁਰੂ ਗ੍ਰੰਥ ਸਾਹਿਬ ਜੀ ਤੇ ਪਤਰਿਆਂ, ਚੰਦੋਏ ਤੇ ਰੁਮਾਲਾਂ ਨੂੰ ਵੇਖ ਕੇ ਹੀ ਗੁਰੂ ਦਾ ਦਰਸ਼ਨ ਸਮਝਦੇ ਹਨ ਇਹ ਭੁਲੇਖਾ ਵੀ ਮਨ ਵਿਚੋਂ ਕੱਢ ਦੇਣਾ ਚਾਹੀਦਾਹੈ। ਇਹ ਠੀਕ ਹੈ ਕਿ ਪਾਤਸ਼ਾਹ ਜੀ ਦੇ ਬਸਤਰ, ਚੰਦੋਆ, ਪਲੰਘ ਸਭ ਚੀਜ਼ਾਂ ਧੰਨਤਾ ਯੋਗ ਹਨ, ਕਿਉਂ?

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ
ਜੈਸੇ ਕਾਗਰਾ ਕਰਤ ਬੀਚਾਰੰ ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ,
ਪੂਜੀਐ ਕਰਿ ਨਮਸਕਾਰੰ ॥ [ਪੰਨਾ ੧੨੯੩

ਜਿਨ੍ਹਾਂ ਪਤਰਿਆਂ ਤੇ ਮੇਰੇ ਪਾਤਸ਼ਾਹ ਜੀ ਦੀ ਬਾਣੀ ਲਿਖੀ ਹੈ ਉਹ ਧੰਨਤਾ ਯੋਗ ਹਨ, ਉਹ ਸਿਆਹੀ, ਕਲਮ ਤੇ ਲਿਖਾਰੀ ਧੰਨ ਹਨ, ਕਿਉਂਕਿ:-

ਧੰਨੁ ਸੁ ਕਾਗਦੁ ਕਲਮ ਧੰਨੁ, ਧਨੁ ਭਾਂਡਾ ਧਨੁ ਮਸੁ॥

**ਧਨੁ ਲੇਖਾਰੀ ਨਾਨਕਾ,**
**ਜਿਨਿ ਨਾਮੁ ਲਿਖਾਇਆ ਸਚੁ॥**
**[ਸਲੋਕ ਮ: ੧, ਵਾਰ ਮਲਾਰ, ਪੰਨਾ ੧੨੯੧**

ਇਹ ਵੀ ਦਰਸ਼ਨ ਚੰਗੇ ਹਨ, ਪਰ ਨਿਰੰਜਨੀ ਜੋਤਿ ਦੇ ਦਰਸ਼ਨਾਂ ਲਈ ਇਹ ਕਰਮ ਫਲੀ ਭੂਤ ਨਹੀਂ। ਸਾਹਿਬ ਜੀ ਫੁਰਮਾਉਂਦੇ ਹਨ:-

**ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ॥**
**ਡਿਠੈ ਮੁਕਤਿ ਨ ਹੋਵਈ,**
**ਜਿਚਰੁ ਸਬਦ ਨ ਕਰੇ ਵੀਚਾਰੁ॥**
**[ਵਡਹੰਸ ਕੀ ਵਾਰ ਮਹਲਾ ੪, ਪੰਨਾ ੫੯੪**

ਗੁਰਬਾਣੀ ਦਾ ਦਰਸ਼ਨ ਗੁਹਜ ਵੀਚਾਰ ਦਾ ਭੇਦ ਅਥਵਾ ਅਨਭਵ ਖੁਲ੍ਹਣ ਤੇ ਅੰਤਰ-ਆਤਮੇ ਹੁੰਦਾ ਹੈ। ਜੇ ਆਖੀਏ "ਗੁਰੁ ਨਾਨਕੁ ਜਿਨਿ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ" ਤਾਂ ਇਸ ਦਾ ਇਹ ਭਾਵ ਨਹੀਂ ਕਿ ਅਸੀਂ ਅਖਰੀ ਅਰਥ ਕਰਕੇ ਇਹ ਫੈਸਲਾ ਕਰ ਦੇਈਏ ਕਿ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਇਹਨਾਂ ਸਥੂਲ ਅੱਖਾਂ ਨਾਲ ਦੇਖਿਆ, ਉਨ੍ਹਾਂ ਦੇ ਨਾਮ ਨੂੰ ਸਥੂਲ ਕੰਨਾਂ ਰਾਹੀਂ ਸੁਣਿਆ ਹੈ ਓਹਨਾਂ ਦੀ ਚੌਰਾਸੀ ਕੱਟੀ ਗਈ। ਜੇ ਇਹ ਬਾਹਰਲਾ ਵੇਖਣਾ ਸੁਣਨਾ ਹੀ ਗਰਭ ਦੇ ਕੱਟਣ ਨੂੰ ਸਹਾਇਕ ਹੈ ਤਾਂ ਹੋਰ ਯਤਨਾਂ ਦੀ ਕੀ ਲੋੜ ਹੈ? ਫਿਰ ਅਜਿਹਾ ਕੋਈ ਵਿਰਲਾ ਹੀ ਮਨੁੱਖ ਹੋਵੇਗਾ ਜਿਸ ਨੇ ਗੁਰੂ ਨਾਨਕ ਦੇਵ ਜੀ ਦਾ ਨਾਉ ਨਾ ਸੁਣਿਆ ਹੋਵੇ? ਉਹਨਾਂ ਦੇ ਕਈ ਸਮਕਾਲੀਆਂ ਨੂੰ ਦਰਸ਼ਨ ਵੀ

ਹੋਏ ਹਨ, ਕੀ ਸਾਰਿਆਂ ਦਾ ਆਵਾਗਉਣ ਮੁਕ ਗਿਆ? ਨਹੀਂ। ਇਸ ਦੇ ਠੀਕ ਅਰਥ ਇਉਂ ਹਨ ਕਿ ਜਿਨ੍ਹਾਂ ਪ੍ਰੇਮਾ ਭਗਤੀ ਕੀਤੀ ਅਤੇ "ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ" ਬ੍ਰਿਹੋਂ ਵਾਲੇ ਨੈਣਾਂ ਨਾਲ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਅਤੇ ਸ਼ਰਧਾ ਰੂਪੀ ਕੰਨਾਂ ਨਾਲ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਸੁਣਕੇ ਕਮਾਇਆ ਓਹਨਾਂ ਦਾ ਨਿਸਤਾਰਾ ਹੋ ਗਿਆ।

ਸੋ ਗੁਰੂ ਗ੍ਰੰਥ ਸਾਹਿਬ ਜੀ ਦੀ ਠੀਕ ਪੂਜਾ ਕਰਨ ਦਾ ਤਰੀਕਾ, ਵੀ ਗੁਰੂ ਸਾਹਿਬ ਨੇ ਆਪ ਹੀ ਸਮਝਾਇਆ ਅਤੇ ਸਾਨੂੰ ਸਭ ਨੂੰ ਇਸ ਤਰ੍ਹਾਂ ਪੂਜਾ ਕਰਨੀ ਚਾਹੀਦੀ ਹੈ:-

੧- ਪੂਜਾ ਕੀਚੈ ਨਾਮੁ ਧਿਆਈਐ<br>
ਬਿਨੁ ਨਾਵੈ ਪੂਜ ਨ ਹੋਇ॥ [ਪੰਨਾ ੪੮੯<br>
ਸਬਦਿ ਮਰੈ ਮਨੁ ਨਿਰਮਲੁ ਸੰਤਹੁ<br>
ਏਹ ਪੂਜਾ ਥਾਇ ਪਾਈ ॥੫॥<br>
ਬਿਨੁ ਨਾਵੈ ਹੋਰ ਪੂਜ ਨ ਹੋਵੀ<br>
ਭਰਮਿ ਭੁਲੀ ਲੋਕਾਈ ॥੭॥ [ਪੰਨਾ ੬੧੦

੨- ਮਨੁ ਸੰਪਟੁ ਜਿਤੁ ਸਤਸਰਿ ਨਾਵਣੁ<br>
ਭਾਵਨ ਪਾਤੀ ਤ੍ਰਿਪਤਿ ਕਰੇ ॥<br>
ਪੂਜਾ ਪ੍ਰਾਣ ਸੇਵਕੁ ਜੇ ਸੇਵੇ<br>
ਇਨ੍ ਬਿਧਿ ਸਾਹਿਬੁ ਰਵਤੁ ਰਹੈ॥ [ਪੰਨਾ ੭੨੮

ਇਹੋ ਜਿਹੀ ਪੂਜਾ ਕਰਨ ਵਾਲੇ ਸਿਖ ਹੀ ਸੂਰੇ ਅਤੇ ਸਚਿਆਰ ਸਿਖ ਹਨ। ਇਸ ਪੂਜਾ ਨਾਲ ਨਾਮ ਵਿੱਚ ਲਿਵ ਲਗਦੀ

ਹੈ ਤੇ ਸਚੇ ਸ਼ਬਦ ਅੰਦਰ ਸਮਾਈ ਹੁੰਦੀ ਹੈ। ਇਸ ਪੂਜਾ ਵਿਚ ਸਾਰੇ ਕਰਮ-ਧਰਮ, ਸੁੱਚ, ਸੰਜਮ, ਜਪ, ਤੀਰਥ ਆ ਜਾਂਦੇ ਹਨ। ਇਸ ਸ਼ਬਦ ਵਾਲੀ ਪੂਜਾ ਗੁਰਾਂ ਦੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ ਜਿਸ ਨਾਲ ਸਭ ਦੁੱਖਾਂ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ। ਮਨੁੱਖ ਪਾਸ ਇਤਨੀ ਤਾਕਤ ਆ ਜਾਂਦੀ ਹੈ ਕਿ ਕਾਲ ਵੀ ਉਸ ਤੋਂ ਪਰੇ ਪਰੇ ਨਸਦਾ ਹੈ:-

**ਸਬਦਿ ਮਿਲੇ ਸੇ ਸੂਚਾ ਚਾਰੀ ਸਾਚੀ ਦਰਗਹ ਮਾਨੇ ॥**
**ਅਨਦਿਨੁ ਨਾਮਿ ਰਤਨਿ ਲਿਵਲਾਗੇ**
**ਜੁਗਿ ਜੁਗਿ ਸਾਚਿ ਸਮਾਨੇ ॥**
**ਸਗਲੇ ਕਰਮ ਧਰਮ ਸੁਚਿ ਸੰਜਮ**
**ਜਪ ਤਪ ਤੀਰਥ ਸਬਦਿ ਵਸੇ ॥**
**ਨਾਨਕ ਸਤਿਗੁਰ ਮਿਲੈ ਮਿਲਾਇਆ**
**ਦੂਖ ਪਰਾਛਤ ਕਾਲ ਨਸੇ ॥** [ਪੰਨਾ ੧੩੩੨

ਕਈ ਵੀਰਾਂ ਨੂੰ ਜੇ ਸੱਚੀ ਪੂਜਾ ਕਰਨ ਦਾ ਢੰਗ ਦਸਿਆ ਜਾਵੇ ਤਾਂ ਉਹ ਕਈ ਵਾਰੀ ਕਹਿਣ ਲਗ ਜਾਂਦੇ ਹਨ ਕਿ ਉਹਨਾਂ ਨੂੰ ਜਿਹੜੀ ਪੂਜਾ ਚੰਗੀ ਲਗਦੀ ਹੈ ਓਹ ਠੀਕ ਹੈ। ਗੁਰੂ ਸਾਹਿਬ ਦੀ ਉਹ ਪੂਜਾ ਕਰਨੀ ਚਾਹੀਦੀ ਹੈ ਜਿਸ ਨੂੰ ਸਭ ਲੋਕ ਚੰਗਾ ਸਮਝਣ। ਇਹ ਸਾਰੀਆਂ ਗੱਲਾਂ ਮਨ ਦੀਆਂ ਮਨੌਤਾਂ ਵਾਲੀਆਂ ਅਤੇ ਲੋਕਾਂ ਨੂੰ ਪਤਿਆਉਣ ਵਾਲੀਆਂ ਹਨ। ਅਸਲੀ ਪੂਜਾ ਤਾਂ ਉਹ ਹੈ ਜਿਸ ਨਾਲ ਗੁਰੂ ਸਾਹਿਬ ਦੀ ਪ੍ਰਸੰਨਤਾ ਹਾਸਲ ਹੋਵੇ। ਜਿਹੜੀ ਪੂਜਾ ਲੋਕਾਂ ਨੂੰ ਖੁਸ਼ ਕਰਨ ਲਈ ਕੀਤੀ ਜਾਂਦੀ ਹੈ ਉਸ ਨਾਲ ਗੁਰੂ ਦੀ

ਖ਼ੁਸ਼ੀ ਦਾ ਪਾਤਰ ਨਹੀਂ ਬਣ ਸਕੀਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਪਿਆਰ ਨਾਲ ਅੱਖਾਂ ਖੋਲ੍ਹ ਕੇ ਚਿਤ ਲਾ ਕੇ ਪਾਠ ਕੀਤਿਆਂ ਪਤਾ ਲਗਦੀ ਹੈ:-

੧- ਗੁਰ ਪਰਮੇਸੁਰੁ ਪੂਜੀਐ,
ਮਨਿ ਤਨਿ ਲਾਇ ਪਿਆਰੁ॥ [ਪੰਨਾ ੫੨

੨- ਮੰਨੇ ਨਾਮੁ ਸਚੀ ਪਤਿ ਪੂਜਾ ॥ [ਬਿਲਾਵਲ ਮ: ੧

੩- ਪੁੰਨ ਦਾਨ ਪੂਜਾ ਪਰਮੇਸੁਰ
ਹਰਿ ਕੀਰਤਿ ਤਤੁ ਬੀਚਾਰੇ ॥ [ਟੋਡੀ ਮ: ੫

੪- ਅੰਤਰਿ ਪੂਜਾ ਮਨ ਤੇ ਹੋਇ ॥
ਏਕੋ ਵੇਖੈ ਅਉਰੁ ਨ ਕੋਇ ॥ [ਪੰਨਾ ੧੧੭੩

੫- ਨਾਮ ਹਮਾਰੈ ਪੂਜਾ ਦੇਵ ॥
ਨਾਮ ਹਮਾਰੈ ਗੁਰ ਕੀ ਸੇਵ ॥ [ਭੈਰਉ ਮ: ੫

ਸਭ ਤੋਂ ਸ਼੍ਰੋਮਣੀ ਪੂਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਗਿਆ ਮੰਨਣੀ ਹੈ। ਜਿਸ ਪੂਜਾ ਨਾਲ ਪਰਮ ਗੁਰਦੇਵ ਜੀ ਪ੍ਰਸੰਨ ਹੋਣ ਕੇਵਲ ਓਹੀ ਪੂਜਾ ਥਾਂਇ ਪੈਂਦੀ ਹੈ:-

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ
ਸਤਿ ਸਤਿ ਕਰਿ ਮਾਨੀ॥ [ਪੰਨਾ ੬੬੯

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ *ਕਿਵੇਂ ਬੋਲਦੇ ਹਨ?*

-੧-

ਵਰਤਮਾਨ ਸਮੇਂ ਦੇ ਕਈ ਦੇਹਧਾਰੀ ਗੁਰੂਆਂ ਦੇ ਚੇਲੇ ਚਾਟੜੇ ਇਹ ਆਖਦੇ ਹਨ ਕਿ 'ਗੁਰੂ ਗ੍ਰੰਥ ਸਾਹਿਬ ਤਾਂ ਬੋਲਦੇ ਹੀ ਨਹੀਂ ਅਤੇ ਜਿਸ ਵਿਚ ਬੋਲਣ ਦੀ ਸਮਰਥਾ ਨਾ ਹੋਵੇ ਉਹ ਆਪਣੇ ਸਿਖਾਂ ਅਤੇ ਹੋਰ ਸ੍ਰਿਸ਼ਟੀ ਨੂੰ ਸੰਸਾਰ ਭਉਜਲ ਤੋਂ ਕਿਵੇਂ ਪਾਰ ਕਰ ਸਕਦਾ ਹੈ? ਏਦਾਂ ਦੇ ਹੀ ਭੁਲੇਖਾ-ਪਾਊ ਪ੍ਰਸ਼ਨ ਘੜ ਘੜ ਕੇ ਅਜ ਦੇ ਨੌਜਵਾਨਾਂ ਨੂੰ ਸ਼ਬਦ-ਗੁਰੂ ਨਾਲੋਂ ਤੋੜ ਕੇ ਅਖੌਤੀ ਗੁਰੂ ਆਪਣੇ ਹੱਡ-ਮਾਸ ਦੇ ਚਰਨਾਂ ਨਾਲ ਜੋੜਨ ਦਾ ਜਤਨ ਕਰਦੇ ਹਨ।

ਆਖਣ ਨੂੰ ਬੇਸ਼ਕ ਅਜ ਦੇ ਪ੍ਰੋਫੈਸਰ ਇਸ ਯੁੱਗ ਨੂੰ ਵਿਦਿਅਕ ਅਤੇ ਵਿਗਿਆਨਕ ਯੁੱਗ ਆਖੀ ਜਾਣ, ਪਰ ਆਤਮਿਕ ਗਿਆਨ ਦੇ ਪੱਖ ਤੋਂ ਅਜੇ ਵੀ ਹਰ ਪਾਸੇ ਇਹ ਅਗਿਆਨਤਾ ਛਾਈ ਹੋਈ ਹੈ। ਆਤਮ-ਮਾਰਗ ਸੰਸਾਰੀ ਵਿਦਿਆ-ਮਾਰਗ ਤੋਂ ਵਿਲੱਖਣ ਹੈ। ਇਸ ਲਈ ਗੁਰਬਾਣੀ ਵਿੱਚ ਅੰਕਿਤ ਹੈ:-

ਅੰਤਰਿ ਗਿਆਨੁ ਨ ਆਇਓ,
ਮਿਰਤਕੁ ਹੈ ਸੰਸਾਰਿ॥ [ਪੰਨਾ ੮੮

ਕਈ ਡੱਡੂ ਬ੍ਰਿਤੀ ਵਾਲੇ ਜਗਿਆਸੂ ਇਹ ਆਖਦੇ ਹਨ ਕਿ 'ਗੁਰੂ ਗ੍ਰੰਥ ਸਾਹਿਬ ਤਾਂ ਬੋਲਦੇ ਹੀ ਨਹੀਂ ਮੁਕਤਿ ਕੌਣ ਕਰੇਗਾ?'

ਸੰਸਾਰ ਵਿਚ ਅਨੇਕਾਂ ਛੋਟੇ ਛੋਟੇ ਨਾਲੇ, ਨਦੀਆਂ ਅਤੇ ਸਮੁੰਦਰ ਹਨ, ਪਰ ਖੂਹ ਵਿਚ ਰਹਿਣ ਵਾਲੇ ਡੱਡੂਆਂ ਨੂੰ ਸਿਵਾਏ ਛੋਟੇ ਜਿਹੇ ਖੂਹ ਤੋਂ ਬਾਹਰ ਦੇਸ਼ ਬਿਦੇਸ਼ ਦਾ ਕੁਝ ਵੀ ਪਤਾ ਨਹੀਂ ਹੁੰਦਾ, ਜਿਵੇਂ ਭਗਤ ਰਵਿਦਾਸ ਜੀ ਫੁਰਮਾਉਂਦੇ ਹਨ:-

**ਕੂਪੁ ਭਰਿਓ ਜੈਸੇ ਦਾਦਿਰਾ,**
**ਕਛੁ ਦੇਸੁ ਬਿਦੇਸੁ ਨ ਬੂਝ ॥** [ਪੰਨਾ ੩੪੬

ਠੀਕ ਇਹੋ ਹਾਲਤ ਉਪਰੋਕਤ ਵੀਚਾਰ ਰੱਖਣ ਵਾਲੇ ਜਗਿਆਸੂਆਂ ਦੀ ਹੈ। ਆਤਮ-ਪ੍ਰਕਾਸ਼ ਤੋਂ ਸਖਣੇ ਹੋਣ ਕਰਕੇ ਉਨ੍ਹਾਂ ਵਿੱਚ ਇਸ ਭਰਮ ਦੀ ਦ੍ਰਿੜਤਾ ਹੋ ਗਈ ਹੈ ਕਿ ਗੁਰੂ ਜਦੋਂ ਦੇਹ ਵਿਚ ਹੋਵੇ ਤਾਂ ਬੋਲਦਾ ਹੈ ਕਿਉਂਕਿ ਜੀਭ ਤੋਂ ਬਿਨਾਂ ਬੋਲਣਾ ਸੰਭਵ ਨਹੀਂ ਸਮਝਿਆ ਜਾਂਦਾ। ਉਨ੍ਹਾਂ ਭੋਲਿਆਂ ਨੂੰ ਇਸ ਗੱਲ ਦਾ ਗਿਆਨ ਨਹੀਂ ਕਿ ਦੇਹੀ ਮਿੱਟੀ ਹੈ, ਫਿਰ ਮਿੱਟੀ ਕਿਵੇਂ ਬੋਲ ਸਕਦੀ ਹੈ? ਦੇਹੀ ਦੀ ਬਣਤਰ ਬਾਰੇ ਸਾਨੂੰ ਗੁਰਬਾਣੀ ਦੁਆਰਾ ਇਹ ਗਿਆਨ ਪ੍ਰਾਪਤ ਹੈ:-

**੧- ਪਾਨੀ ਮੈਲਾ ਮਾਟੀ ਗੋਰੀ ॥**
**ਇਸ ਮਾਟੀ ਕੀ ਪੁਤਰੀ ਜੋਰੀ ॥** [ਪੰਨਾ ੩੩੬

**੨- ਪਾਂਚ ਤਤ ਕੋ ਤਨੁ ਰਚਿਓ,**
**ਜਾਨਹੁ ਚਤੁਰ ਸੁਜਾਨ ॥** [ਪੰਨਾ ੧੪੨੬

**੩- ਪੰਚ ਤਤੁ ਮਿਲਿ ਕਾਇਆ ਕੀਨੀ ॥**
**ਤਿਸ ਮਹਿ ਰਾਮ ਰਤਨੁ ਲੈ ਚੀਨੀ ॥**
**ਆਤਮ ਰਾਮੁ ਰਾਮੁ ਹੈ ਆਤਮ,**

ਹਰਿ ਪਾਈਐ ਸਬਦਿ ਵੀਚਾਰਾ ਹੇ॥੭॥ [ਪੰ. ੧੦੩੦

੪- ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥
ਤਿਨ ਮਹਿ ਪੰਚ ਤਤੁ ਘਰਿ ਵਾਸਾ ॥
ਸਤਿਗੁਰ ਸਬਦਿ ਰਹਹਿ ਰੰਗਿ ਰਾਤਾ,
ਤਜਿ ਮਾਇਆ ਹਉਮੈ ਭ੍ਰਾਤਾ ਹੇ ॥ [ਪੰਨਾ ੧੦੩੦

੫- ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥
ਘਟਿ ਵਧਿ ਕੋ ਕਰੈ ਬੀਚਾਰਾ ॥੪॥ [ਪੰਨਾ ੧੧੨੮

ਗੁਰਮਤਿ ਦਾ ਇਹ ਸਿਧਾਂਤ ਹੈ ਕਿ ਦੇਹੀ ਮਿੱਟੀ ਹੈ, ਇਸ ਵਿਚ ਬੋਲਣ ਵਾਲੀ ਸ਼ਕਤੀ ਪਉਣ (ਸ਼ਬਦ) ਹੈ:-

੧- ਦੇਹੀ ਮਾਟੀ ਬੋਲੈ ਪਉਣੁ ॥ [ਪੰਨਾ ੧੫੨

੨- ਆਖਾਰ ਮੰਡਲੀ ਧਰਣਿ ਸਬਾਈ,
ਊਪਰਿ ਗਗਨੁ ਚੰਦੋਆ॥
ਪਵਨੁ ਵਿਚੋਲਾ ਕਰਤ ਇਕੇਲਾ,
ਜਲ ਤੇ ਓਪਤਿ ਹੋਆ ॥
ਪੰਚ ਤਤੁ ਕਰਿ ਪੁਤਰਾ ਕੀਨਾ,
ਕਿਰਤ ਮਿਲਾਵਾ ਹੋਆ ॥੨॥ [ਪੰਨਾ ੮੮੪

ਜੇ ਗੁਰੂ-ਪਛਾਣ ਦੀ ਕਸਵਟੀ ਕੇਵਲ 'ਬੋਲਣ' ਤੇ ਹੀ ਆਧਾਰਤ ਹੋਵੇ ਤਾਂ ਅਨੇਕ ਪ੍ਰਕਾਰ ਦੇ ਪੰਛੀ, ਜਾਨਵਰ, ਬੋਲਣ ਵਾਲੀਆਂ ਮਸ਼ੀਨਾਂ, ਗਰਾਮੋਫੂਨ, ਰੇਡੀਓ, ਟੇਪ-ਰੀਕਾਰਡ ਆਦਿ ਗੁਰੂ-ਪਦਵੀ ਦੇ ਅਧਿਕਾਰੀ ਬਣ ਸਕਦੇ ਹਨ। ਪਰ ਅਜਿਹਾ ਪ੍ਰਮਾਣ ਕਿਸੇ ਧਰਮ-ਗ੍ਰੰਥ ਚੋਂ ਨਹੀਂ ਮਿਲਦਾ ਕਿ ਕਿਸੇ ਮਨੁੱਖ ਨੇ

ਅਜਿਹੀਆਂ ਬੋਲਣ ਵਾਲੀਆਂ ਚੀਜਾਂ ਨੂੰ ਵੀ ਗੁਰੂ ਧਾਰਨ ਕੀਤਾ ਹੋਵੇ। ਦੇਹੀ ਮਿੱਟੀ ਹੈ। ਫਿਰ ਇਹ ਸੁਤੰਤਰ ਵੀ ਨਹੀਂ, ਪਰ-ਤੰਤਰ ਹੈ, ਕਿਉਂਕਿ ਕਰਤਾ ਪੁਰਖ ਨੇ ਪੰਜ ਤਤ ਲਾ ਕੇ ਮਨੁੱਖੀ ਤਨ ਨੂੰ ਆਪ ਸਾਜਿਆ ਹੈ। ਫਿਰ ਤੱਤਾਂ ਵਿੱਚ ਆਪਣੀ ਕੋਈ ਸ਼ਕਤੀ ਨਹੀਂ ਅਤੇ ਨਾ ਹੀ ਮਨੁੱਖ ਕਿਸੇ ਤੱਤ ਨੂੰ ਬਨਾਉਣ ਦੇ ਸਮਰਥ ਹੈ। ਜੇ ਕਿਸੇ ਵਿਚ ਇਹ ਸ਼ਕਤੀ ਹੈ ਤਾਂ ਉਹ ਛੇਵਾਂ ਤੱਤ ਬਣਾ ਕੇ ਵੇਖ ਲਵੇ। ਗੁਰਬਾਣੀ ਦਾ ਇਉਂ ਫੁਰਮਾਨ ਹੈ:-

**ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ,**
**ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥**
**ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ,**
**ਇਕਿ ਮਨਮੁਖਿ ਕਰਹਿ ਸਿ ਰੋਵੈ ॥੩॥ [ਪੰਨਾ ੭੩੬**

ਸਿਰਜਣਹਾਰ ਪ੍ਰਭੂ ਨੇ ਪੰਜ ਤੱਤਾਂ ਦੇ ਮੇਲ ਤੋਂ ਦੇਹੀ ਦਾ ਸਾਕਾਰ ਰੂਪ ਬਣਾ ਕੇ ਇਸ ਵਿੱਚ ਜੀਵ ਨੂੰ ਬਿਠਾ ਕੇ, ਆਪਣੀ 'ਸ਼ਬਦ ਜੋਤਿ' ਟਿਕਾਈ ਹੋਈ ਹੈ, ਜਿਸ ਦੀ ਸਤਾ ਨਾਲ ਜੀਵ ਬੋਲਦਾ ਹੈ। ਕੇਵਲ ਬੋਲਦਾ ਹੀ ਨਹੀਂ, ਵੇਖਦਾ, ਸੁਣਦਾ, ਸਮਝਦਾ, ਚਲਦਾ ਤੋਂ ਕੰਮ ਕਰਦਾ ਹੈ। ਜੇ ਇਹ 'ਜੋਤਿ ਰੂਪ ਸ਼ਕਤੀ' ਇਸ ਸਰੀਰ ਵਿਚੋਂ ਕੱਢ ਲਈ ਜਾਏ ਤਾਂ ਮਨੁੱਖ ਬੋਲਣ ਤੋਂ ਅਸਮਰਥ ਹੋ ਜਾਂਦਾ ਹੈ। ਜਿਵੇਂ ਗੁਰਦੇਵ ਜੀ ਦਾ ਫੁਰਮਾਨ ਹੈ:-

**ਕਿਆ ਕੋਈ ਤੇਰੀ ਸੇਵਾ ਕਰੇ,**
**ਕਿਆ ਕੋ ਕਰੇ ਅਭਿਮਾਨਾ॥**
**ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ,**

**ਤਬ ਕੋਈ ਕਰਉ ਦਿਖਾ ਵਖਿਆਨਾ॥੨॥ [ਪੰ. ੭੯੭**

ਸੋ ਦੇਹੀ ਦੀ ਸੋਭਾ, ਵਡਿਆਈ ਓਦੋਂ ਤੀਕ ਹੈ ਜਦੋਂ ਤੀਕ ਇਸ ਵਿਚ ਸੁਆਸ ਹਨ, ਜਦੋਂ ਤੀਕ ਉਸ ਕਰਤਾ ਪੁਰਖ ਦੀ ਜੋਤਿ ਇਸ ਅੰਦਰ ਬਿਰਾਜਮਾਨ ਹੈ। ਅਗਿਆਨੀ ਮਨੁੱਖ ਨੂੰ ਮੁੜ ਮੁੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਹੋ ਸਮਝਾਉਂਦੇ ਹਨ:-

**ਸਾਕਤ ਨਿਰਗੁਣਿਆਰਿਆ, ਆਪਣਾ ਮੂਲੁ ਪਛਾਣੁ ॥**
**ਰਕਤੁ ਬਿੰਦੁ ਕਾ ਇਹੁ ਤਨੋ, ਅਗਨੀ ਪਾਸਿ ਪਿਰਾਣੁ ॥**
**ਪਵਣੈ ਕੈ ਵਸਿ ਦੇਹੁਰੀ, ਮਸਤਕਿ ਸਚੁ ਨੀਸਾਣੁ॥**
[ਪੰਨਾ ੬੩

ਸੋਚਣ ਵਾਲੀ ਇਹ ਗੱਲ ਹੈ ਕਿ ਜਿਹੜੀ ਚੀਜ਼ ਆਪ ਹੀ ਬੰਧਨ ਵਿੱਚ ਹੈ, ਪਰ-ਅਧੀਨ ਹੈ, ਉਹ ਦੂਜੇ ਨੂੰ ਕਿਵੇਂ ਮੁਕਤ ਕਰਾ ਸਕਦੀ ਹੈ? ਜਿਹੜਾ ਮਨੁੱਖ ਆਪ ਹੀ ਦਰਿਆ ਵਿਚ ਡੁਬ ਰਿਹਾ, ਗੋਤੇ ਖਾ ਰਿਹਾ ਹੈ ਉਹ ਦੂਜੇ ਦੀ ਬਾਂਹ ਫੜ ਕੇ ਉਸ ਨੂੰ ਕਿਵੇਂ ਪਾਰ ਕਰ ਸਕਦਾ ਹੈ? ਗੁਰਦੇਵ ਜੀ ਦਾ ਪਵਿੱਤਰ ਵਾਕ ਹੈ:-

**ਜੋ ਡੁਬੰਦੋ ਆਪਿ, ਸੋ ਤਰਾਏ ਕਿੰਨ ਖੇ ॥**
**ਤਾਰੇਦੜੋ ਭੀ ਤਾਰਿ,**
**ਨਾਨਕ ਪਿਰ ਸਿਉ ਰਤਿਆ॥੧॥** [ਪੰਨਾ ੧੧੦੧

ਗੁਰੂ ਨਾਨਕ ਦੇਵ ਜੀ ਜਿਸ ਵੇਲੇ ਸਰੀਰ ਰੂਪੀ ਚੋਲੇ ਵਿਚ ਸਨ ਓਦੋਂ ਵੀ ਆਪ ਜੀ 'ਸ਼ਬਦ ਗੁਰੂ' ਦਾ ਹੀ ਸੰਦੇਸ਼ ਦਿੰਦੇ ਸਨ। ਮਨੁੱਖੀ ਮਨਾਂ ਵਿਚ ਪਾਏ ਹੋਏ ਭਰਮ ਨੂੰ ਦੂਰ ਕਰਨ ਲਈ ਇਕ ਸਾਧਾਰਨ ਦ੍ਰਿਸ਼ਟਾਂਤ ਦੇ ਕੇ ਇਉਂ ਲਖਤਾ ਕਰਾਉਂਦੇ ਹਨ ਕਿ ਹੇ

ਭਾਈ! ਦੇਹੀ ਬਿਲਕੁਲ ਕੱਚੀ ਹੈ, ਇਸ ਤਰ੍ਹਾਂ ਕੱਚੀ ਹੈ ਜਿਵੇਂ ਕਾਗਜ਼ ਉਤੇ ਪਾਣੀ ਦੀ ਬੂੰਦ ਪੈਣ ਨਾਲ ਕਾਗਜ਼ ਗਲ ਜਾਂਦਾ ਹੈ:-

**ਦੇਹੀ ਕਾਚੀ ਕਾਗਦ ਮਿਕਦਾਰਾ ॥**
**ਬੂੰਦ ਪਵੈ ਬਿਨਸੈ, ਢਹਤ ਨ ਲਾਗੈ ਬਾਰਾ॥**
**[ਪੰਨਾ ੧੦੪੮**

ਸਰੀਰ ਇਕ ਕਾਗਜ਼ ਦੀ ਨਿਆਈਂ ਹੈ। ਜਦੋਂ ਇਸ ਉਤੇ ਪਾਪਾਂ ਦੇ ਭਖੇ ਹੋਏ ਅੰਗਿਆਰੇ ਪੈਂਦੇ ਹਨ ਤਾਂ ਇਹ ਸੜ ਕੇ ਸੁਆਹ ਹੋ ਜਾਂਦਾ ਹੈ:-

**ਕਾਇਆ ਆਰਣੁ ਮਨੁ ਵਿਚਿ ਲੋਹਾ,**
**ਪੰਚ ਅਗਨਿ ਤਿਤੁ ਲਾਗਿ ਰਹੀ ॥**
**ਕੋਇਲੇ ਪਾਪ ਪੜੇ ਤਿਸੁ ਊਪਰਿ,**
**ਮਨੁ ਜਲਿਆ ਸੰਨੀ ਚਿੰਤ ਭਈ॥੩॥ [ਪੰਨਾ ੯੯੦**

ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ (ਸ਼ਬਦ-ਗੁਰੂ) ਮਿਲਣ ਤਾਂ ਅੰਮ੍ਰਿਤ-ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ ਤੇ ਮਨੁੱਖ ਜੀਵਨ-ਮੁਕਤ ਹੋ ਜਾਂਦਾ ਹੈ, ਜਿਵੇਂ ਸਾਹਿਬਾਂ ਦਾ ਫੁਰਮਾਨ ਹੈ:-

**ਭਇਆ ਮਨੂਰੁ, ਕੰਚਨੁ ਫਿਰਿ ਹੋਵੈ,**
**ਜੇ ਗੁਰੁ ਮਿਲੈ ਤਿਨੇਹਾ ॥**
**ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ,**
**ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥ [ਪੰਨਾ ੯੯੦**

ਇਸ ਲਈ ਕੱਚੇ ਗੁਰੂਆਂ ਨਾਲ ਪਿਆਰ ਕਰਨਾ ਵੀ ਕੱਚਾ ਹੈ, ਕਿਉਂਕਿ ਓਹ ਜੀਉਂਦਿਆਂ ਹੀ ਸਾਥ ਛੱਡ ਜਾਂਦੇ ਹਨ। ਪਰ ਸ਼ਬਦ-

ਗੁਰੂ ਇਸ ਲੋਕ ਤੇ ਪਰਲੋਕ ਵਿਚ ਸਦਾ ਹੀ ਸਹਾਈ ਹੁੰਦਾ ਹੈ:-

**ਨਾਨਕ, ਕਚੜਿਆ ਸਿਉ ਤੋੜਿ,**
**ਢੂਢਿ ਸਜਣ ਸੰਤ ਪਕਿਆ ॥**
**ਓਇ ਜੀਵੰਦੇ ਵਿਛੁੜਹਿ,**
**ਓਇ ਮੁਇਆ ਨ ਜਾਹੀ ਛੋੜਿ॥੧॥** [ਪੰਨਾ ੧੧੦੨

ਅਜਿਹੇ ਅਖੌਤੀ ਗੁਰੂ ਜਿਤਨਾ ਦਿਲ ਕਰੇ ਬੋਲੀ ਜਾਣ, ਲਾਊਡ ਸਪੀਕਰਾਂ ਰਾਹੀਂ ਵੱਡੇ ਵੱਡੇ ਇਕੱਠ ਕਰਕੇ ਆਪਣੀ ਪ੍ਰਭਤਾ ਕਰਵਾਈ ਜਾਣ, ਪਰ ਲੋਕਾਂ ਦਾ ਨਿਸਤਾਰਾ ਨਹੀਂ ਕਰ ਸਕਦੇ। ਅਜਿਹੇ ਗੁਰੂ, ਜਿਹੜੇ ਦੂਜਿਆਂ ਨੂੰ ਸੇਲੀਆਂ ਟੋਪੀਆਂ ਦੇ ਕੇ ਗੱਦੀਆਂ ਚਲਾਉਂਦੇ ਹਨ, ਉਹ ਆਪ ਵੀ ਕਮਲੇ ਹਨ ਅਤੇ ਇਨ੍ਹਾਂ ਪਾਸੋਂ ਝੂਠੇ ਗੁਰ-ਮੰਤਰ ਲੈਣ ਵਾਲੇ ਵੀ ਵਡੇ ਬੇ-ਸ਼ਰਮ ਹਨ। ਇਨ੍ਹਾਂ ਬਾਰੇ ਹੀ ਗੁਰੂ ਜੀ ਨੇ ਹੇਠ ਲਿਖਿਆ ਸਲੋਕ ਉਚਾਰਨ ਕੀਤਾ ਹੈ:-

**ਕੁਲਹਾਂ ਦੇਂਦੇ ਬਾਵਲੇ, ਲੈਂਦੇ ਵਡੇ ਨਿਲਜ ॥**
**ਚੂਹਾ ਖਡ ਨ ਮਾਵਈ, ਤਿਕਲਿ ਬੰਨ੍ਹੈ ਛਜ ॥**
**ਦੇਨ੍ਹਿ ਦੁਆਈ ਸੇ ਮਰਹਿ,**
**ਜਿਨ ਕਉ ਦੇਨਿ ਸਿ ਜਾਹਿ॥**
**ਨਾਨਕ, ਹੁਕਮੁ ਨ ਜਾਪਈ,**
**ਕਿਥੈ ਜਾਇ ਸਮਾਹਿ ॥** [ਪੰਨਾ ੧੨੮੬

ਭਾਈ ਗੁਰਦਾਸ ਜੀ ਲਿਖਦੇ ਹਨ ਕਿ:-

**ਵਿਣੁ ਗੁਣ ਗੁਰੂ ਸਦਾਇੰਦੇ, ਓਇ ਖੋਟੇ ਮੱਠੇ ॥**
[ਵਾਰ ੩੬, ਪਉੜੀ ੯

ਅਸਲ ਵਿਚ ਦੇਹ-ਧਾਰੀ ਗੁਰੂਆਂ ਨੂੰ 'ਗੁਰੂ' ਸਦਾਉਣ ਦਾ ਤੇ ਚੇਲਿਆਂ ਨੂੰ 'ਗੁਰੂ' ਬੁਲਾਉਣ ਦਾ ਝਸ ਪਿਆ ਹੋਇਆ ਹੈ, ਜਿਸ ਕਰਕੇ ਉਨ੍ਹਾਂ ਨੂੰ ਆਤਮ-ਰਸ ਦਾ ਸੁਆਦ ਤੇ ਹੁਲਾਰਾ ਸੁਖਾਉਂਦਾ ਹੀ ਨਹੀਂ।

ਸਤਿਗੁਰੂ ਵਿਚ ਪਰਮੇਸ਼ਰ ਵਾਲੇ ਗੁਣ ਹੁੰਦੇ ਹਨ, ਕਿਉਂਕਿ ਪਰਮੇਸ਼ਰ ਨੇ ਆਪਣੀ ਜੋਤਿ-ਕਲਾ ਨੂੰ ਸ਼ਬਦ-ਗੁਰੂ ਵਿਚ ਟਿਕਾਇਆ ਹੋਇਆ ਹੈ। ਤਾਂ ਹੀ ਗੁਰਬਾਣੀ ਵਿਚ ਥਾਂ ਥਾਂ ਤੇ 'ਗੁਰੁ ਪਰਮੇਸਰੁ ਏਕੋ ਜਾਣੁ' ਅਤੇ 'ਪਾਰਬ੍ਰਹਮ ਗੁਰ ਨਾਹੀ ਭੇਦ' ਦਾ ਉਪਦੇਸ਼ ਦਿੱਤਾ ਗਿਆ ਹੈ। ਉਂਜ 'ਸ਼ਬਦ-ਜੋਤਿ' ਸ਼ਕਤੀ ਹਰੇਕ ਵਿਚ ਵਿਚਰ ਰਹੀ ਹੈ, ਪਰ ਉਸ ਦਾ ਕੰਮ ਅਤੇ ਸਮਰਥਾ ਹਰ ਸਰੀਰ ਵਿਚ ਭਿੰਨ ਭਿੰਨ ਹੈ:-

**ਏਕੋ ਪਵਣੁ ਮਾਟੀ ਸਭ ਏਕਾ,**
**ਸਭ ਏਕਾ ਜੋਤਿ ਸਬਾਈਆ ॥**
**ਸਭ ਇਕਾ ਜੋਤਿ ਵਰਤੈ ਭਿਨਿ ਭਿਨਿ,**
**ਨ ਰਲਈ ਕਿਸੈ ਦੀ ਰਲਾਈਆ॥** [ਪੰਨਾ ੯੬

ਸੋ, ਨਾਮ-ਮੰਤਰ ਦੀਖਿਆ ਦੇਣ ਵਾਲੀ ਜੋਤਿ-ਸ਼ਕਤੀ ਕੇਵਲ 'ਗੁਰੂ ਗ੍ਰੰਥ-ਪੰਥ' ਵਿੱਚ ਹੈ, ਕਿਸੇ ਵਿਅਕਤੀ ਕੋਲ ਨਹੀਂ ਹੈ। ਭਰਮ ਦੇ ਛਉੜ ਕੱਟਣ ਲਈ ਕੇਵਲ ਸਤਿਗੁਰੂ ਜੀ ਸਮਰਥ ਹਨ। ਇਸ ਲਈ ਪਾਤਿਸ਼ਾਹ ਸਾਨੂੰ ਗੁਰਮਤਿ ਦੀ ਸੋਝੀ ਕਰਾਉਂਦੇ ਹੋਏ ਇਉਂ ਉਪਦੇਸ਼ ਦਿੰਦੇ ਹਨ:-

**ਗੁਰ ਪੂਰੇ ਕੀ ਪਉ ਸਰਣਾਈ ॥**

ਮੋਹੁ ਸੋਗੁ ਸਭੁ ਭਰਮੁ ਮਿਟਾਈ ॥
ਏਕੋ ਮੰਤ੍ਰੁ ਦ੍ਰਿੜਾਏ ਅਉਖਧੁ,
ਸਚੁ ਨਾਮੁ ਰਿਦ ਗਾਇਣਾ ॥੨॥
ਜਿਸੁ ਨਾਮੈ ਕਉ ਤਰਸਹਿ ਬਹੁ ਦੇਵਾ ॥
ਸਗਲ ਭਗਤ ਜਾ ਕੀ ਕਰਦੇ ਸੇਵਾ ॥
ਅਨਾਥਾ ਨਾਥੁ ਦੀਨ ਦੁਖ ਭੰਜਨੁ,
ਸੋ ਗੁਰ ਪੂਰੇ ਤੇ ਪਾਇਣਾ ॥੩॥....
ਕਈ ਬੈਕੁੰਠ ਨਾਹੀ ਲਵੈ ਲਾਗੇ ॥
ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥
ਏਕੰਕਾਰੁ ਸਤਿਗੁਰ ਤੇ ਪਾਈਐ
ਹਉ ਬਲਿ ਬਲਿ ਗੁਰ ਦਰਸਾਇਣਾ॥੮॥

[ਪੰਨਾ: ੧੦੭੭-੭੮

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ਬਦ-ਗੁਰੂ ਹੋਣ ਕਰਕੇ ਹਰ ਥਾਂ ਵਿਆਪਕ ਹਨ, ਘਟ-ਘਟ ਵਿਚ ਭਰਪੂਰ ਹਨ। ਸ਼ਬਦ ਸ਼ਕਤੀ ਜੀਵ ਦੀ ਦੇਸ-ਪਰਦੇਸ ਵਿੱਚ, ਵੇਲੇ-ਕੁਵੇਲੇ, ਹਰ ਸਮੇਂ ਰੱਖਿਆ ਕਰਦੀ ਹੈ, ਪਰ ਦੇਹਧਾਰੀ-ਸ਼ਕਤੀ ਤਿੰਨ ਗੁਣਾਂ ਤੀਕ ਸੀਮਤ ਹੈ। ਉਦਾਹਰਣ ਵਜੋਂ ਜੇ ਕਿਸੇ ਦੇਹਧਾਰੀ ਗੁਰੂ ਨੂੰ ਆਪਣੇ ਕਿਸੇ ਸੇਵਕ ਦੀ ਰਛਿਆ ਲਈ ਬਾਹਰ ਪਰਦੇਸ ਜਾਣਾ ਪਵੇ ਤਾਂ ਦੇਸ-ਵਾਸੀ, ਸਿਖ ਸੇਵਕਾਂ ਦੀਆਂ ਲੋੜਾਂ ਨੂੰ ਬੋਲ ਕੇ ਪੂਰਾ ਕਰਨ ਵਾਲਾ ਖਪਾ ਕਿਵੇਂ ਪੂਰਿਆ ਜਾ ਸਕਦਾ ਹੈ? ਕੀ ਗੁਰੂ ਦੀ ਹਜ਼ੂਰੀ ਦੂਰੀ ਵਿੱਚ ਨਹੀਂ ਬਦਲ ਜਾਵੇਗੀ? ਪਰ ਸ਼ਬਦ-ਗੁਰੂ ਦੀ ਵੱਡੀ

ਮਹਾਨਤਾ ਇਹ ਹੈ ਕਿ ਉਹ ਕਿਸੇ ਵੇਲੇ ਵੀ ਸੰਗ ਛੋੜ ਕੇ ਪਰੇ ਨਹੀਂ ਹੁੰਦਾ:-

੧- ਗੁਰੁ ਮੇਰੈ ਸੰਗਿ, ਸਦਾ ਹੈ ਨਾਲੇ॥ [ਪੰਨਾ ੩੯੪

੨- ਜਹ ਜਾਈਐ ਤਹ ਨਾਲਿ ਮੇਰਾ ਸੁਆਮੀ,
ਹਰਿ ਅਪਨੀ ਪੈਜ ਰਖੈ ਜਨ ਦਾਸਾ॥੧॥ਰਹਾਉ॥
[ਪੰਨਾ ੮੬੦

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਦ (ਬੋਲ) ਸਮੂਹ ਦਿਸਦੇ ਅਤੇ ਅਣਦਿਸਦੇ ਖੰਡਾਂ, ਬ੍ਰਹਮੰਡਾਂ ਵਿੱਚ ਹਰ ਥਾਂ ਗੁੰਜਾਰ ਪਾ ਰਿਹਾ ਹੈ, ਪਰ ਜਿਸ ਮਨੁੱਖ ਦੇ ਕੰਨਾਂ ਵਿਚ ਉਲੀ ਚੜ੍ਹੀ ਹੋਵੇ, ਬੋਲਾ ਹੋਵੇ, ਉਹ ਗੁਰੂ ਦੇ ਬੋਲਾਂ ਨੂੰ ਕਿਵੇਂ ਸੁਣ ਸਕਦਾ ਹੈ? ਜੇ ਗੁਰੂ ਗ੍ਰੰਥ ਸਾਹਿਬ ਜੀ ਬੋਲਦੇ ਨਾ ਹੋਣ ਤਾਂ ਹੇਠ ਲਿਖਿਆ ਸੱਦਾ ਕਿਵੇਂ ਦੇਣ:-

੧- ਬੋਲਿ ਸੁ ਧਰਮੀੜਿਆ ਮੋਨਿ ਕਤ ਧਾਰੀ ਰਾਮ॥
ਤੂ ਨੇਤ੍ਰੀ ਦੇਖਿ ਚਲਿਆ,
ਮਾਇਆ ਬਿਉਹਾਰੀ ਰਾਮ ॥ [ਪੰਨਾ ੫੪੭

੨- ਗੁਰਸਿਖ ਹਰਿ ਬੋਲਹੁ ਮੇਰੇ ਭਾਈ ॥
ਹਰਿ ਬੋਲਤ,
ਸਭ ਪਾਪ ਲਹਿ ਜਾਈ॥੧॥ਰਹਾਉ॥ [ਪੰਨਾ ੧੬੫

੩- ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ॥
ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ,

**ਬਾਣੀਆ ਸਿਰਿ ਬਾਣੀ ॥** [ਪੰਨਾ ੯੨੦

ਗੁਰੂ ਕਾ ਸ਼ਬਦ (ਬੋਲ) ਹਰੇਕ ਮਨੁੱਖ ਨੂੰ ਨਹੀਂ ਸੁਣੀਂਦਾ। ਮਨੁੱਖ ਦੀ ਗੱਲ ਕੇਵਲ ਕੰਨਾਂ ਨਾਲ ਸੁਣੀ ਜਾਂਦੀ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਬਦ ਕੇਵਲ ਕੰਨਾਂ ਦਾ ਵਿਸ਼ਾ ਨਹੀਂ, ਇਹ ਅੱਖਾਂ ਨਾਲ, ਹਿਰਦੇ ਅੰਦਰ, ਸਰੀਰ ਦੇ ਇਕ ਇਕ ਰੋਮ ਦੁਆਰਾ ਸੁਣਿਆ ਜਾ ਸਕਦਾ ਹੈ। ਗੁਰਬਾਣੀ ਦੇ ਦਿਤੇ ਪ੍ਰਮਾਣਾਂ ਨੂੰ ਸ਼ੰਕਾਵਾਦੀ ਸੱਜਣ ਇਹ ਆਖ ਸਕਦੇ ਹਨ ਕਿ ਇਹ ਬਾਣੀ ਤਾਂ ਗੁਰੂ ਜੀ ਜਦੋਂ ਸਰੀਰ ਕਰਕੇ ਮੌਜੂਦ ਸਨ, ਓਦੋਂ ਦੀ ਉਚਾਰਨ ਕੀਤੀ ਹੋਈ ਹੈ, ਪਰ ਗੁਰੂ ਜੀ ਦੇ ਸਮਕਾਲੀ ਸਿਖਾਂ ਨੇ ਵੀ ਇਸ ਸਿਧਾਂਤ ਤੇ ਮੋਹਰ-ਛਾਪ ਲਾ ਦਿੱਤੀ ਹੈ:-

**ਗੁਰ ਦਰਸ ਜਿਹ ਦੇਖਨਾ, ਸ੍ਰੀ ਗ੍ਰੰਥ ਦਰਸਾਇ॥**
**ਬਾਤ ਕਰਨ ਗੁਰ ਸੋਂ ਚਹੈ, ਪੜ੍ਹੈ ਗ੍ਰੰਥ ਮਨ ਲਾਇ॥**

[ਗੁਰ ਬਿਲਾਸ ਪਾ: ੬

ਵਰਤਮਾਨ ਸਮੇਂ ਵਿਚ ਅਜਿਹੇ ਗੁਰਸਿਖ ਮੌਜੂਦ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਬੜੇ ਪ੍ਰੇਮ ਨਾਲ ਬਚਨ ਕਰਦੇ ਹਨ। ਬਿਨਾਂ ਹੁਕਮ ਦੇ ਕੋਈ ਕੰਮ ਨਹੀਂ ਕਰਦੇ। ਨਿਮਖ ਨਿਮਖ ਨਮਸਕਾਰਾਂ ਕਰਦੇ ਹਨ। ਭਾਈ ਸਾਹਿਬ ਸ਼ੇਰ ਸਿੰਘ ਜੀ ਗੁਰੂ ਸਰ ਸੁਧਾਰ ਵਾਲੇ, ਅਜਿਹੇ ਸਜਣਾਂ ਵਿਚੋਂ ਇਕ ਸਨ, ਆਪ ਜੀ ਪ੍ਰਮਾਰਥਕ ਤੇ ਆਰਥਕ ਖੇਤਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਨਾਮੇ ਅਨੁਸਾਰ ਹੀ ਵਿਚਰਦੇ ਹੁੰਦੇ ਸਨ।

ਸਿਖ ਜਦੋਂ ਮਨੁੱਖ ਦੀ ਟੇਕ ਤੋਂ ਉਤੇ ਉਠਦਾ ਹੈ ਤਾਂ ਇਹ

ਗੁਰੂ ਨਾਲ ਗੱਲਾਂ ਕਰਦਾ ਹੈ। ਫਿਰ ਇਸ ਨੂੰ ਗੁਰੂ ਦੇ ਬਚਨ ਸੁਣਾਈ ਦੇਂਦੇ ਹਨ। ਮਨ ਦੀ ਇਕਾਗਰਤਾ ਨੂੰ ਸੁਣਨਾ ਸੰਭਵ ਨਹੀਂ। ਆਤਮਕ ਪਵਿੱਤਰਤਾ ਤੋਂ ਮਗਰੋਂ ਹੀ ਉਹ ਕਿਰਪਾ-ਦ੍ਰਿਸ਼ਟੀ ਹੁੰਦੀ ਹੈ ਜਿਸ ਨਾਲ ਮਨੁੱਖੀ ਹਿਰਦੇ ਅੰਦਰ ਜੋਤਿ ਦਾ ਪ੍ਰਕਾਸ਼ ਤੇ ਵਿਗਾਸ ਹੁੰਦਾ ਹੈ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਸਿਖ ਦੀ ਗੁਰੂ-ਬਚਨਾਂ ਨਾਲ ਪ੍ਰੀਤ ਹੋਣੀ ਚਾਹੀਦੀ ਹੈ। ਜਦੋਂ ਪ੍ਰੀਤਿ ਤੋਂ ਪ੍ਰਤੀਤ ਬਣਦੀ ਹੈ, ਓਦੋਂ ਕੰਨਾਂ ਦੇ ਕਪਾਟ ਖੁਲ੍ਹ ਜਾਂਦੇ ਹਨ। ਫਿਰ ਗੁਰੂ ਦਾ ਗਿਆਨ ਪ੍ਰਪੱਕਤਾ ਲਿਆਉਂਦਾ ਹੈ ਜਿਸ ਨਾਲ ਹੁਕਮ ਦੀ ਪਛਾਣ ਹੋ ਜਾਂਦੀ ਹੈ:-

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥
ਪੈਰਾ ਬਾਝਹੁ ਚਲਣਾ, ਵਿਣੁ ਹਥਾ ਕਰਣਾ ॥
ਜੀਭੈ ਬਾਝਹੁ ਬੋਲਣਾ, ਇਉ ਜੀਵਤ ਮਰਣਾ॥
ਨਾਨਕ, ਹੁਕਮੁ ਪਛਾਣਿ ਕੈ,
ਤਉ ਖਸਮੈ ਮਿਲਣਾ ॥ ੧ ॥ [ਪੰਨਾ ੧੩੯

*

# ਇਕ ਹੱਡਬੀਤੀ

-2-

ਦਾਸਰੇ ਨੂੰ ਗੁਰਦੇਵ ਸਦਾ ਆਪਣੀ ਚਰਨ ਸ਼ਰਨ ਵਿਚ ਸਮਾਈ ਬਖਸ਼ਣ ਅਤੇ ਹਉਂ ਦੀ ਲੇਸ ਮਾਤਰ ਤੋਂ ਰਹਿਤ ਰਖਣ। ਪਾਠਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੋਲਣ ਬਾਰੇ ਆਪਣੀ ਹੱਡ-ਬੀਤੀ ਸੁਣਾਉਂਦਾ ਹਾਂ।

ਜੂਨ ੧੯੫੭ ਵਿਚ ਦਾਸਰੇ ਦੀ ਤਬਦੀਲੀ ਸ਼ਿਮਲੇ ਤੋਂ ਜਲੰਧਰ ਦੀ ਹੋਈ। ਕੁਝ ਦਿਨਾਂ ਬਾਅਦ ਦਾਸ ਨੂੰ ਕੁਝ ਸਰੀਰਕ ਖੇਚਲ ਹੋ ਗਈ। ਦਫ਼ਤਰ ਵਿਚ ਬੈਠਿਆਂ ਬੈਠਿਆਂ ਇਕ ਬਾਂਹ ਨੇ ਆਪਣਾ ਬਲ ਛੱਡ ਦਿੱਤਾ, ਬਾਕੀ ਸਰੀਰ ਵੀ ਢਿੱਲਾ ਪੈ ਗਿਆ। ਸਹਿਜੇ ਸਹਿਜੇ ਇਸ ਖੇਚਲ ਨੇ ਆਪਣਾ ਭਿਆਨਕ ਰੂਪ ਵਟਾ ਲਿਆ। ਕੰਮ ਕਰਦੇ ਕਰਦੇ ਸਰੀਰ ਦਾ ਸਾਰਾ ਬਲ ਖਿਚਿਆ ਜਾਣਾ ਤੇ ਨੀਮ-ਹੋਸ਼ੀ ਵਿਚ ਕੁਰਸੀ ਤੇ ਬੈਠੇ ਰਹਿਣਾ, ਪਰ ਅੰਦਰੋਂ ਇਉਂ ਜਾਪਦਾ ਸੀ ਕਿ ਬਸ ਹੁਣ 'ਚਲਣ ਦਾ ਸਾਜ' ਬਣ ਰਿਹਾ ਹੈ। ਇਕ ਦਿਨ ਦਫ਼ਤਰ ਵਿਚ ਵਧੇਰੇ ਤਕਲੀਫ ਹੋ ਗਈ ਤਾਂ ਦਫ਼ਤਰ ਦੇ ਸਾਥੀਆਂ ਨੇ ਦਾਸਰੇ ਨੂੰ ਉਥੋਂ ਦੇ ਸਿਵਲ ਹਸਪਤਾਲ ਵਿਚ ਦਾਖਲ ਕਰਾ ਦਿੱਤਾ। ਸ੍ਰ. ਪਰਤਾਪ ਸਿੰਘ ਸਿਵਲ ਸਰਜਨ ਨੇ ਜਦੋਂ ਚੈਕ ਕੀਤਾ ਤਾਂ ਉਹ ਬੜਾ ਹੈਰਾਨ ਹੋਇਆ। ਆਖਣ ਲੱਗਾ, ਮਰੀਜ਼ ਤਾਂ ਹੋਰ ਵੀ ਕਈ ਵੇਖੇ ਹਨ ਤੇ ਰੋਜ਼ ਹੀ ਵੇਖਦਾ

ਹਾਂ, ਪਰ ਇਸ ਮਰੀਜ਼ ਦੀ ਸਮਝ ਨਹੀਂ ਆਉਂਦੀ। ਇਸ ਦੇ ਸੁਆਸ ਛਾਤੀ ਵਿਚ ਚਲਦੇ ਹਨ, ਪਰ ਬਾਂਹ ਵਿਚੋਂ ਹਰਕਤ ਨਹੀਂ ਕਰਦੇ। ਨਬਜ਼ ਬੜੀ ਮੱਧਮ ਹੈ। ਕੁਝ ਦਿਨ ਉਹਨਾਂ ਨੇ (under observation) ਭਾਵ ਦੇਖ-ਭਾਲ ਅਧੀਨ ਰਖਿਆ, ਪਰ ਕੁਝ ਪਤਾ ਨਾ ਲੱਗਾ। ਅੰਤ ਨੂੰ ਮੈਂ ਤੰਗ ਪੈ ਕੇ ਛੁੱਟੀ ਲੈ ਕੇ ਘਰ ਆ ਗਿਆ। ਮੇਰੇ ਕੁਝ ਮਿੱਤਰ ਜਿਹੜੇ ਜਲੰਧਰ ਛਾਉਣੀ ਰਹਿੰਦੇ ਸਨ, ਉਨ੍ਹਾਂ ਨੇ ਡਾਕਟਰ ਹਰਿਕਿਸ਼ਨ ਸਿੰਘ ਜੀ ਨੂੰ ਜਾ ਵਿਖਾਇਆ। ਉਹ ਸਾਰਾ ਹਾਲ ਚਾਲ ਪੁਛਣ ਮਗਰੋਂ ਇਹ ਕਹਿਣ ਲਗੇ "ਭਾਈ ਸਾਹਿਬ ਜੀ! ਤੁਸੀਂ ਪ੍ਰਾਣਾਯਾਮ ਤਾਂ ਨਹੀਂ ਕਰਦੇ?" ਦਾਸਰੇ ਨੇ ਉਤਰ ਵਿੱਚ ਆਖਿਆ, "ਮੈਂ ਜੋਗੀਆਂ ਵਾਲਾ ਪ੍ਰਾਣਾਯਾਮ ਤਾਂ ਨਹੀਂ ਕਰਦਾ, ਸਹਿਜੇ ਸਹਿਜੇ ਨਾਮ ਜਪਣ ਵਾਲਾ ਅਭਿਆਸ ਜ਼ਰੂਰ ਕਰਦਾ ਹਾਂ।" ਉਹ ਵੀ ਪੁਛ-ਗਿਛ ਕਰਨ ਮਗਰੋਂ ਬੀਮਾਰੀ ਨੂੰ ਦਸਣ ਵਿਚ ਅਸਮਰਥ ਹੋ ਗਏ। ਹੁਣ ਘਰ ਵਿਚ ਸਲਾਹ ਬਣਾਈ ਕਿ ਛੁੱਟੀ ਲੈ ਕੇ ਪਟਿਆਲੇ ਚਲੀਏ, ਕਿਉਂਕਿ ਉਥੇ ਸਿਰ ਲੁਕਾਉਣ ਲਈ ਢਾਰਾ ਵੀ ਹੈ ਅਤੇ ਹਵਾ ਪਾਣੀ ਬਦਲਣ ਨਾਲ ਸਿਹਤ ਵਿਚ ਕੁਝ ਫ਼ਰਕ ਵੀ ਪੈ ਜਾਵੇਗਾ। ਲੰਮੀ ਛੁੱਟੀ ਲੈ ਕੇ ਪਟਿਆਲੇ ਆ ਗਏ। ਉਥੇ ਪਹੁੰਚਣ ਸਾਰ ਦੂਜੇ ਦਿਨ ਹੀ ਨੀਊ ਰਾਜਿੰਦਰਾ ਹਸਪਤਾਲ ਵਿਚ ਦਾਸ ਨੂੰ ਦਾਖਲ ਕਰਵਾ ਦਿੱਤਾ ਗਿਆ। ਡਾਕਟਰਾਂ ਨੇ ਆਪਣੇ ਵਲੋਂ ਕਾਫੀ ਦੇਖ ਭਾਲ ਕੀਤੀ, ਪਰ ਬੀਮਾਰੀ ਦੀ ਸਮਝ ਨਾ ਆਈ। ਪਿਸ਼ਾਬ, ਟੱਟੀ, ਖ਼ੂਨ ਸਭ ਚੀਜ਼ਾਂ ਪਹਿਲਾਂ ਹੀ ਟੈਸਟ ਹੋ ਚੁੱਕੀਆਂ ਸਨ, ਪਰ

ਇਕ ਦਿਨ ਉਨ੍ਹਾਂ ਵੱਡਾ ਸੂਆ ਦਾਸ ਦੀ ਪਿਠ ਵਿਚ ਚਭੋਇਆ। ਉਸ ਨਾਲ ਇਕ ਵਾਰੀ ਤਾਂ ਦਰਦ ਹੋਇਆ, ਪਰ ਫਿਰ ਪਤਾ ਨਹੀਂ ਲੱਗਾ। ਪਿਛੋਂ ਪਤਾ ਲਗਾ ਕਿ ਡਾਕਟਰ ਇਹ ਵੇਖ ਰਹੇ ਸਨ, ਮਤਾਂ ਪਿਠ ਦੇ ਕਿਸੇ ਹਿੱਸੇ ਵਿਚ ਪਾਣੀ ਨਾ ਹੋਵੇ। ਪਰ ਸੂਆ ਚੋਭਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਬੀਮਾਰੀ ਦਾ ਕੋਈ ਥਹੁ ਪਤਾ ਨਾ ਲੱਗਾ।

ਜਦੋਂ ਮਨੁੱਖ ਦੁਖੀ ਹੋਵੇ ਤਾਂ ਸੁਭਾਵਕ ਹੀ ਰੱਬ ਚੇਤੇ ਆਉਂਦਾ ਹੈ। ਪਟਿਆਲੇ ਦੇ ਸਤਿਸੰਗੀ ਵੀਰਾਂ ਨੂੰ ਜਦੋਂ ਪਤਾ ਲੱਗਾ, ਉਹ ਬੀਮਾਰ-ਪੁਰਸੀ ਲਈ ਆਉਣ ਲਗ ਪਏ। ਜਦੋਂ ਪਿਠ ਵਿਚ ਸੂਆ ਚੁਭੋਇਆ ਗਿਆ ਸੀ ਤਾਂ ਓਦੋਂ ਮੇਰੇ ਕੋਲ ਘਰ ਦਾ ਕੋਈ ਮੈਂਬਰ ਨਹੀਂ ਸੀ। ਸੁਭਾਵਕ ਹੀ ਇਕ ਗੁਰਮੁਖ ਵੀਰ ਮਿਲਣ ਲਈ ਆ ਗਏ। ਉਹ ਹੈਰਾਨ ਹੋ ਕੇ ਪੁਛਣ ਲਗੇ, "ਤੁਸਾਂ ਘਰ ਵਾਲਿਆਂ ਨੂੰ ਨਾ ਦਸਿਆ ਕਿ ਏਦਾਂ ਦਾ ਸੂਆ ਲਗਣਾ ਹੈ।" ਦਾਸਰੇ ਨੂੰ ਪਤਾ ਹੀ ਨਹੀਂ ਸੀ, ਇਸ ਲਈ ਕਿਸੇ ਨੂੰ ਕਿਵੇਂ ਦਸਦਾ। ਦਾਸ ਚੁਪ ਕਰ ਰਿਹਾ। ਡਾਕਟਰ ਅਤੇ ਉਸ ਮਿਤਰ ਦੇ ਜਾਣ ਮਗਰੋਂ ਸ਼ਬਦ ਸੁਰਤਿ ਦਾ ਅਜਿਹਾ ਸੰਜੋਗ ਬਣਿਆ ਕਿ ਸਾਰੇ ਮਿੱਤਰ ਤੇ ਘਰ ਵਾਲੇ ਭੁਲ ਗਏ। ਅੰਤਰ-ਆਤਮੇ ਗੁਰੂ-ਚਰਨਾਂ ਵਿਚ 'ਮੇਰਾ ਦੁਖੁ ਸੁਖੁ ਤੁਝ ਹੀ ਪਾਸਿ' ਵਾਲੀ ਅਰਦਾਸਿ ਕੀਤੀ। ਅਰਦਾਸਿ ਵੀ ਬਾਰਿਕ ਵਾਂਗ ਆਪਣੇ ਪਰਮ-ਪਿਤਾ ਉਤੇ ਮੇਹਰ ਨਾਲ ਭਰੀ ਹੋਈ ਇਉਂ ਆਖੀ ਜਾਵਾਂ, 'ਜੀ! ਸਤਿਗੁਰੂ ਸਚੇ ਪਾਤਸ਼ਾਹ ਜੀ! ਮੇਰੇ ਲਈ ਇਹੋ ਥਾਂ ਰਹਿ ਗਈ ਸੀ ਜਿਥੇ ਜਿਸ

ਵੇਲੇ ਪਾਸਾ ਪਰਤਾਂ, ਦੁਖੀਆਂ ਦੀ ਹਾਏ ਹਾਏ, ਕੀਰਨੇ ਤੇ ਰੋਣੇ ਸੁਣਾਂ? ਇਕ ਪਾਸੇ ਤਾਂ ਨਾਮ ਦੀ ਵਿਸਮਾਦੀ ਰੰਗ ਕੀਰਤਨ ਦੇ ਰਸਿਕ ਹੁਲਾਰੇ, ਨਿਤ ਗੁਰਦੁਆਰੇ ਵਿਚ ਸਤਿਸੰਗੀਆਂ ਦੇ ਮੇਲ-ਮਿਲਾਪ। ਇਹ ਕੀ ਹੋ ਰਿਹਾ ਹੈ? ਮੈਂ ਮੂਰਖ ਹਾਂ, ਮੈਨੂੰ ਸਮਝ ਨਹੀਂ, ਤੁਸਾਂ ਰੰਗਲੇ ਬਾਦਸ਼ਾਹ ਹੋ, ਜਿਥੇ ਤੇ ਜਿਵੇਂ ਰਖੋ ਉਸੇ ਤਰ੍ਹਾਂ ਰਹਿਣਾ ਹੈ। ਬਸ! ਅਰਦਾਸਿ ਹੈ:-

**ਮੇਰੇ ਹਰਿ ਜੀਉ, ਸਭੁ ਕੋ ਤੇਰੈ ਵਸਿ ॥**
**ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ,**
**ਜਿਉ ਭਾਵੈ ਤਿਵੈ ਬਖਸਿ॥੧॥ਰਹਾਉ॥** [ਪੰਨਾ ੭੩੬

ਰਾਤ ਨੂੰ ਏਦਾਂ ਦੀਆਂ ਬੇਨਤੀਆਂ ਵਿਚ ਮੇਰੀ ਅੱਖ ਲਗ ਗਈ। ਨਿਤ ਦੇ ਅਭਿਆਸ ਅਨੁਸਾਰ ਅੰਮ੍ਰਿਤ ਵੇਲੇ ਜਾਗ ਖੁਲ੍ਹੀ ਅੰਤਰ-ਆਤਮੇ ਤੋਂ ਅਜਿਹੀ ਪ੍ਰੇਰਨਾ ਮਿਲੀ, ਜਿਸ ਨਾਲ ਮੈਂ ਸਵੇਰੇ ੪ ਵਜੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ, ਪਟਿਆਲਾ ਵਲ ਮੂੰਹ ਕਰ ਲਿਆ। ਗੁਰੂ ਦਰਬਾਰ ਵਿਚ ਮੱਥਾ ਟੇਕਿਆ। ਉਥੋਂ ਇਕ ਗੁਰਮੁਖ ਜੋ ਮੇਰੇ ਚੰਗੇ ਜਾਣੂੰ ਸਨ ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸਨ। ਪਾਠ ਦਾ ਭੋਗ ਪਿਆ। ਕੁਝ ਬਚਨ ਉਨ੍ਹਾਂ ਬੜੇ ਪਿਆਰ ਨਾਲ ਸੁਣਾਏ। ਫਿਰ ਮੈਨੂੰ ਕੀਰਤਨ ਲਈ ਆਖਿਆ। ਪਰ ਮੇਰਾ ਸਰੀਰ ਨਰਮ ਹੋਣ ਕਰਕੇ ਮੈਂ ਚੁਪ ਰਿਹਾ। ਭੋਗ ਮਗਰੋਂ ਅਰਦਾਸਿ ਹੋਈ। ਉਪਰੰਤ ਹੁਕਮਨਾਮਾ ਮਿਲਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੋਲੇ:-

**ਧਨਾਸਰੀ ਮਹਲਾ ੪॥**

ਚਤੁਰ ਦਿਸਾ ਕੀਨੋ ਬਲੁ ਅਪਨਾ,
ਸਿਰ ਊਪਰਿ ਕਰੁ ਧਾਰਿਓ॥
ਕ੍ਰਿਪਾ ਕਟਾਖ ਅਵਲੋਕਨੁ ਕੀਨੋ,
ਦਾਸ ਕਾ ਦੂਖੁ ਬਿਦਾਰਿਓ ॥੧॥
ਹਰਿ ਜਨ ਰਾਖੇ ਗੁਰ ਗੋਵਿੰਦ ॥
ਕੰਠਿ ਲਾਇ ਅਵਗੁਣ ਸਭਿ ਮੇਟੇ,
ਦਇਆਲ ਪੁਰਖ ਬਖਸੰਦ ॥ਰਹਾਉ॥
ਜੋ ਮਾਗਹਿ ਠਾਕੁਰ ਅਪਨੇ ਤੇ, ਸੋਈ ਸੋਈ ਦੇਵੈ ॥
ਨਾਨਕ ਦਾਸੁ ਮੁਖ ਤੇ ਜੋ ਬੋਲੈ,
ਈਹਾ ਊਹਾ ਸਚੁ ਹੋਵੈ ॥੨॥੧੪॥੪੫॥ [ਪੰਨਾ ੬੮੧

ਬਸ ਗੁਰੂ ਦੇ ਬੋਲਾਂ ਨੇ ਮੇਰੇ ਹਿਰਦੇ ਅੰਦਰ ਇਹ ਦ੍ਰਿੜ੍ਹ ਕਰਾ ਦਿੱਤਾ, 'ਦਾਸ ਕਾ ਦੂਖੁ ਬਿਦਾਰਿਓ'। ਮੱਥਾ ਟੇਕ ਕੇ ਗੁਰੂ ਦੀ ਅਸੀਸ ਲੈ ਕੇ ਹਸਪਤਾਲ ਵਲ ਮੁੜ ਪਿਆ। ਡਾਕਟਰ ਦੇ ਪੁਜਣ ਤੋਂ ਪਹਿਲਾਂ ਮੈਂ ਆਪਣੇ ਬੈੱਡ ਤੇ ਪਹੁੰਚ ਗਿਆ। ਜਦੋਂ ਡਾਕਟਰ ਵੇਖਣ ਲਈ ਆਇਆ ਤਾਂ ਦਾਸਰੇ ਨੇ ਬੇਨਤੀ ਕੀਤੀ, "ਡਾਕਟਰ ਸਾਹਿਬ! ਹੁਣ ਮੈਨੂੰ ਛੁੱਟੀ ਦੇ ਦਿਉ ਮੈਂ ਠੀਕ ਹੋ ਗਿਆ ਹਾਂ।" ਡਾਕਟਰ ਜੀ ਆਖਣ ਲੱਗੇ, "ਤੂੰ ਕਮਲਾ ਹੈਂ, ਅਜੇ ਤਾਂ ਸਾਨੂੰ ਤੇਰੀ ਬੀਮਾਰੀ ਦਾ ਭੇਦ ਨਹੀਂ ਲਭ ਰਿਹਾ ਤੂੰ ਕਿਵੇਂ ਕਹਿੰਦਾ ਹੈ ਕਿ ਮੈਂ ਠੀਕ ਹੋ ਗਿਆ ਹਾਂ।" ਅਸੀਂ ਅਜੇ ਹੋਰ ਕੁਝ ਦਿਨ ਪੜਤਾਲ ਕਰਾਂਗੇ, ਤੁਸੀਂ ਸਬਰ ਕਰੋ।" ਮੈਂ ਡਾਕਟਰ ਦੀ ਇਕ ਵੀ ਨਾ ਮੰਨੀ, ਆਪਣੇ ਦਿਲ ਅੰਦਰ ਇਹੀ ਆਖੀ ਜਾਵਾਂ, ਇਹ

ਡਾਕਟਰ ਕਮਲੇ ਹਨ ਇਨ੍ਹਾਂ ਨੂੰ ਉਸ ਵੱਡੇ ਵੈਦ ਦਾ ਪੱਤਾ ਹੀ ਨਹੀਂ:

**"ਮੇਰਾ ਬੈਦੁ ਗੁਰੂ ਗੋਵਿੰਦਾ"** [ਪੰਨਾ ੬੧੮

ਇਸ ਤੋਂ ਪਿਛੋਂ ਘਰ ਦੇ ਜੀਅ ਪੁੱਛਣ ਲਈ ਆਏ। ਮੈਂ ਸਭ ਨੂੰ ਇਹੀ ਆਖੀ ਜਾਵਾਂ, "ਮੇਰਾ ਇਲਾਜ ਹੋ ਚੁੱਕਾ ਹੈ। ਮੇਰਾ ਦੁਖ ਦੂਰ ਹੋ ਗਿਆ ਹੈ, ਮੇਰੇ ਸਤਿਗੁਰੂ ਨੇ ਮੇਰਾ ਕਲੇਸ਼ ਕੱਟ ਦਿੱਤਾ ਹੈ।" ਮੇਰੀਆਂ ਗੱਲਾਂ ਸੁਣ ਸੁਣ ਕੇ ਸਾਰੇ ਹੈਰਾਨ ਹੋਣ ਪਰ ਠੀਕ ਹੋਣ ਦਾ ਯਕੀਨ ਕਿਸੇ ਨੂੰ ਨਾ ਆਵੇ। ਮੈਂ ਗੁਰੂ ਦੇ ਭਰੋਸੇ ਤੇ ਡਾਕਟਰਾਂ ਨੂੰ ਬੇਨਤੀ ਕਰਕੇ ਹਸਪਤਾਲ ਤੋਂ ਛੁੱਟੀ ਲੈ ਲਈ।

ਹੁਣ ਘਰ ਵਾਲੇ ਫਿਰ ਤੰਗ ਕਰਨ। ਮੈਂ ਮੁੜ ਮੁੜ ਇਹੋ ਆਖੀ ਜਾਵਾਂ, ਮੇਰਾ ਦੁਖ ਦੂਰ ਹੋ ਗਿਆ ਹੈ। ਇਹ ਸਤਿਗੁਰੂ ਜੀ ਦਾ ਹੁਕਮ ਹੈ। ਪਰ ਉਹ ਧਿੰਗੋ-ਜੋਰੀ ਮੈਨੂੰ ਵੈਦ-ਰਾਜ ਕੀਰਤੀ ਪ੍ਰਕਾਸ਼ ਕੋਲ ਲੈ ਗਏ। ਉਸ ਨੇ ਵੇਖ ਕੇਂ ਪੰਜ ਸਤ ਗੋਲੀਆਂ ਦਿਤੀਆਂ। ਗੋਲੀਆਂ ਨੇ ਕੀ ਕਰਨਾ ਸੀ, ਇਹ ਤਾਂ ਘਰ ਵਾਲਿਆਂ ਦੀ ਤਸੱਲੀ ਲਈ ਲੈ ਲਈਆਂ। ਬਸ, ਉਸ ਦਿਨ ਮਗਰੋਂ ਅਕਾਲ ਪੁਰਖ ਦੀ ਬੜੀ ਕਿਰਪਾ ਰਹੀ। ਮੁੜ ਉਹ ਤਕਲੀਫ਼, ਜੋ ਜਲੰਧਰ ਸੀ, ਵੇਖਣ ਵਿਚ ਨਹੀਂ ਆਈ। ਕਿਉਂਕਿ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੋਲਾਂ ਨੇ ਨਸਾ ਦਿੱਤਾ ਸੀ:-

**ਨਸਿ ਵੰਞਹੁ ਕਿਲਵਿਖਹੁ, ਕਰਤਾ ਘਰਿ ਆਇਆ॥**
**ਦੂਤਹ ਦਹਨੁ ਭਇਆ,**
**ਗੋਵਿੰਦੁ ਪ੍ਰਗਟਾਇਆ ॥** [ਪੰਨਾ ੪੬੦

ਸੋ, ਜਦੋਂ ਇਸ ਤਰ੍ਹਾਂ ਦੀਆਂ ਖੇਡਾਂ ਜੀਵਨ ਵਿਚ ਵਾਪਰਨ ਤਾਂ ਪਤਾ

ਲਗਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਵੇਂ ਬੋਲਦੇ ਹਨ:-

ਮਿਠਬੋਲੜਾ ਜੀ, ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ,
ਓਹੁ ਕਦੇ ਨ ਬੋਲੈ ਕਉਰਾ ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ,
ਅਉਗਣੁ ਕੋ ਨ ਚਿਤਾਰੇ ॥
ਪਤਿਤ ਪਾਵਨ ਹਰਿ ਬਿਰਦੁ ਸਦਾਏ,
ਇਕੁ ਤਿਲੁ ਨਹੀ ਭੰਨੈ ਘਾਲੇ ॥
ਘਟ ਘਟ ਵਾਸੀ ਸਰਬ ਨਿਵਾਸੀ,
ਨੇਰੈ ਹੀ ਤੇ ਨੇਰਾ ॥
ਨਾਨਕ ਦਾਸੁ ਸਦਾ ਸਰਣਾਗਤਿ,
ਹਰਿ ਅੰਮ੍ਰਿਤ ਸਜਣੁ ਮੇਰਾ ॥੧॥ [ਪੰਨਾ ੭੮੪

*

# ਮੂਲ ਮੰਤ੍ਰ

ਸਿੱਖ ਧਰਮ ਵਿਚ ਦ੍ਵੈਤ ਲਈ ਕੋਈ ਥਾਂ ਨਹੀਂ ਹੈ ਕਿਉਂਕਿ ਖ਼ਾਲਸਾ ਪੰਥ ਇਕ ਹੈ, ਅੰਮ੍ਰਿਤ ਇਕ ਹੈ, ਮੂਲ ਮੰਤ੍ਰ ਇਕ ਹੈ, ਗੁਰ ਮੰਤ੍ਰ ਇਕ ਹੈ, ਵਿਧਾਨਕ ਮਰਯਾਦਾ ਇਕ ਅਤੇ ਨਿਸ਼ਾਨ ਇਕ ਹੈ। ਇਸ ਦੇ ਬਾਵਜੂਦ ਵੀ ਕੁਝ ਟਕਸਾਲਾਂ ਸ਼੍ਰੇਣੀਆਂ, ਡੇਰੇ ਜੱਥੇ ਤੇ ਸਿਖ ਅਦਾਰੇ ਆਪਣੀ ਵਖਰੀ ਪਰਪਾਟੀ ਚਲਾ ਰਹੇ ਹਨ। ਉਹ ਕਹਿੰਦੇ ਹਨ ਕਿ ਮੂਲ ਮੰਤ੍ਰ '੧ੴ' ਤੋਂ ਲੈ ਕੇ ਗੁਰ ਪ੍ਰਸਾਦਿ ਤੱਕ ਨਹੀਂ, ੧ੴ ਤੋਂ ਲੈ ਕੇ ਨਾਨਕ ਹੋਸੀ ਭੀ ਸਚੁ ਤੱਕ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੀ ਛਤਰ-ਛਾਇਆ ਹੇਠ ਭਾ.ਸ. ਗੁਰਦਾਸ ਜੀ ਤੋਂ ਕਰਵਾਈ। ਇਸ ਵਿਚ ਪ੍ਰਥਮ ਅਸਥਾਨ 'ਜਪੁ' ਬਾਣੀ ਨੂੰ ਪ੍ਰਾਪਤ ਹੈ ਜਿਸ ਦੇ ਆਰੰਭ ਵਿਚ '੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥' ਵਾਰਤਕ ਰੂਪ ਵਿਚ ਅੰਕਿਤ ਹੈ। ਇਸ ਦੇ ਮਗਰੋਂ ਦੋ ਡੰਡੀਆਂ ਵਿਚ ॥ਜਪੁ॥ ਬਾਣੀ ਦਾ ਨਾਮ ਹੈ ਅਤੇ ਇਕ ਸਲੋਕ ਦੋਹਰਾ ਰੂਪ ਵਿਚ ਦਰਜ ਹੈ:-

**ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**

ਇਸ ਤੋਂ ਮਗਰੋਂ ੩੮ ਪਉੜੀਆਂ ਅਤੇ ਅੰਤ ਵਿਚ ਫਿਰ

ਸਲੋਕੁ 'ਪਵਣੁ ਗੁਰੂ ਪਾਣੀ ਪਿਤਾ...' ਸੁਭਾਇਮਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਅੰਦਰ '੧ੴ' ਤੋਂ 'ਗੁਰਪ੍ਰਸਾਦਿ' ਤਕ ਮੂਲ ਮੰਤ੍ਰ ਸੰਪੂਰਨ ਰੂਪ ਵਿਚ ੩੩ ਵਾਰ ਆਇਆ ਅਤੇ ਇਸ ਦੇ ਹੋਰ ਤਿੰਨ ਸੰਖਿਪ ਰੂਪ ਇਉਂ ਵਿਦਮਾਨ ਹਨ:-

੧ੴ ਸਤਿਗੁਰ ਪ੍ਰਸਾਦਿ ੫੨੩
੧ੴ ਸਤਿਨਾਮੁ ਗੁਰ ਪ੍ਰਸਾਦਿ ॥ ੨
੧ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥ ੮

ਸੰਨ ੧੯੬੧ ਈ. ਤੱਕ ਜੋ ਪੰਜ ਹਜਾਰ ਪਾਵਨ ਸਰੂਪ ਫੋਟੋ ਬਲਾਕਾਂ ਰਾਹੀਂ ਸ੍ਰੋਮਣੀ ਗੁ.ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਪ੍ਰਕਾਸ਼ਤ ਕਰਵਾਏ ਸਨ ਉਨ੍ਹਾਂ ਵਿੱਚ ਕੇਵਲ '੧ੴ' ਮੰਗਲ ਵੀ ਪੰਨਾ ੧੩੫੩ ਤੇ ਸੁਭਾਇਮਾਨ ਸੀ ਪਰ ਵਰਤਮਾਨ ਸਰੂਪਾਂ ਵਿਚ ਇਹ ਮੰਗਲ ਮੌਜੂਦ ਨਹੀਂ ਹੈ। ਇਸ ਤਰ੍ਹਾਂ ਪੰਜ ਪ੍ਰਕਾਰ ਦੇ ਮੰਗਲ ਸਰੂਪ ਉਪਲਬਧ ਹਨ।

ਪ੍ਰਾਚੀਨ ਕਾਲ ਵਿਚ ਜਿਵੇਂ ਕਵੀ, ਲੇਖਕ ਜਾਂ ਲਿਖਾਰੀ ਕੋਈ ਰਚਨਾ ਆਰੰਭ ਕਰਨ ਤੋਂ ਪਹਿਲਾਂ ਆਪਣੇ ਇਸ਼ਟ ਦੇਵ ਦਾ ਮੰਗਲਾ ਚਰਣ ਲਿਖਦੇ ਸਨ ਤਿਵੇਂ 'ਜਪੁ' ਬਾਣੀ ਦੇ ਆਦਿ ਵਿਚ ਪਾਵਨ ਵਾਰਤਕ ਜੋ '੧ੴ' ਤੋਂ 'ਗੁਰਪ੍ਰਸਾਦਿ' ਤੱਕ ਸੁਸ਼ੋਭਿਤ ਹੈ, ਮੂਲ ਮੰਤਰ ਦੀ ਪ੍ਰਤੀਕ ਹੈ ਜਿਸ ਦੀ ਪ੍ਰਮਾਣਿਕਤਾ ਬਾਰੇ ਵਿਦਵਾਨਾਂ ਵਿਚ ਸਰਬ ਸੰਮਤੀ ਹੈ ਅਤੇ ਸਮੁੱਚਾ ਪੰਥ ਇਸ ਨੂੰ ਸਵੀਕਾਰਦਾ ਹੈ ਪ੍ਰੰਤੂ ਕੁਝ ਜਥੇਬੰਦੀਆਂ ਆਪਣੀ ਵਖਰੀ ਹੋਂਦ ਕਾਇਮ ਰਖਣ ਹਿਤ

ਮੂਲ ਮੰਤਰ ਦਾ ਸਰੂਪ '੧ਓ' ਤੋਂ ਨਾਨਕ ਹੋਸੀ ਭੀ ਸਚੁ' ਪ੍ਰਚਾਰਦੀਆਂ ਹਨ। ਇਹਨਾਂ ਜਥੇਬੰਦੀਆਂ ਦੇ ਆਗੂ ਆਪਣੇ ਪੱਖ ਵਿਚ ਹੇਠ ਲਿਖੀਆਂ ਦਲੀਲਾਂ ਦਿੰਦੇ ਹਨ:-

ੳ- 'ਨਾਨਕ' ਨਾਮ ਦੀ ਛਾਪ ਤੋਂ ਬਿਨਾ ਮੂਲ ਮੰਤ੍ਰ ਨਹੀਂ ਮੰਨਿਆ ਜਾ ਸਕਦਾ।

ਅ- ਅੰਮ੍ਰਿਤ ਸੰਚਾਰ ਸਮੇਂ ਪੁਰਾਤਨ ਸਿੰਘ 'ਨਾਨਕ ਹੋਸੀ ਭੀ ਸਚੁ' ਤੱਕ ਮੂਲ ਮੰਤਰ ਦ੍ਰਿੜ ਕਰਾਉਂਦੇ ਸਨ।

ੲ- ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਜੀ ਦੀ ਦਰਸ਼ਨੀ ਡਿਊਡੀ ਦੇ ਦਰਵਾਜ਼ੇ ਉਤੇ 'ਨਾਨਕ ਹੋਸੀ ਭੀ ਸਚੁ' ਤੱਕ ਲਿਖਿਆ ਹੋਇਆ 'ਮੂਲ ਮੰਤ੍ਰ' ਹੀ ਹੈ।

ਸ- ਸ੍ਰੀ ਮਾਨ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਚੱਕ੍ਰ ਉਤੇ 'ਨਾਨਕ ਹੋਸੀ ਭੀ ਸਚੁ' ਤੱਕ ਲਿਖਿਆ ਹੋਇਆ ਵੀ ਮੂਲ ਮੰਤ੍ਰ ਹੀ ਹੈ।

ਹ- ਭਾ.ਸ. ਗੁਰਦਾਸ ਜੀ ਦੀ ਰਚਿਤ ਵਾਰ ੩੯ਵੀਂ ਦੀ ਪਹਿਲੀ ਪਉੜੀ ਵਿਚ 'ਨਾਨਕ ਹੋਸੀ ਭੀ ਸਚੁ' ਤੱਕ ਦੇ ਸਰੂਪ ਦਾ ਅਨੁਵਾਦ ਹੈ।

ਕ- ਭਾ.ਸ. ਗੁਰਦਾਸ ਜੀ ਰਚਿਤ ਛੇਵੀਂ ਵਾਰ ਦੀ ੧੯ਵੀਂ ਪਉੜੀ ਦੀ ਸ਼ਬਦਾਵਲੀ 'ਮੂਲ ਮੰਤ੍ਰ' ਨਾਲ ਇਉਂ ਸੰਪਰਕ ਪ੍ਰਗਟ ਕਰਦੀ ਹੈ:-

**ਸਤਿਗੁਰੁ ਸਤਿ ਸਰੂਪ ਹੈ**
**ਧਿਆਨ ਮੂਲ ਗੁਰ ਮੂਰਤਿ ਆਣੈ ॥**

**ਸਤਿਨਾਮੁ ਕਰਤਾ ਪੁਰਖੁ**
**ਮੂਲ ਮੰਤ੍ਰ ਸਿਮਰਣ ਪਰਵਾਣੈ ॥**

ਇਸ ਬਾਰੇ ਗੁਰਮਤਿ ਦੀ ਇਹ ਧਾਰਣਾ ਹੈ ਕਿ ਮੂਲ ਮੰਤ੍ਰ ਕੇਵਲ 'ਜਪੁ' ਬਾਣੀ ਨਾਲ ਹੀ ਨਹੀਂ ਜੁੜਿਆ ਹੋਇਆ ਇਹ ਤਾਂ ਸਮਗਰ ਬਾਣੀ ਵਿਚ ਓਤਿ ਪੋਤਿ ਹੈ। ਇਹ ਮੂਲ ਮੰਤ੍ਰ ਗੁਰੂ ਬਾਬਾ ਜੀ ਨੂੰ ਅਕਾਲ ਪੁਰਖ ਜੀ ਪਾਸੋਂ ਦੀਖਿਆ ਦੇ ਰੂਪ ਵਿਚ ਸ੍ਰਿਸ਼ਟੀ ਤਾਰਨ ਹਿਤ ਪ੍ਰਾਪਤ ਹੋਇਆ ਜਿਸ ਨੂੰ ਆਪ ਜੀ ਨੇ ਸਾਰੀ ਸ੍ਰਿਸ਼ਟੀ ਵਿਚ ਪ੍ਰਚਾਰਿਆ।

ਗੁਰਬਾਣੀ ਦੀ ਗੂਹੜ ਸ਼ਬਦਾਵਲੀ ਤੇ ਅਰਥਾਵਲੀ ਸਮਝਣ ਲਈ ਭਾ.ਸ. ਗੁਰਦਾਸ ਜੀ ਦੀਆਂ ਰਚਨਾਵਾਂ ਬੜੀਆਂ ਸਹਾਇਕ ਹਨ।

ਆਪ ਜੀ ਦੀ ਰਚਿਤ ਤੀਜੀ ਵਾਰ ਦੀ ੧੫ਵੀਂ ਪਉੜੀ ਵਿਚ ਮੂਲ ਮੰਤ੍ਰ ਨੂੰ ਇਉਂ ਨਿਰੂਪਣ ਕੀਤਾ ਗਿਆ ਹੈ:-

**ਏਕਾ ਏਕੰਕਾਰੁ ਲਿਖਿ ਦੇਖਾਲਿਆ ॥**
**ਊੜਾ ਓਅੰਕਾਰ ਪਾਸਿ ਬਹਾਲਿਆ ॥**
**ਸਤਿਨਾਮੁ ਕਰਤਾਰ ਨਿਰਭਉ ਭਾਲਿਆ ॥**
**ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ ॥**
**ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ ॥**
**ਪੰਜ ਅਖਰ ਉਪਕਾਰ ਨਾਮੁ ਸਮਾਲਿਆ ॥**
**ਪਰਮੇਸੁਰ ਸੁਖੁ ਸਾਰੁ ਨਦਰਿ ਨਿਹਾਲਿਆ ॥**
**ਨਉ ਅੰਗਿ ਸੁੰਨ ਸੁਮਾਰੁ ਸੰਗਿ ਨਿਰਾਲਿਆ ॥**

ਨੀਲ ਅਨੀਲ ਵੀਚਾਰਿ ਪਿਰਮ ਪਿਆਲਿਆ ॥੧੫॥

ਪਾਠਕਾਂ ਨੂੰ ਇਹ ਚੇਤੇ ਰਖਣਾ ਚਾਹੀਦਾ ਹੈ ਕਿ ਗਿ. ਹਜ਼ਾਰਾ ਸਿੰਘ ਜੀ ਨੇ ਇਸ ਪਉੜੀ ਦਾ ਸਿਰਲੇਖ 'ਮੂਲ ਮੰਤ੍ਰ ਦਾ ਗੁਹਝ ਭੇਦ' ਅਤੇ ਪੰ. ਨਰੈਣ ਸਿੰਘ ਜੀ ਨੇ ਮੂਲ ਮੰਤ੍ਰ (ਮਾਲਾ ਮੰਤ੍ਰ) ਦਾ ਸਿਰਲੇਖ ਦਿੱਤਾ ਹੈ।

ਭਾਵੇਂ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਰਸ਼ਨ ਨਿਰਣੈ ਸਟੀਕ' ਦੀ ਪਹਿਲੀ ਪੋਥੀ ਵਿਚ ਉਪ੍ਰੋਕਤ ਪਖਾਂ ਦੇ ਉਤਰ ਵਿਚ ਗੁਰਬਾਣੀ ਦੇ ਪ੍ਰਮਾਣਾਂ ਰਾਹੀਂ ਵਿਸਤ੍ਰਿਤ ਰੂਪ ਵਿੱਚ ਵਿਆਖਿਆ ਕੀਤੀ ਗਈ ਸੀ, ਫਿਰ ਵੀ ਪਾਠਕਾਂ ਦੀ ਗਿਆਤ ਲਈ ਲੋੜੀਂਦੇ ਉਤਰ ਹਾਜ਼ਰ ਹਨ:-

ੳ- ਜੇ ਮੂਲ ਮੰਤ੍ਰ ਕਾਵਿ ਵਿਚ ਹੋਵੇ ਤਾਂ ਕਵੀ ਦੇ ਨਾਮ ਜਾਂ ਤਖ਼ੱਲਸ ਦੀ ਵਰਤੋਂ ਦਾ ਹੋਣਾ ਸੁਭਾਵਿਕ ਹੁੰਦਾ ਹੈ। ਪਰ ੧ੳ ਤੋਂ ਗੁਰਪ੍ਰਸਾਦਿ' ਤੱਕ ਵਾਰਤਕ ਰੂਪ ਵਿਚ ਹੈ। ਮੰਤਰ ਹਮੇਸ਼ਾਂ ਸੰਖੇਪ ਤੋਂ ਸੰਖੇਪ ਰੂਪ ਵਿਚ ਹੁੰਦਾ ਹੈ, ਗੁਪਤ ਹੁੰਦਾ ਹੈ। ਇਸ ਲਈ ਕਰਤੇ ਦਾ ਨਾਮ ਹੋਣਾ ਜ਼ਰੂਰੀ ਨਹੀਂ ਹੁੰਦਾ। ਇਹ ਪ੍ਰਥਾ ਸੰਸਾਰ ਦੇ ਕਿਸੇ ਧਰਮ ਵਿਚ ਨਹੀਂ। ਜਪੁ ਬਾਣੀ ਅੰਦਰ ਕੁਝ ਪਉੜੀਆਂ ਵਿਚ 'ਨਾਨਕ' ਨਾਮ ਦੀ ਵਰਤੋਂ ਹੀ ਨਹੀਂ, ਕੀ ਕੋਈ ਸਿਖ ਇਨ੍ਹਾਂ ਨੂੰ ਮੰਨਣ ਤੋਂ ਆਕੀ ਹੋ ਸਕਦਾ ਹੈ?

ਅ- ਸਮੂਹ ਤਖਤਾਂ, ਗੁਰਦੁਆਰਿਆਂ, ਅੰਮ੍ਰਿਤ ਸਮਾਗਮਾਂ ਵਿਚ ੧ੳ ਤੋਂ ਗੁਰਪ੍ਰਸਾਦਿ ਤੱਕ ਹੀ ਮੂਲ ਮੰਤ੍ਰ ਦ੍ਰਿੜ

ਕਰਾਇਆ ਜਾਂਦਾ ਹੈ। ਇਹ ਮਰਯਾਦਾ ਅਜ ਨਵੀਂ ਨਹੀਂ ਬਣੀ ਗੁਰੂ ਕਾਲ ਤੋਂ ਸੀਨਾ ਬਸੀਨਾ ਚਲੀ ਆ ਰਹੀ ਹੈ। ਕਿਸੇ ਜਥੇਬੰਦੀ ਨੂੰ ਮੂਲ ਮੰਤ੍ਰ ਵਿਚ ਤਬਦੀਲੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ, ਇਹ ਸਿਖ ਰਹਿਤ ਮਰਯਾਦਾ ਦੀ ਸਰਾਸਰ ਉਲੰਘਣਾ ਹੈ। 'ਗੁਰਪ੍ਰਸਾਦਿ' ਤੱਕ 'ਮੂਲ ਮੰਤ੍ਰ' ਦੀ ਪ੍ਰੋੜਤਾ ਜਿਥੇ ਗੁਰਬਾਣੀ ਵਿਚ ਦਰਜ ਮੰਗਲਾ ਤੋਂ ਹੁੰਦੀ ਹੈ ਉਥੇ ਵਲਾਇਤ ਵਾਲੀ ਪੁਰਾਤਨ ਜਨਮ ਸਾਖੀ ਤੋਂ ਇਸੇ ਮੂਲ ਮੰਤਰ ਦਾ ਸਰੂਪ ਤੇ ਜਾਪ ਸਿੱਧ ਹੁੰਦਾ ਹੈ:-

'ਤਬ ਸਿੰਘਲਾਦੀਪ ਕੀ ਸੁਰਤਿ ਹੋਈ। ਜਾਇ ਸਮੁੰਦਰ ਅਸਗਾਹ ਵਿਚ ਖੜੇ ਹੋਇ। ਤਬ ਬਾਬੇ (ਗੁਰੂ ਨਾਨਕ) ਆਖਿਆ, ਏਹ ਅਸਗਾਹ ਸਮੁੰਦਰ ਕਿਉਂ ਕਰਿ ਤਰੀਐ, ਲੰਘੀਐ? ਤਦਹੂੰ ਸਿਖਾਂ ਬੇਨਤੀ ਕੀਤੀ, ਸੈਦੋ ਅਤੇ ਸੀਹੋ ਆਖਿਆ ਜੀ ਫੇਰ ਹੁਕਮ ਨਾਲਿ ਪਹਾੜ ਤਰਨਿ, 'ਤਬ ਗੁਰੂ ਬੋਲਿਆ, ਆਖਿਓਸ ਏਹ ਸਲੋਕ ਪੜਦੇ ਆਵਹੁ:

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਤਬ ਬਾਬਾ ਬੋਲਿਆ, ਆਖਿਓਸੁ ਜਿਸ ਸਿਖ ਦੇ ਮੁਹਿ ਏਹੁ ਸਲੋਕ ਹੋਵੇਗਾ ਅਤੇ ਉਹ ਪੜਦਾ ਜਾਵੇਗਾ, ਅਤੇ ਉਸ ਦੇ ਪਿਛੇ ਜਿਤਨੀ ਸੁਣੇਗੀ, ਤਿਤਨੀ ਸਭ ਭਵਜਲੁ ਲੰਘੈਗੀ'

ੲ- ਦਰਸ਼ਨੀ ਡਿਉਡੀ ਦੇ ਦਰਵਾਜ਼ੇ ਤੇ ਲਿਖੀ ਗੁਰਬਾਣੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਹੈ, ਗੁਰੂ ਕਾਲ

ਦੀ ਨਹੀਂ। ਮੁਗਲ ਕਾਲ ਵਿਚ ਮੰਦਰਾਂ ਤੇ ਸ਼ਾਹੀ ਮਹਲਾਂ ਦੀ ਸੁੰਦਰਤਾ ਵਧਾਉਣ ਹਿਤ ਚਿਤ੍ਰਕਾਰੀ ਦਾ ਕੰਮ ਕਰਵਾਇਆ ਜਾਂਦਾ ਸੀ। ਸਹਜੇ ਸਹਜੇ ਸ਼ਬਦਾਂ ਦੀਆਂ ਪੰਕਤੀਆਂ ਲਿਖਣ ਦਾ ਰਿਵਾਜ ਚਲ ਪਿਆ ਜੋ ਹੁਣ ਵੀ ਪ੍ਰਚਲਤ ਹੈ। ਅਜਿਹੀਆਂ ਲੇਖਣੀਆਂ ਕਿਸੇ ਨਿਰਣੈ ਦਾ ਅਧਾਰ ਨਹੀਂ ਬਣ ਸਕਦੀਆਂ ਕਿਉਂਕਿ ਨਵੀਂ ਉਸਾਰੀ ਸਮੇਂ ਇਨ੍ਹਾਂ ਦਾ ਅਭਾਵ ਹੋ ਜਾਂਦਾ ਹੈ। ਅਸਲ ਵਿਚ 'ਜਪੁ' ਬਾਣੀ ਨੂੰ ਪ੍ਰਚਾਰਨ ਹਿਤ ਵੀ ਇਨ੍ਹਾਂ ਪੰਕਤੀਆਂ ਨੂੰ ਸਤਿਕਾਰ ਸਹਿਤ ਉਸ ਥਾਂ ਤੇ ਲਿਖਿਆ ਗਿਆ ਜਿਥੋਂ ਆਮ ਸੰਗਤਾਂ ਦੀ ਆਵਾਜਾਈ ਹੁੰਦੀ ਹੈ।

ਸ- ਸ੍ਰੀਮਾਨ ਬਾਬਾ ਦੀਪ ਸਿੰਘ ਜੀ ਦੇ ਚਕ੍ਰ ਤੇ 'ਨਾਨਕ ਹੋਸੀ ਭੀ ਸਚੁ' ਤੱਕ ਬਿਨਾ ਮੂਲ ਮੰਤ੍ਰ ਦੇ ਸਿਰਲੇਖ ਤੋਂ ਕਿਵੇਂ ਕੋਈ ਖੋਜੀ ਇਸ ਦੀ ਤਸਦੀਕ ਕਰ ਸਕਦਾ ਹੈ।

ਇਸੇ ਤਰ੍ਹਾਂ ੩੯ਵੀਂ ਵਾਰ ਦੀ ਪਹਿਲੀ ਪਉੜੀ ਵਿਚ 'ਨਾਨਕ ਹੋਸੀ ਭੀ ਸਚੁ' ਤਕ ਦੀ ਸ਼ਬਦਾਵਲੀ ਮਿਲਦੀ ਹੈ ਜਿਸ ਨੂੰ ਸੰਪ੍ਰਦਾਈ ਸ਼੍ਰੇਣੀਆਂ ਨੇ ਆਪਣਾ ਆਧਾਰ ਬਣਾਇਆ ਹੋਇਆ ਹੈ:-

ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰੁ ਲਖਾਇਆ।
ਸਤਿਨਾਮ ਕਰਤਾ ਪੁਰਖੁ
ਨਿਰਭਉ ਹੁਇ ਨਿਰਵੈਰੁ ਸਦਾਇਆ।
ਅਕਾਲ ਮੂਰਤਿ ਪਰਤਖਿ ਸੋਇ

ਨਾਉ ਅਜੂਨੀ ਸੈਭੰ ਭਾਇਆ।
ਗੁਰਪਰਸਾਦਿ ਸੁ ਆਦਿ ਸਚੁ
ਜੁਗਹ ਜੁਗੰਤਰੁ ਹੋਂਦਾ ਆਇਆ।
ਹੈਭੀ ਹੋਸੀ ਸਚੁ ਨਾਉ ਸਚੁ
ਦਰਸਣ ਸਤਿਗੁਰੂ ਦਿਖਾਇਆ।
ਸਬਦੁ ਸੁਰਤਿ ਲਿਵਲੀਣੁ ਹੁਇ
ਗੁਰੁ ਚੇਲਾ ਪਰਚਾ ਪਰਚਾਇਆ।
ਗੁਰੁ ਚੇਲਾ ਰਹਿਰਾਸਿ ਕਰਿ
ਵੀਹ ਇਕੀਹ ਚੜ੍ਹਾਉ ਚੜ੍ਹਾਇਆ।
ਗੁਰਮੁਖਿ ਸੁਖ ਫਲੁ ਅਲਖ ਲਖਾਇਆ ॥ ੧ ॥

ਇਕ ਦਾ ਸਰੂਪ ਇਕਾਂਗ ਲਿਖਕੇ ਊੜੇ (ਅੱਖਰ) ਤੋਂ ਓਅੰਕਾਰ ਲਖਾ ਦਿੱਤਾ ਹੈ। (ਉਸਦਾ) ਨਾਮ ਸੱਚਾ ਹੈ, ਉਹ ਸਿਰਜਣਹਾਰ ਵਯਾਪਕ ਹੈ, (ਉਸ ਨੇ) ਨਿਰਭਉ ਅਤੇ ਨਿਰਵੈਰ ਨਾਮ ਰਖਾਇਆ ਹੈ (ਕਿਉਂ ਜੋ ਰਾਗ ਦ੍ਵੈਖ ਹੀ ਭਯ ਤੇ ਵੈਰ ਦਾ ਕਾਰਣ ਹਨ, ਓਹ ਇਨ੍ਹਾਂ ਉਪਾਧੀਆਂ ਤੋਂ ਰਹਿਤ ਹੋਣ ਦੇ ਕਾਰਣ ਨਿਰਭਉ ਨਿਰਵੈਰ ਹੈ)। ਉਸ (ਵਾਹਿਗੁਰੂ ਨੂੰ) ਪਰਤੱਖ (ਹੋਣ ਕਰਕੇ ਫੇਰ) ਅਕਾਲ ਮੂਰਤਿ, ਅਜੂਨੀ ਸੈ ਭੰ ਨਾਮ (ਕਰਾਉਣਾ) ਭਾਇਆ ("ਕਾਲ ਰਹਿਤ ਅਨਕਾਲ ਸਰੂਪਾ"। ਅਜੋਨੀ=ਜੋ ਜਨਮ ਮਰਨ ਵਿਚ ਨਾ ਆਵੇ, ਸੈਭੰ=ਸੁਤੇ ਪ੍ਰਕਾਸ਼)। (ਫਿਰ ਉਹ ਕੈਸਾ ਹੈ?) ਵੱਡਾ ਹੈ, ਕ੍ਰਿਪਾ ਸਰੂਪ ਹੈ (ਯਾ ਗੁਰੂ ਕ੍ਰਿਪਾ ਨਾਲ ਪ੍ਰਾਪਨੀਯ ਹੈ) ਆਦ ਵਿਚ ਸਚ, ਜੁਗਾਂ ਜੁਗੰਤਰਾਂ (ਤੋਂ ਤ੍ਰਿਕਾਲ ਅਬਾਧ ਸਰੁਪ

ਇਕ ਰਸ) ਹੁੰਦਾ ਚਲਾ ਆਯਾ ਹੈ। (ਉਹ) ਹੈ ਬੀ, ਹੋਵੇਗਾ ਬੀ (ਇਕ ਗੁਰਮੰਤ੍ਰ ਰੂਪੀ) ਸਚਾ ਨਾਉਂ, (ਤੇ ਇਸ ਦਾ ਜਪ ਤੇ ਗਯਾਨ ਉਸ ਤੋਂ ਪ੍ਰੇਮ ਪ੍ਰਾਪਤੀ) ਸਚਾ ਦਰਸ਼ਨ (ਮਤ) ਸਤਿਗੁਰੂ (ਗੁਰੂ ਨਾਨਕ ਦੇਵ ਨੇ ਸੰਸਾਰ ਨੂੰ) ਦਿਖਾਇਆ ਹੈ। ਸ਼ਬਦ ਦੁਆਰਾ ਸੁਰਤ ਵਿਖੇ ਮਗਨ ਹੋ ਕੇ ਜਿਸ ਨੇ ਗੁਰੂ ਚੇਲੇ ਵਾਲਾ ਪ੍ਰੇਮ ਪ੍ਰਗਟ ਕੀਤਾ ਹੈ। ਗੁਰੂ ਚੇਲੈ ਦੀ ਰਹੁ ਰੀਤਿ ਕਰਕੇ ਵੀਹ ਤੋਂ ਇਕੀਹਵੀਂ (ਭੂਮਿਕਾ) ਦਾ (ਜਿਸ ਨੇ) ਚੜ੍ਹਾਉ ਚੜ੍ਹਾਇਆ ਹੈ (ਭਾਵ ਸੰਸਾਰਕ ਸੈਂਕੜੇ ਬ੍ਰਿਤੀਆਂ ਤੋਂ ਹਟ ਕੇ ਇਕ ਬ੍ਰਹਮਾਕਾਰ ਦੀ ਬ੍ਰਿਤੀ ਕੀਤੀ ਹੈ) (ਫਲ ਅਠਵੀਂ ਤੁਕ ਵਿਖੇ ਦਸਦੇ ਹਨ)। (ਉਸ) ਗੁਰਮੁਖ ਨੂੰ (ਭਾਵ ਗੁਰੂ ਅੰਗਦ ਜਿਹੇ ਗੁਰੂ ਚੇਲੇ ਨੂੰ) ਅਲਖ (ਪ੍ਰਮਾਤਮਾ) ਜੋ ਸੁਖ ਫਲ ਦਾ ਰੂਪ ਹੈ ਲਖਾ ਦਿੱਤਾ। (ਗੁਰੂ ਅੰਗਦ ਥੋਂ ਗੁਰ ਅਮਰ ਜੀ, ਗੁਰੂ ਅਮਰ ਤੋਂ ਗੁਰੂ ਰਾਮਦਾਸ ਅਰ ਗੁਰੂ ਰਾਮਦਾਸ ਤੋਂ ਗੁਰੂ ਅਰਜਨ ਦੇਵ ਈਸ਼੍ਵਰ ਸਰੂਪ ਹੋਏ ਆਦਿ, ਅਥਵਾ ਗੁਰੂ ਦੁਆਰੇ ਅਲਖ ਸੁਖ ਫਲ ਤਿਨ੍ਹਾਂ ਨੂੰ ਲਖਾ ਦਿੱਤਾ)।

ਹਜ਼ਾਰਾ ਸਿੰਘ ਜੀ ਨੇ ਇਸ ਪਉੜੀ ਉਤੇ ਸਿਰਲੇਖ ਵਜੋਂ 'ਮੰਗਲਾ ਚਰਨ' ਲਿਖਿਆ ਹੈ ਜਦੋਂ ਕਿ ਪੰਡਿਤ ਨਰੈਣ ਸਿੰਘ ਜੀ ਨੇ 'ਗੁਰੁ ਮੰਗਲਾ ਚਰਨ' (ਮਾਲਾ ਮੰਤ੍ਰ) ਦਾ ਅਰਥ ਲਿਖਿਆ ਹੈ। ਕਿਹੜੇ ਕਿਹੜੇ ਮੰਤ੍ਰ ਨੂੰ ਮੁਖ ਰਖੀਏ ਸ੍ਰੀਮਾਨ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲਿਆਂ ਨੇ 'ਜਪੁ ਕਥਾ' ਸਟੀਕ ਵਿਚ ਹੇਠ ਲਿਖੇ ਮੰਤਰਾਂ ਦਾ ਜ਼ਿਕਰ ਕੀਤਾ ਹੈ:-

੧- -ਬੀਜ ਮੰਤ੍ਰ -੧ਓ

੨- ਨਾਮ ਮੰਤ੍ਰ -ਸਤਿਨਾਮੁ
੩- ਗੁਰ ਮੰਤ੍ਰ -ਵਾਹਿਗੁਰੂ
੪- ਮੂਲ ਮੰਤ੍ਰ -੧ਓ ਤੋ ਗੁਰ ਪ੍ਰਸਾਦਿ
੫- ਮਾਲਾ ਮੰਤ੍ਰ -੧ਓ ਸਤਿਨਾਮੁ ਵਾਹਿਗੁਰੂ
੬- ਮਹਾਂ ਮੰਤ੍ਰ -੧ਓ ਤੋਂ ਨਾਨਕ ਹੋਸੀ ਭੀ ਸਚੁ

ਸਚ ਪੁਛੋਂ ਤਾਂ ਬਹੁਤੇ ਮੰਤ੍ਰ ਭੰਭਲ ਭੂਸੇ ਵਿਚ ਹੀ ਪਾਉਂਦੇ ਹਨ। ਇਸ ਲਈ ਮੂਲ ਮੰਤ੍ਰ ਜਿਸ ਦਾ ਜ਼ਿਕਰ ਗੁਰਬਾਣੀ ਵਿਚ ਵੀ ਕੀਤਾ ਗਿਆ ਹੈ, ਉਸ ਨੂੰ ਸਮਝਣ ਦੀ ਲੋੜ ਹੈ:-

**ਅਉਖਧੁ ਮੰਤ੍ਰ ਮੂਲ ਮਨ ਏਕੈ**
**ਜੇ ਕਰਿ ਦ੍ਰਿੜ ਚਿਤ ਕੀਜੈ ਰੇ ॥**

ਭਾ.ਸ. ਗੁਰਦਾਸ ਜੀ ਨੇ ੨੬ਵੀਂ ਵਾਰ ਦੀ ੬ਵੀਂ ਪਉੜੀ ਵਿਚ ਜ਼ਿਕਰ ਕੀਤਾ ਹੈ:-

**ਮੰਤ੍ਰ ਮੂਲੁ ਸਤਿਗੁਰੁ ਬਚਨ,**
**ਇਕ ਮਨਿ ਹੋਇ ਅਰਾਧੈ ਕੋਈ॥**

ਸਾਧਾਰਨ ਪਾਠਕ ੩-੧੫ ਅਤੇ ੩੯-੧ ਵਾਰ ਵਿਚ ਦਿਤੀ ਸ਼ਬਦਾਵਲੀ ਪੜ੍ਹ ਕੇ ਸੁਸ਼ੋਪੰਜ ਵਿਚ ਪੈ ਜਾਂਦਾ ਹੈ ਕਿਉਂਕਿ ਇਕ ਵਾਰ ਵਿਚ ੧ਓ ਤੋਂ ਗੁਰਪ੍ਰਸਾਦਿ ਅਤੇ ਦੂਜੀ ਵਾਰ ਵਿਚ ੧ਓ ਤੋਂ 'ਨਾਨਕ ਹੋਸੀ ਭੀ ਸਚੁ' ਦਾ ਵਿਸਥਾਰ ਦਿੱਤਾ ਹੈ।

ਵਰਣਾਤਮਿਕ ਭੇਦ ਨੂੰ ਹਰੇਕ ਪਾਠਕ ਨਹੀਂ ਸਮਝ ਸਕਦਾ। ਭਾਸ਼ਾਈ ਪਖੋਂ ੩੯-੧ ਪਉੜੀ ਵਿਚ 'ਸੁ' ਦਾ ਸੰਕੇਤ ਉਸ ਪਰਮੇਸ਼ਰ ਦੀ ਵਡਿਆਈ ਨੂੰ ਅਨੂਪਮ ਢੰਗ ਨਾਲ ਨਿਰੂਪਣ

ਕਰਦਾ ਹੈ। 'ਗੁਰਦੇਵ ਮੰਤ੍ਰ ਨਿਰੋਧਰਾ' ਇਹ ਗੁਰਮਤਿ ਦਾ ਸਿਧਾਂਤ ਹੈ। ਨਿਰੋਧਰ ਉਹ ਮੰਤ੍ਰ ਹੈ ਜਿਸ ਉਤੇ ਕਿਸੇ ਹੋਰ ਮੰਤ੍ਰ ਦਾ ਅਸਰ ਨਹੀਂ ਹੋ ਸਕਦਾ।

ਕਈ ਸੰਪ੍ਰਦਾਈ '੧ਓ' ਤੋਂ 'ਨਾਨਕ ਹੋਸੀ ਭੀ ਸਚੁ' ਨੂੰ ਮਹਾਂ ਮੰਤ੍ਰ ਵੀ ਆਖਦੇ ਹਨ। ਅਸਲ ਵਿਚ ਅਜਿਹੀਆਂ ਧਾਰਨਾਵਾਂ ਸਾਡੀਆਂ ਆਪਣੀਆਂ ਹੀ ਘੜੀਆਂ ਹੋਈਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 'ਮੂਲ ਮੰਤ੍ਰ' ਜਾਂ ਕਿਸੇ ਹੋਰ ਮੰਤ੍ਰ ਦਾ ਕੋਈ ਸਿਰਲੇਖ ਦਰਜ ਨਹੀਂ ਹੈ। ਗੁਰ-ਪੰਥਕ '੧ਓ ਤੋਂ ਗੁਰ ਪ੍ਰਸਾਦਿ' ਵਾਲੀ ਵਾਰਤਕ ਨੂੰ 'ਮੂਲ ਮੰਤ੍ਰ' ਮੰਨਦਾ ਹੈ, ਇਸ ਲਈ ਇਸ ਉਤੇ ਕਿਸੇ ਪ੍ਰਕਾਰ ਦੀ ਟੀਕਾ ਟਿਪਣੀ ਕਰਨੀ ਸ਼ੋਭਾ ਨਹੀਂ ਦਿੰਦੀ। ਪੰਥਕ-ਏਕਤਾ ਕਾਇਮ ਰਖਣ ਲਈ ਹਰੇਕ ਗੁਰਸਿਖ ਨੂੰ ਮੂਲ ਮੰਤ੍ਰ ਦਾ ਪ੍ਰਮਾਣਿਕ ਰੂਪ ਹੀ ਹਿਰਦੇ ਵਿੱਚ ਦ੍ਰਿੜ ਕਰਨਾ ਚਾਹੀਦਾ ਹੈ।

# ਮੂਲ ਮੰਤ੍ਰ ਨਿਰਣੈ

ਮੂਲ ਮੰਤ੍ਰ ਤੋਂ ਭਾਵ ਹੈ ਗੁਰੂ ਨਾਨਕ ਦੇਵ ਜੀ ਦੇ ਅਨੁਭਵ ਦਾ ਵਿਸ਼ਲੇਸ਼ਣ ਜੋ ਆਪ ਜੀ ਨੇ ਕਰਤਾਪੁਰਖ ਜੀ ਦੇ ਸਾਂਗੋ ਪਾਂਗ ਦਰਸ਼ਨ ਕਰਕੇ ਪ੍ਰਾਪਤ ਕੀਤਾ ਅਤੇ ਇਸ ਦਾ ਸਾਰਥਕ ਰੂਪ ਹੈ:-

**ੴ ਸਤਿਨਾਮੁ ਕਰਤਾ ਪੁਰਖੁ, ਨਿਰਭਉ, ਨਿਰਵੈਰੁ ॥**

**ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥**

'੧' ਸਿਫ਼ਰ ਦੇ ਨਾਲ ਇਕ ਲੰਮੀ ਲਕੀਰ ਲਗ ਕੇ '੧' ਦਾ ਰੂਪਕ ਦਰਸ਼ਨ ਇਸ ਭਾਵ ਦਾ ਪ੍ਰਤੀਕ ਹੈ ਕਿ ਇਕ ਤੋਂ ਬਿਨਾ ਸਭ ਸਿਫ਼ਰ (ਸ਼ੂੰਨ ਅਥਵਾ ਸੁੰਨ) ਹੈ, ਹੋਰ ਕੁਝ ਨਹੀਂ ਹੈ। ਸੁੰਨ ਇਕ ਅਜਿਹੀ ਹਾਲਤ ਹੈ ਜਦੋਂ ਇਕ ਤੋਂ ਬਿਨਾ ਕੋਈ ਹਸਤੀ ਵਿਅਕਤੀ ਨਹੀਂ ਸੀ, ਕੇਵਲ ਅਗਮ, ਅਗੋਚਰ 'ਆਪੈ ਆਪਿ' ਸੀ। ਗੁਰੂ ਨਾਨਕ ਦੇਵ ਜੀ ਨੂੰ ਪਰਮਾਤਮਾ ਦੇ ਦਰਸ਼ਨ ਸਮੇਂ ਜੋ ਉਪਦੇਸ਼ ਮੂਲ ਮੰਤ੍ਰ ਦੇ ਰੂਪ ਵਿਚ ਮਿਲਿਆ, ਉਸ ਨੂੰ ਅਖਰਾਂ ਤੇ ਅਰਥਾਂ ਵਿਚ ਬੇਸ਼ਕ ਕੋਈ ਲੇਖਕ ਰੂਪਮਾਨ ਕਰ ਲਏ ਪਰ 'ਹੁਕਮੁ ਨ ਕਹਿਆ ਜਾਈ' ਅਨੁਸਾਰ ਇਸ ਗੁਝੀ ਬੁਝਾਰਤ ਨੂੰ ਗੁਰਦੇਵ ਆਪ ਹੀ ਬੁਝ ਸਕਦੇ ਹਨ, ਬਾਕੀ ਸਾਖੀਆਂ ਦੇ ਰੂਪ ਵਿਚ ਸਭ ਅਨੁਮਾਨ ਹੀ ਹਨ। ਹੁਕਮ ਦੀ ਆਵਾਜ਼ ਮਨ ਤੋਂ ਪਰੇ ਹੈ, ਇਹ ਸਥੂਲ ਕੰਨਾਂ ਦੇ ਸੁਣਨ ਦਾ ਵਿਸ਼ਾ ਨਹੀਂ। ਇਹ ਤਾਂ 'ਅੰਮ੍ਰਿਤ ਬਾਣੀ

ਤਤੁ ਵਖਾਣੀ ਗਿਆਨ ਧਿਆਨਿ ਵਿਚ ਆਈ' (ਪੰਨਾ ੧੨੪੩) ਹੈ। ਨਾਮ ਗੁਰਬਾਣੀ ਵਿਚ ਦਰਸਾਏ ਮਾਰਗ ਤੇ ਚਲਦਿਆਂ-2 ਰਬੀ-ਆਵਾਜ਼ ਹਿਰਦੇ ਵਿਚ ਸੁਣਾਈ ਦੇਣ ਲਗ ਜਾਂਦੀ ਹੈ।

ਜੀਵ ਜਦੋਂ ਆਪਣੇ ਮਨ ਦੀ ਮਤਿ ਅਤੇ ਮੋਹ ਆਦਿ ਵਿਕਾਰ ਛੱਡ ਦਿੰਦਾ ਹੈ ਤਾਂ ਇਸ ਦੇ ਹਿਰਦੇ ਵਿੱਚ ਮਾਲਕ ਦੇ ਦਰਸ਼ਨ-ਮਿਲਾਪ ਵਾਲੀ ਉਮੰਗ ਪੂਰਨ ਹੁੰਦੀ ਹੈ:-

**ਮਾਨੁ ਮੋਹੁ ਤਿਆਗਿ ਛੋਡਿਓ,**
**ਤਉ ਨਾਨਕ ਹਰਿ ਜੀਉ ਭੇਟਨਾ ॥ [ਪੰਨਾ ੧੩੦੫**

ਜਿਸ ਜਗਿਆਸੂ ਉਪਰ ਨਦਰੀ ਦੀ ਨਦਰਿ ਦਾ ਝਲਕਾਰਾ ਵਜਦਾ ਹੈ, ਉਹ ਨਿਹਾਲ ਹੋ ਜਾਂਦਾ ਹੈ। ਜਿਵੇਂ ਚੰਨ ਤੇ ਸੂਰਜ ਦੇ ਚੜ੍ਹਨ ਨਾਲ ਚਾਨਣ ਮਿਲਦਾ ਹੈ, ਪਾਣੀ ਦੇ ਚਸ਼ਮੇ ਵਲ ਜਾਈਏ ਠੰਡਕ ਮਿਲਦੀ ਹੈ, ਤਿਵੇਂ ਗੁਰੂ ਦੀ ਚਰਨ ਸ਼ਰਨ ਵਿਚ ਗਇਆਂ ਰਬੀ-ਗਿਆਨ ਪ੍ਰਾਪਤ ਹੁੰਦਾ ਹੁੰਦਾ ਹੈ, ਆਤਮਿਕ ਅਨੰਦ ਮਿਲਦਾ ਹੈ ਭਰਮ ਦੀ ਕਾਈ ਮਿੱਟਦੀ ਹੈ,ਆਤਮ-ਪ੍ਰਕਾਸ਼ ਹੋ ਜਾਂਦਾ ਹੈ:-

**ਭਰਮੁ ਗਇਆ ਭੈ ਮੋਹੁ ਬਿਨਾਸੇ,**
**ਮਿਟਿਆ ਸਗਲ ਵਿਸੂਰਾ॥**
**ਨਾਨਕ ਦਇਆ ਕਰੀ ਸੁਖਦਾਤੈ,**
**ਭੇਟਿਆ ਸਤਿਗੁਰੂ ਪੂਰਾ ॥ [ਪੰਨਾ ੭੪੮**

ਗੁਰਬਾਣੀ ਦਾ ਅਧਿਐਨ ਕੀਤਿਆਂ ਇਹ ਗਲ ਪ੍ਰਗਟ ਹੁੰਦੀ ਹੈ ਕਿ ਪਖੰਡ ਤੇ ਨਿੰਦਾ ਅਜਿਹੇ ਔਗੁਣ ਹਨ ਜੋ ਮਨੁੱਖ ਨੂੰ ਹਮੇਸ਼ਾਂ ਹਨੇਰੇ ਵਿਚ ਰਖਦੇ ਹਨ। ਇਹਨਾਂ ਔਗੁਣਾਂ ਤੋਂ ਬਚਣ ਦੀ

ਇਕੋ ਇਕ ਜੁਗਤੀ ਹੈ ਕਿ ਜੀਵ ਸਰਬ ਵਿਆਪਕ ਸਤਿ-ਕਰਤਾਰ ਨਾਲ ਪ੍ਰੀਤ ਕਰੇ, ਨਿਰਭਉ ਦਾ ਜਾਪ ਕਰੇ, ਇਸ ਨਾਲ ਹਰ ਪ੍ਰਕਾਰ ਦਾ ਭਉ (ਡਰ) ਦੂਰ ਹੋ ਜਾਂਦਾ ਹੈ। ਇਕ ਨਾਲ ਪ੍ਰੀਤ ਕੀਤਿਆਂ ਮਨ ਦੀ ਦੁਬਿਧਾ ਮਿਟ ਜਾਂਦੀ ਹੈ ਪ੍ਰਭੂ ਨਾਲ ਸੁਤੇ ਹੀ ਪੱਕੀ ਸਾਂਝ ਬਣ ਜਾਂਦੀ ਹੈ। ਉਸ ਅਕਾਲ ਤੇ ਅਜੂਨੀ ਹਸਤੀ ਦਾ ਹਿਰਦੇ ਵਿਚ ਪੂਰਨ ਅਨੁਭਵ ਹੋ ਜਾਂਦਾ ਹੈ। 'ਗੁਰ ਪ੍ਰਸਾਦਿ' ਮੂਲ ਮੰਤਰ ਦਾ ਇਕ ਵਿਸ਼ੇਸ਼ ਅੰਗ ਹੈ ਜਿਸ ਤੋਂ ਬਿਨਾਂ ਮੂਲ ਮੰਤਰ ਦੀ ਸੋਝੀ ਹੋਣੀ ਸੰਭਵ ਹੀ ਨਹੀਂ। ਸਤਿਗੁਰੂ ਦੇਵ ਜਗਿਆਸੂ ਨੂੰ ਇਉਂ ਅਗਵਾਈ ਬਖਸ਼ਦੇ ਹਨ:-

**ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ,**
**ਕਹੁ ਨਾਨਕ ਪੂਰਾ ਪਾਇਆ ॥** [ਪੰਨਾ ੧੦੪੦

ਅਜੋਕੇ ਵਿਦਵਾਨ ਦਿਮਾਗੀ ਕਾਢ ਨਾਲ ਭਾਵੇਂ 'ਮੂਲ ਮੰਤ੍ਰ' ਨੂੰ 'ਮੰਗਲਾ ਚਰਣ' ਦਾ ਨਾਮ ਦੇਈ ਜਾਣ ਪਰ ਸਿਖ ਜਗਤ ਵਿਚ ਇਸ ਵਾਰਤਕ ਦਾ ਨਾਉ 'ਮੂਲ ਮੰਤ੍ਰ' ਹੀ ਪ੍ਰਚਲਤ ਹੈ ਅਤੇ ਇਸ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਕਰਨ ਦਾ ਕੋਈ ਲਾਭ ਨਹੀਂ ਹੈ। ਕਈ ਪਰੰਪਰਾਵਾਦੀ ਵਿਦਵਾਨ '੧ੴ' ਦੀ ਵਿਆਖਿਆ ਨੂੰ ਸੰਪੂਰਨ ਮੰਗਲ (ਮੂਲ ਮੰਤ੍ਰ) ਦੀ ਵਿਆਖਿਆ ਅਤੇ ਜਪੁ ਜੀ ਸਾਹਿਬ ਦੀ ਵਿਆਖਿਆ ਨੂੰ ਸਮੁਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਮੰਨਦੇ ਹਨ। ਪਰ ਏਦਾਂ ਦੇ ਵੀਚਾਰ ਮਨੋ ਕਲਪਿਤ ਜਿਹੇ ਜਾਪਦੇ ਹਨ। ਗੁਰਬਾਣੀ ਦੇ ਸਿਧਾਂਤਾਂ ਦਾ ਘੇਰਾ ਬਹੁਤ ਵਿਸ਼ਾਲ ਹੈ ਜਿਸ ਦਾ ਉਪ੍ਰੋਕਤ ਵੀਚਾਰਾਂ ਨਾਲ ਸੁਮੇਲ ਹੋਣਾ

ਅਸੰਭਵ ਹੈ। ਗੁਰਬਾਣੀ ਦੇ ਜਿਨ੍ਹਾਂ ਪੁਰਾਤਨ ਹਥ ਲਿਖਤੀ ਸਰੂਪਾਂ ਵਿਚ ਮੂਲ ਮੰਗਲ ਦਾ ਸਥਾਨ ਹਰ ਥਾਂ ਪਹਿਲਾਂ ਹੈ ਭਾਵ ਇਕ ਤਰਤੀਬ ਹੈ ਪਰ ਹੁਣ ਕੁਝ ਹੋਰ ਹੀ ਰੂਪ ਹਨ।

ਸਤਿਗੁਰਾਂ ਨੇ ਗੁਰਸਿਖ ਪੁਤਰਾਂ ਨੂੰ ਗੁਰਮਤਿ ਗਾਡੀ ਰਾਹ ਉਤੇ ਤੁਰਨ ਦੀ ਪ੍ਰੇਰਨਾ ਦਿਤੀ ਹੈ, ਪਰ ਪਰੰਪਰਾਵਾਦੀ ਸਿੱਖ਼ ਮੂਲ ਮੰਤ੍ਰ ਦਾ ਵੇਦਾਂ ਤੇ ਉਪਨਿਸ਼ਦਾਂ ਆਦਿ ਦੇ ਮੰਤ੍ਰਾਂ ਨਾਲ ਤੁਲਨਾ ਕਰ ਕੇ ਸਿਖਿਆਰਥੀਆਂ ਨੂੰ ਵੇਦਾਂਤ ਵਾਲੇ ਪਾਸੇ ਧੱਕਣ ਦਾ ਜਤਨ ਕਰਦੇ ਹਨ। ਮੂਲ ਮੰਤ੍ਰ ਦਾ ਜੋ ਸੁਤੰਤਰ ਸਥਾਨ ਹੈ, ਇਹ ਪ੍ਰਮਾਣੀਕ ਹੈ, ਇਸ ਵਿਚ 'ਆਦਿ ਸਚੁ...' ਵਾਲਾ ਸਲੋਕ ਸ਼ਾਮਲ ਕਰਨਾ ਉਚਿਤ ਨਹੀਂ ਹੈ। ਭਾ. ਕਾਨ੍ਹ ਸਿੰਘ ਜੀ ਨਾਭਾ ਨੇ 'ਗੁਰਮਤੁ ਸੁਧਾਕਰ' ਵਿਚ ੧ੴ ਤੋਂ ਗੁਰ ਪ੍ਰਸਾਦਿ ਤੱਕ ਦੀ ਗੁਰਸਿਖਾਂ ਦਾ ਮੂਲ ਮੰਤ੍ਰ ਦਸਿਆ ਹੈ ਅਤੇ ਭਾ. ਸ. ਵੀਰ ਸਿੰਘ ਜੀ ਨੇ ਇਸੇ ਸਰੂਪ ਨੂੰ ਮੂਲ ਮੰਤਰ ਮੰਨਿਆ ਹੈ। 'ਗੁਰਬਾਣੀ ਪਾਠ ਦਰਸ਼ਨ (ਭਿੰਡਰਾਂ)' ਵਿਚ ਲਿਖੇ ਇਹ ਅਖਰ 'ਇਹ ਪ੍ਰਤੱਖ ਹੈ ਕਿ ਜਿਵੇਂ ਕੋਈ ਸ਼ਬਦ ਜਾਂ ਮੰਤ੍ਰ ਦੇ ਕੁਝ ਅੱਖਰ ਛੱਡ ਕੇ ਸਿਧ ਕਰੀਏ ਤਾਂ ਸਿਧ ਨਹੀਂ ਹੋ ਸਕਦੇ। ਸੋ ਮੂਲ ਮੰਤ੍ਰ ਗੁਰ ਪ੍ਰਸਾਦਿ ਤਾਈਂ ਪੜ੍ਹਨ ਕਰਕੇ ਕਾਜ ਨਹੀਂ ਹੋਣੇ' ਕਿਤਨੀ ਹਾਸੋ ਹੀਣੀ ਜਿਹੀ ਸ਼ਬਦਾਵਲੀ ਹੈ। ਇਸੇ ਤਰ੍ਹਾਂ 'ਭਜਨ ਬੰਦਗੀ ਦਾ ਪ੍ਰਤਾਪ' (ਲੇਖਕ ਸੋਢੀ ਹਰਭਜਨ ਸਿੰਘ) ਵਿੱਚ ਲਿਖਿਆ ਹੈ ਕਿ ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਦਸਿਆ ਕਿ ਅਸਾਂ ਦੋ ਐਸੀਆਂ ਬੀੜਾਂ ਦੇ ਦਰਸ਼ਨ ਕੀਤੇ ਹਨ, ਇਕ ਸ੍ਰੀ ਹਜ਼ੂਰ ਸਾਹਿਬ ਤੇ ਇਕ ਪਟਨਾ

ਸਾਹਿਬ ਜਿਨ੍ਹਾਂ ਵਿਚ ਨਾਨਕ ਹੋਸੀ ਭੀ ਸਚੁ॥੧॥ ਦੇ ਅਗੇ ਬਰੈਕਟ ਚਿ ਮੂਲ ਮੰਤ੍ਰ ਲਿਖਿਆ ਹੋਇਆ ਸੀ, ਤੇ ਦੋਹਾਂ ਤੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਸਖਤ ਸਨ।' ਬੜੀ ਹੈਰਾਨੀ ਦੀ ਗਲ ਹੈ ਕਿ ਇਸ ਦਾ 'ਗੁਰਬਾਣੀ ਪਾਠ ਦਰਸ਼ਨ' ਵਿਚ ਕਿਤੇ ਜ਼ਿਕਰ ਨਹੀਂ।

ਪਾਠਕਾਂ ਨੂੰ ਚਾਹੀਦਾ ਹੈ ਕਿ ਉਹ ਕਿਸੀ ਵਿਅਕਤੀ ਜਾਂ ਡੇਰਿਆਂ ਮਗਰ ਨਾ ਲਗਣ, ਗੁਰੂ ਪੰਥ ਨੇ ਜੋ ਨਿਰਣਾ ਕੀਤਾ ਹੈ, ਓਹੀ ਸਭ ਤਖਤਾਂ, ਗੁਰ-ਅਸਥਾਨਾਂ ਤੇ ਸਿੰਘ ਸਭਾਵਾਂ ਤੇ ਸਿਖੀ ਅਦਾਰਿਆਂ ਤੇ ਸੁਤੇ ਸਿਧ ਹੀ ਲਾਗੂ ਹੁੰਦਾ ਹੈ।

ਜਦੋਂ ਪੰਥਕ ਪਧਰ ਤੇ ਸ੍ਰੋਮਣੀ ਵਿਦਵਾਨਾਂ ਨੇ ਸਿਖ ਰਹਤ ਮਰਯਾਦਾ ਦੇ ਖਰੜੇ ਵਿਚ '੧ੴ ਤੋਂ ਗੁਰ ਪ੍ਰਸਾਦਿ' ਤਕ ਮੂਲ ਮੰਤਰ ਅੰਕਿਤ ਕੀਤਾ ਹੈ ਇਹ ਪ੍ਰਮਾਣੀਕ ਹੈ। ਮੈਂ ਨਾ ਮਾਨੂੰ ਵਾਲਿਆਂ ਦਾ ਕੋਈ ਇਲਾਜ ਨਹੀਂ ਹੈ।

# ਗੁਰਮੰਤ੍ਰ ਨਿਰਣੈ

ਗੁਰਮੰਤ੍ਰ ਤੋਂ ਭਾਵ ਉਸ ਸ਼ਬਦ ਤੋਂ ਹੈ ਜੋ ਕਿਸੇ ਧਰਮ ਦਾ ਧਾਰਨੀ ਬਣਨ ਸਮੇਂ ਪ੍ਰਾਪਤ ਹੁੰਦਾ ਹੈ। ਸਤਿਗੁਰੂ ਆਪਣੀ ਮਿਹਰ ਸਦਕਾ ਗੁਰ-ਦੀਖਿਆ ਰਾਹੀਂ ਸਿਖ ਦੇ ਹਿਰਦੇ ਵਿਚ ਗੁਰ ਮੰਤ੍ਰ ਦਾ ਆਵੇਸ਼ ਕਰਾਉਂਦੇ ਹਨ। ਗੁਰਵਾਕ ਹਨ:-

**ੳ-ਦੀਖਿਆ ਆਖਿ ਬੁਝਾਇਆ, ਸਿਫਤੀ ਸਚਿ ਸਮੇਉ ॥**
**ਤਿਨ ਕਉ ਕਿਆ ਉਪਦੇਸੀਐ,**
**ਜਿਨ ਗੁਰੁ ਨਾਨਕ ਦੇਉ ॥** [ਪੰਨਾ ੧੫੦

**ਅ-ਪੂਰੇ ਗੁਰ ਕੀ ਪੂਰੀ ਦੀਖਿਆ ॥**
**ਜਿਸੁ ਮਨਿ ਬਸੈ, ਤਿਸੁ ਸਾਚੁ ਪਰੀਖਿਆ॥**[ਪੰਨਾ ੨੯੩

ਸਤਿਗੁਰੂ ਨਾਲ ਮਿਲਾਪ ਪੂਰਬਲੇ ਕਰਮਾਂ ਦੀ ਪਈ ਲਿਖਤ ਅਨੁਸਾਰ ਹੀ ਹੁੰਦਾ ਹੈ। ਗੁਰੂ ਦੇ ਮਿਲਾਪ ਸਦਕਾ ਜਦੋਂ ਮੁਗਧ ਤੇ ਅਚੇਤ ਮਨ ਅਗਿਆਨਤਾ ਦੀ ਨੀਂਦ ਚੋਂ ਜਾਗਦਾ ਹੈ ਉਦੋਂ ਸਤਿਗੁਰੂ ਨਾਮ-ਸਿਮਰਨ ਦੀ ਦੀਖਿਆ ਬਖਸ਼ਿਸ਼ ਕਰਦੇ ਹਨ:

**ਤਿਨਾ ਮਿਲਿਆ ਗੁਰੁ ਆਇ, ਜਿਨ ਕਉ ਲੀਖਿਆ॥**
**ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ॥** [ਸੂਹੀ ਮ: ੧

ਜਿਨ੍ਹਾਂ ਜਗਿਆਸੂਆਂ ਨੂੰ ਗੁਰੂ ਦੀਖਿਆ ਪ੍ਰਾਪਤ ਹੁੰਦੀ ਹੈ ਉਹ ਸਦਾ ਥਿਰ ਪ੍ਰਭੂ ਵਿਚ ਲੀਨ ਹੋਏ ਰਹਿੰਦੇ ਹਨ:-

**ਗੁਰ ਕੀ ਦੀਖਿਆ ਸੇ ਸਚਿ ਰਾਤੇ॥** [ਪੰਨਾ ੯੪੪

ਗੁਰਦੀਖਿਆ ਚੰਗੇ ਭਾਗਾਂ ਦੀ ਨਿਸ਼ਾਨੀ ਹੈ:-

**ਗੁਰ ਦੀਖਿਆ ਜਿਹ ਮਨਿ ਬਸੈ,**

**ਨਾਨਕ ਮਸਤਕਿ ਭਾਗੁ ॥** [ਪੰਨਾ ੨੬੦

ਨਾਮ ਹਮੇਸ਼ਾਂ ਦੋ ਪ੍ਰਕਾਰ ਦੇ ਹਨ ਇਕ 'ਗੁਣ ਵਾਚਕ ਅਤੇ ਦੂਜਾ ਕਰਮ ਵਾਚਕ' ਭਾਵ ਸਫਾਤੀ ਤੇ ਜ਼ਾਤੀ। ਸਫ਼ਾਤੀ ਨਾਮ ਦਾ ਸਬੰਧ ਸਿਫਤਾਂ (ਗੁਣਾਂ) ਨਾਲ ਹੁੰਦਾ ਹੈ ਜਦੋਂ ਕਿ ਕਰਮ ਨਾਮ ਦਾ ਸਬੰਧ, ਕਰਮਾਂ - ਕਰਣਿਆਂ ਨਾਲ ਹੁੰਦਾ ਹੈ।

ਗੁਰ ਮੰਤ੍ਰ ਦਾ ਬਾਹਰਲਾ ਰੂਪ ਭਾਵੇਂ ਅਖਰਾਂ ਰਾਹੀਂ ਦ੍ਰਿਸ਼ਟਮਾਨ ਹੈ ਪਰ ਅੰਤਰਮੁਖੀ ਅਭਿਆਸ ਨਾਲ ਇਹ ਗੁਰੂ ਦੀ ਜੋਤਿ ਕਲਾ ਨਾਲ ਸਪੰਨ ਹੁੰਦਾ ਹੈ। ਗੁਰਮੰਤ੍ਰ ਦਾ ਜਾਪ ਅਥਵਾ ਅਭਿਆਸ, ਜਗਿਆਸੂ ਲਈ ਪਰਮਾਤਮਾ ਦੇ ਅਨੁਭਵੀ ਦਰਸ਼ਨ ਕਰਨ ਦਾ ਪ੍ਰਮੁਖ ਵਸੀਲਾ ਹੈ।

ਸਿਖ ਦਾ ਜੀਵਨ ਆਦਰਸ਼ ਪ੍ਰੇਮਾ-ਭਗਤੀ, ਜੀਵਨ-ਮੁਕਤੀ ਤੇ ਪ੍ਰਭੂ ਪ੍ਰਾਪਤੀ ਹੈ। ਸੰਸਾਰ ਵਿਚ ਜਿਤਨੇ ਧਰਮ ਹਨ, ਉਨ੍ਹਾਂ ਦੇ ਆਪੋ ਆਪਣੇ ਮੰਤ੍ਰ ਹਨ ਜਿਨ੍ਹਾਂ ਦਾ ਅਭਿਆਸ ਉਨ੍ਹਾਂ ਦੇ ਅਨੁਆਈ ਕਰਦੇ ਹਨ। ਦੇਖਾ-ਦੇਖੀ ਇਕ ਦੂਜੇ ਮੰਤ੍ਰਾਂ ਦਾ ਅਭਿਆਸ ਕਦੇ ਵੀ ਫਲੀਭੂਤ ਨਹੀਂ ਹੋ ਸਕਦਾ ਕਿਉਂਕਿ ਉਹ ਦੀਖਿਆ ਰੂਪ ਵਿਚ ਪ੍ਰਾਪਤ ਨਹੀਂ ਕੀਤਾ ਹੁੰਦਾ। ਗੁਰੂ ਦਾ ਮੰਤ੍ਰ ਸੂਖਮ ਰੂਪ ਵਿਚ ਗੁਰੂ ਦੀ ਆਤਮਿਕ ਸ਼ਕਤੀ ਦਇਆ, ਧਰਮ, ਸਤਿ, ਸੰਤੋਖ, ਪ੍ਰੇਮ, ਖਿਮਾ, ਗਿਆਨ, ਧਿਆਨ ਆਦਿ ਅਨੇਕ ਦੈਵੀ ਗੁਣਾਂ ਦਾ ਪ੍ਰਕਾਸ਼ਕ ਹੁੰਦਾ ਹੈ। ਜਿਹੜਾ ਜਗਿਆਸੂ ਪਿਆਰ ਤੇ ਸ਼ਰਧਾ ਨਾਲ

ਗੁਰਮੰਤ੍ਰ ਦਾ ਨਿਰੰਤਰ ਜਾਪ ਕਰਦਾ ਹੈ, ਉਸ ਦੇ ਹਿਰਦੇ ਵਿਚ ਸੁਭਾਵਿਕ ਹੀ ਆਤਮਿਕ ਗੁਣਾਂ ਨਾਲ ਸਾਂਝ ਬਣ ਜਾਂਦੀ ਹੈ। ਸਾਸ-ਗਿਰਾਸ ਸਿਮਰਨ ਕੀਤਿਆਂ ਜਦੋਂ ਗੁਰਮੰਤ੍ਰ ਹਿਰਦੇ ਵਿਚ ਰਮਦਾ, ਧਸਦਾ ਤੇ ਵਸਦਾ ਹੈ, ਓਦੋਂ ਅੰਤਰ ਆਤਮੇ 'ਗੁਰ ਸਬਦੀ ਗੋਵਿਦੁ ਗਜਿਆ'(ਪੰਨਾ ੧੩੧੫) ਅਥਵਾ ਉਸ ਦੀ ਅਨਹਦ ਧੁਨੀ ਸੁਣਾਈ ਦਿੰਦੀ ਹੈ। ਇਹ ਧੁਨੀ ਸਥੂਲ ਕੰਨਾ ਨਾਲ ਨਹੀਂ ਸੁਣੀਦੀ। ਇਸ ਸੂਖਮ ਧੁਨੀ ਦੀ ਸ੍ਰੋਤ ਦਾ ਗਿਆਨ ਸੁਰਤਿ ਰਾਹੀਂ ਹੁੰਦਾ ਹੈ। ਇਸ ਦਾ ਰਹੱਸ ***'ਗੁਰਸਾਖੀ ਅੰਤਰਿ ਜਾਗੀ॥ ਤਾ ਚੰਚਲ ਮਤਿ ਤਿਆਗੀ॥ ਗੁਰ ਸਾਖੀ ਕਾ ਉਜੀਆਰਾ॥ ਤਾ ਮਿਟਿਆ ਸਗਲ ਅੰਧਾਰਾ॥' (ਪੰਨਾ ਪ੯੯)*** ਵਾਲੀ ਸਥਿਤੀ ਬਣਦੀ ਹੈ।

ਮਨ ਦੇ ਫੁਰਨਿਆਂ ਤੇ ਕਾਬੂ ਪਾਉਣ ਲਈ ਸਭ ਤੋਂ ਚੰਗਾ ਸਾਧਨ ਗੁਰਮੰਤ੍ਰ ਦਾ ਸਿਮਰਨ ਹੈ। ਇਸ ਵਿਚ ਸੰਦੇਹ ਨਹੀਂ ਕਿ ਸਿਮਰਨ ਦੇ ਆਰੰਭ ਵਿਚ ਮਨ ਉਚਾਟ ਤੇ ਉਦਾਸ ਜਿਹਾ ਹੁੰਦਾ ਹੈ ਪਰ ਸਿਮਰਨ ਨੂੰ ਨਹੀਂ ਛੱਡਣਾ ਚਾਹੀਦਾ। ਮਨ ਨੂੰ ਪਿਆਰ ਨਾਲ ਪਲੋਸ ਕੇ ਸਹਜੇ ਸਹਜੇ ਸਿਮਰਨ ਨਾਲ ਪਿਉਂਦ ਕਰਕੇ ਸੁਧਾਰਨਾ ਹੈ। ਰਸਨਾ ਦੁਆਰਾ ਰਟਨ ਕੀਤਾ ਗੁਰਮੰਤ੍ਰ ਕੰਨਾ ਨਾਲ ਆਪ ਸੁਣਨਾ ਹੈ। ਮਨ ਦੀ ਬਾਹਰ ਦੌੜਨ ਵਾਲੀ ਰੁਚੀ ਜਿਉਂ ਜਿਉਂ ਘਟੇਗੀ, ਤਿਉਂ ਤਿਉਂ ਸਿਮਰਨ ਵਿਚ ਰਸ ਆਉਣਾ ਸ਼ੁਰੂ ਹੋ ਜਾਵੇਗਾ।

ਸਫ਼ਾਤੀ ਨਾਮ ਕਰਮਾਂ ਦੇ ਬਦਲਣ ਨਾਲ ਬਦਲ ਜਾਂਦੇ ਹਨ ਪਰ ਜ਼ਾਤੀ ਨਾਮ ਕਾਇਮ ਰਹਿੰਦਾ ਹੈ। ਇਸੇ ਤਰ੍ਹਾਂ ਸਭ ਪਾਸੇ

ਰਮਿਆ ਹੋਣ ਕਰਕੇ ਰਾਮ, ਪਾਣੀ ਵਿਚ ਵਿਆਪਕ ਹੋਣ ਕਰਕੇ ਨਾਰਾਇਣ, ਅੰਧੇਰੇ ਵਿੱਚ ਪ੍ਰਕਾਸ਼ ਕਰਨ ਵਾਲਾ ਹੋਣ ਕਰਕੇ ਗੁਰੂ ਹੈ। ਇਹ ਕਿਰਤਮ ਨਾਮ ਸਦੀਵ ਕਾਲ ਕਾਇਮ ਨਹੀਂ ਰਹਿੰਦੇ। ਪਰ 'ਵਾਹਿਗੁਰੂ' ਅਸਚਰਜ ਤੇ ਪ੍ਰਕਾਸ਼ ਰੂਪ ਹੈ ਜਿਸ ਕਰਕੇ ਗੁਰੂ ਨਾਨਕ ਦੇਵ ਜੀ ਨੇ ਕਲਿਜੁਗੀ ਜੀਵਾਂ ਦੇ ਜਾਪ ਲਈ 'ਵਾਹਿਗੁਰੂ' ਮੰਤ੍ਰ ਨਿਸਚਿਤ ਕੀਤਾ ਹੈ। ਵਾਹਿਗੁਰੂ ਨਾਮ ਵਾਲਾ ਭਾਵ ਹੋਰ ਕਿਸੇ ਨਾਮ ਵਿਚੋਂ ਨਹੀਂ ਨਿਕਲ ਸਕਦਾ ਪਰ ਵਾਹਿਗੁਰੂ ਨਾਮ ਵਿਚ ਸਮੂਹ ਮੰਤਰਾਂ ਸਿਫਤਾਂ ਆ ਜਾਂਦੀਆਂ ਹਨ। ਗੁਰੂ ਸਾਹਿਬ ਜੀ ਦਾ ਪਾਵਨ ਵਾਕ ਹੈ 'ਬਲਿਹਾਰੈ ਜਾਉ ਜੇਤੇ ਤੇਰੇ ਨਾਵ ਹੈ' ਪਰ ਗੁਰਸਿਖ ਨੂੰ ਗੁਰ ਦੀਖਿਆ ਰਾਹੀਂ ਜੋ 'ਵਾਹਿਗੁਰੂ ਮੰਤ੍ਰ' ਦਿਤਾ ਜਾਂਦਾ ਹੈ ਇਹ ਉਠਦਿਆਂ ਬਹਿੰਦਿਆਂ, ਜਾਗਦਿਆਂ ਸੁਤਿਆਂ ਸੁਆਸ ਸੁਆਸ ਉਸੇ ਨਾਮ ਦਾ ਅਭਿਆਸ ਕਰਦਾ ਹੈ।

ਗੁਰਬਾਣੀ ਵਿਚ 'ਗੁਰਮੰਤ੍ਰ' ਦੀ ਵਡਿਆਈ ਕਰਦਿਆਂ ਜੋ ਪਾਵਨ ਬਚਨ ਉਚਾਰੇ ਹੋਏ ਉਪਲਬਧ ਹਨ, ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:-

੧- **ਦੂਖੁ ਕਲੇਸੁ ਨ ਭਉ ਬਿਆਪੈ,**
**ਗੁਰਮੰਤ੍ਰੁ ਹਿਰਦੈ ਹੋਇ॥** [ਪੰਨਾ ੫੧

੨- **ਗੁਰ ਮੰਤ੍ਰੜਾ ਚਿਤਾਰਿ,**
**ਨਾਨਕ ਦੂਖੁ ਨ ਥੀਵਈ ॥** [ਪੰਨਾ ੫੨੧

੩- **ਚਲਤ ਬੈਸਤ ਸੋਵਤ ਜਾਗਤ,**
**ਗੁਰਮੰਤ੍ਰ ਰਿਦੈ ਚਿਤਾਰਿ॥** [ਪੰਨਾ ੧੦੦੬

ਭਾਵ '੧ੴ ਤੋਂ ਗੁਰ ਪ੍ਰਸਾਦਿ' ਤਕ ਮੂਲ ਮੰਤਰ ਹੈ ਅਤੇ 'ਵਾਹਿਗੁਰੂ' ਗੁਰਮੰਤ੍ਰ ਦ੍ਰਿੜ ਕਰਾਉਣ ਵਾਲੀ ਮੂਲਿਕ ਗੁਰਮਤਿ ਰਹੁਰੀਤੀ ਨੂੰ ਇੰਜ ਉਜਾਗਰ ਕੀਤਾ ਹੈ:-

**੧- ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ ॥**
**[ਪੰਨਾ ੧੩-੨**

**੨- ਧਰਮ ਸਾਲ ਕਰਤਾਰਪੁਰੁ,**
**ਸਾਧ ਸੰਗਤਿ ਸਚ ਖੰਡ ਵਸਾਯਾ ॥**
**ਵਾਹਿਗੁਰੂ ਗੁਰ ਸਬਦੁ ਸੁਣਾਯਾ॥[ਭਾ. ਗੁ. ਵਾ. ੨੪-੧**

**੩- ਵੇਦ ਕਤੇਬ ਅਗੋਚਰ**
**ਵਾਹਿਗੁਰੂ ਗੁਰ ਸਬਦੁ ਸੁਣਾਯਾ॥ [ਵਾਰ ੧੨-੧੭**

**੪- ਸਤਿਗੁਰੁ ਪੁਰਖ ਦਇਆਲ ਹੋਇ,**
**ਵਾਹਿਗੁਰੂ ਸਚੁ ਮੰਤ੍ਰ ਸੁਣਾਇਆ॥ [ਵਾਰ ੧੧-੩**

ਮਨ ਨੂੰ ਫੁਰਨਿਆਂ ਤੋਂ ਰਹਿਤ ਕਰਨ ਲਈ ਸਤਿਸੰਗਤ ਵਿਚੋਂ ਸ਼ਬਦ ਕੀਰਤਨ ਦੀ ਸਹਾਇਤਾ ਲੈਣੀ ਜ਼ਰੂਰੀ ਹੈ। ਗੁਰ-ਮੰਤ੍ਰ ਦੇ ਅਭਿਆਸ ਨਾਲ 'ਮਨਿ ਜੀਤੈ ਜਗੁ ਜੀਤੁ' ਵਾਲੀ ਸਿਖਰ ਛੋਹਣ ਹਿਤ ਜੇ ਗੁਰਬਾਣੀ ਦੇ ਕੁਝ ਚੋਣਵੇਂ ਸ਼ਬਦ ਕੰਠਾਗਰ ਕੀਤੇ ਜਾਣ, ਤਾਂ ਇਹ ਅਮਲ ਵੀ ਰਸਦਾਈ ਤੇ ਸੁਖਦਾਈ ਸਾਬਤ ਹੋ ਸਕਦਾ ਹੈ। ਸਿਧ ਗੋਸਟਿ ਵਿਚ ਗੁਰੂ ਬਾਬਾ ਜੀ ਦੇ ਅੰਮ੍ਰਿਤ ਬਚਨਾਂ ਤੋਂ ਅਜਿਹੀ ਸੋਧ ਮਿਲਦੀ ਹੈ:-

**ਬਿਨ ਸਬਦੈ ਰਸੁ ਨ ਆਵੈ ਅਉਧੂ**
**ਹਉਮੈ ਪਿਆਸ ਨ ਜਾਈ ॥**

ਸਬਦਿ ਰਤੇ ਅੰਮ੍ਰਿਤ ਰਸੁ ਪਾਇਆ,
ਸਾਚੇ ਰਹੇ ਅਘਾਈ ॥ [ਪੰਨਾ ੬੪੫

ਗੁਰਬਾਣੀ ਦੇ ਬੇਨਤੀ ਰੂਪ ਵਿਚ ਅਨੇਕਾਂ ਅਜਿਹੇ ਸ਼ਬਦ ਜੋ ਮਨ ਨੂੰ ਮੋਹ ਲੈਂਦੇ ਹਨ। ਜੇ ਉਹਨਾਂ ਸ਼ਬਦਾਂ ਦੇ ਗੁਰਮੰਤ੍ਰ ਨਾਲ ਅਭਿਆਸ ਕੀਤਾ ਜਾਵੇ ਤਾਂ ਓਹ ਵੀ ਅੰਤਸ਼ਕਰਨ ਨੂੰ ਨਿਰਮਲ ਕਰਨ ਵਿਚ ਬੜੇ ਸਹਾਇਕ ਸਿਧ ਹੁੰਦੇ ਹਨ। ਬੇਨਤੀ ਦੇ ਸ਼ਬਦ ਪੜ੍ਹਨ ਸਮੇਂ ਮਨ ਦਾ ਹਾਜ਼ਰ ਤੇ ਸਾਈਂ ਦੀ ਹਜ਼ੂਰੀ ਨੂੰ ਅਨੁਭਵ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਅਜਿਹੇ ਕੁਝ ਸ਼ਬਦਾਂ ਦਾ ਸੰਕੇਤ ਮਾਤਰ ਵਰਣਨ ਕਰਨਾ ਪਾਠਕਾਂ ਦੀ ਗਿਆਤ ਲਈ ਲਾਹੇਵੰਦਾ ਹੋਵੇਗਾ:-

੧- ਡੰਡਉਤਿ ਬੰਦਨ ਅਨਿਕ ਬਾਰ,
ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ,
ਨਾਨਕ ਦੇ ਕਰਿ ਹਥ ॥ [ਪੰਨਾ ੨੫੬

੨- ਦਾਸ ਤੇਰੇ ਕੀ ਬੇਨਤੀ, ਰਿਦ ਕਰਿ ਪਰਗਾਸੁ ॥
ਤੁਮ੍ਰੀ ਕਿਰਪਾ ਤੇ ਪਾਰਬ੍ਰਹਮ,
ਦੋਖਨ ਕੋ ਨਾਸੁ ॥ [ਪੰਨਾ ੮੧੮

੩- ਹਮ ਮੈਲੇ ਤੁਮ ਊਜਲ ਕਰਤੇ,
ਹਮ ਨਿਰਗੁਨ ਤੂੰ ਦਾਤਾ ॥
ਹਮ ਮੂਰਖ ਤੁਮ ਚਤੁਰ ਸਿਆਣੇ,

ਤੂ ਸਰਬ ਕਲਾ ਕਾ ਗਿਆਤਾ ॥.. [ਪੰਨਾ ੬੧੩

੪- ਤੁਮ ਦਾਤੇ ਠਾਕੁਰ ਪ੍ਰਤਿਪਾਲਕ,

ਨਾਇਕ ਖਸਮ ਹਮਾਰੇ ॥

ਨਿਮਖ ਨਿਮਖ ਤੁਮਹੀ ਪ੍ਰਤਿਪਾਲਹੁ,

ਹਮ ਬਾਰਿਕ ਤੁਮਰੇ ਧਾਰੇ ॥ [ਪੰਨਾ ੬੭੪

੫- ਤੁਮ੍ ਸਮਰਥਾ ਕਾਰਨ ਕਰਨ ॥

ਢਾਕਨ ਢਾਕਿ ਗੋਬਿੰਦ ਗੁਰ ਮੇਰੇ,

ਮੋਹਿ ਅਪਰਾਧੀ ਸਰਨ ਚਰਨ ॥ [ਪੰਨਾ ੮੨੮

੬- ਐਸੀ ਕਿਰਪਾ ਮੋਹਿ ਕਰਹੁ ॥

ਸੰਤਹ ਚਰਨ ਹਮਾਰੋ ਮਾਥਾ,

ਨੈਨ ਦਰਸੁ ਤਨ ਧੂਰਿ ਪਰਹੁ ॥ [ਪੰਨਾ ੮੨੮

੭- ਰਾਖੁ ਸਦਾ ਪ੍ਰਭ ਅਪਨੈ ਸਾਥ ॥

ਤੂ ਹਮਰੋ ਪ੍ਰੀਤਮੁ ਮਨਮੋਹਨੁ,

ਤੁਝ ਬਿਨੁ ਜੀਵਨੁ ਸਗਲ ਅਕਾਥ॥.. [ਪੰਨਾ ੮੨੮

ਪਿਆਰੇ ਪਾਠਕ ਜੀਓ! ਸਤਿਗੁਰੂ ਜੀ ਦਇਆਲੂ ਹੋ ਕੇ ਜੋ ਨਾਮ ਸਿਖ ਨੂੰ ਬਖ਼ਸ਼ਦੇ ਹਨ, ਉਸ ਨੂੰ 'ਗੁਰ ਮੰਤ੍ਰ' ਕਹਿਆ ਜਾਂਦਾ ਹੈ। ਗੁਰ ਮੰਤ੍ਰ ਦੇਣ ਦਾ ਅਧਿਕਾਰ ਕਿਸੇ ਸਿਖ ਸਾਧ ਸੰਤ, ਗਿਆਨੀ ਨੂੰ ਨਹੀਂ। ਹਾਂ, ਓਹ ਨਾਮ ਜਪਾ ਸਕਦਾ ਹੈ, ਪ੍ਰੇਰਕ ਬਣ ਸਕਦਾ ਹੈ ਪਰ ਗੁਰੂ ਨਹੀਂ ਬਣ ਸਕਦਾ। ਜਿਸ ਮਨੁੱਖ ਨੂੰ ਗੁਰੂ ਪਾਸੋਂ 'ਗੁਰਮੰਤ੍ਰ' ਪ੍ਰਾਪਤ ਨਹੀਂ ਹੋਇਆ, ਗੁਰਬਾਣੀ ਅਨੁਸਾਰ ਉਸ

ਦੇ ਜਨਮ ਨੂੰ ਧ੍ਰਿਗਾਕਾਰ ਹੈ। ਓਹ ਭ੍ਰਿਸਟਿਆ ਹੋਇਆ ਮੂਰਖ ਮਨੁੱਖ ਮਾਨੋ ਕੁਤੇ, ਸੂਅਰ, ਖੋਤੇ, ਕਾਂ, ਸੱਪ ਜਿਹਾ ਹੈ। ਗੁਰਵਾਕ ਹਨ:-

**ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ,**
**ਧ੍ਰਿਗੰਤ ਜਨਮ ਭ੍ਰਸਟਣਹ॥**
**ਕੂਕਰਹ ਸੂਕਰਹ ਗਰਧਭਹ**
**ਕਾਕਹ ਸਰਪਨਹ ਤੁਲਿ ਖਲਹ॥** [ਪੰਨਾ ੧੩੫੬

ਸਿੱਖ ਧਰਮ ਦੇ ਨਿਰਮਾਤਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਸਿੱਖਾਂ ਨੂੰ ਚਰਨ ਪਾਹੁਲ (ਚਰਨਾਮ੍ਰਿਤ) ਅਤੇ ਕੰਨ ਵਚ ਗੁਰਮੰਤ੍ਰ ਦੇ ਕੇ ਸਿਖ ਬਣਾਇਆ ਜਾਂਦਾ ਸੀ। ਭਾ.ਸ. ਗੁਰਦਾਸ ਜੀ ਲਿਖਦੇ ਹਨ:-

**ਚਰਨ ਧੋਇ ਰਹਰਾਸਿ ਕਰਿ,**
**ਚਰਣਾਮ੍ਰਿਤੁ ਸਿਖਾਂ ਪੀਲਾਇਆ ॥** [ਵਾ. ੧-੨੩

ਸ੍ਰੀ ਗੁਰੂ ਰਾਮ ਦਾਸ ਜੀ ਫੁਰਮਾਉਂਦੇ ਹਨ:-

**ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ,**
**ਮੰਤ੍ਰ ਦੀਓ ਗੁਰ ਕਾਨ ॥** [ਪੰਨਾ ੧੩੦੨

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜਦੋਂ ਸਮਾਜ ਵਲ ਨੀਝ ਲਾ ਕੇ ਵੇਖਿਆ, ਹੰਨੇ ਹੰਨੇ ਮੀਰੀ ਤੇ ਪੀਰੀ ਦਾ ਜਾਲ ਵਿਛਿਆ ਹੋਇਆ ਸੀ। ਸਰੀਰਕ ਪੂਜਾ ਜ਼ੋਰਾਂ ਤੇ ਸੀ। ਸਮਾਜ ਗਊ ਗਰੀਬ ਦੀ ਰਖਿਆ ਕਰਨ ਤੋਂ ਅਸਮਰਥ ਸੀ। ਨਿਰਦੈਤਾ ਤੇ ਹੰਗਤਾ ਦਾ ਬੋਲ ਬਾਲਾ ਸੀ। ਆਪ ਜੀ ਨੇ ਅਕਾਲ ਪੁਰਖ ਜੀ ਦੇ

ਹੁਕਮ ਅਨੁਸਾਰ ਸੰਮਤ ੧੭੫੬ ਦੀ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ। 'ਚਰਨ ਪਾਹੁਲ' ਵਾਲੀ ਮਰਯਾਦਾ ਨੂੰ ਖੰਡੇ ਦੀ ਪਾਹੁਲ' (ਅੰਮ੍ਰਿਤ) ਵਿਚ ਤਬਦੀਲ ਕਰ ਦਿੱਤਾ। 'ਵਾਹਿਗੁਰੂ' ਗੁਰਮੰਤ੍ਰ ਦੇਣ ਦਾ ਅਧਿਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਬਿਆ ਵਿਚ ਪੰਜਾਂ ਪਿਆਰਿਆਂ ਨੂੰ ਸੌਂਪ ਦਿੱਤਾ। ਵਿਅਕਤੀਗਤਿ ਗੁਰਮੰਤ੍ਰ ਦੇਣ ਵਾਲੀ ਪ੍ਰਥਾ ਸਮਾਪਤ ਕਰਕੇ 'ਪੰਚਾਇਣ' ਕਾਇਮ ਕਰ ਦਿਤੀ।

'ਪੀਵਹੁ ਪਾਹੁਲ ਖੰਡਧਾਰ ਹੁਇ ਜਨਮੁ ਸੁਹੇਲਾ' ਦੀ ਗੂੰਜਾਂ ਪੈਣ ਲਗ ਪਈਆਂ। 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ' ਦਾ ਅਸੂਲ ਸਾਖਿਆਤਕਾਰ ਕਰ ਦਿੱਤਾ।

ਸੰਸਾਰ ਵਿਚ ਜਿਤਨੇ ਧਰਮ ਹਨ ਹਰ ਕੋਈ ਆਪੋ ਆਪਣੇ ਧਰਮ ਨੂੰ ਉਚਾ ਤੇ ਸੁਚਾ ਮੰਨਦਾ ਹੈ ਅਤੇ ਦੂਜੇ ਧਰਮ ਨੂੰ ਨੀਵਾਂ ਆਖਣੋਂ ਵੀ ਨਹੀਂ ਸੰਗਦਾ। ਸੰਸਾਰ ਵਿਚ ਮੰਤ੍ਰਾਂ ਦਾ ਤਾਂਤਾ ਲਗਾ ਹੋਇਆ ਹੈ। ਸ੍ਰੀ ਕ੍ਰਿਸ਼ਨ ਜੀ ਦੇ ਉਪਾਸ਼ਕਾਂ 'ਰਾਧੇ ਸ਼ਿਆਮ' ਸ੍ਰੀ ਰਾਮ ਚੰਦਰ ਜੀ ਦੇ ਅਨੁਆਈ 'ਸੀਤਾ ਰਾਮ' ਆਮ ਹਿੰਦੂ 'ਓਮ ਤੱਤ ਸਤਿ' ਓਅੰ ਸੋਹੰ ਦਾ ਜਾਪ ਕਰਦੇ ਹਨ। ਮੁਸਲਮਾਨ ਅੱਲਾ ਹੂ ਅਕਬਰ ਦਾ ਜਾਪ ਕਰਨਾ ਆਪਣਾ ਈਮਾਨ ਸਮਝਦੇ ਹਨ। ਨਿਰੰਕਾਰੀ 'ਧਨ ਨਿਰੰਕਾਰ' ਅਤੇ ਰਾਧਾ ਸੁਆਮੀ* ਪੰਜ ਸ਼ਬਦ ਜੋ ਕਿਸੇ ਨੂੰ ਦਸਦੇ ਨਹੀਂ, ਜਪਣ ਦਾ ਆਦੇਸ਼ ਦਿੰਦੇ ਹਨ।

---

*(1) ਜੋਤਿ-ਨਿਰੰਜਨ (2) ਓਅੰਕਾਰ (3) ਰਾਰੰਕਾਰ (4) ਸੋਹੰ (5) ਸਤਿਨਾਮੁ।

ਅਚਾਰੀਆ ਰਜਨੀਸ਼ ਆਪਣੇ ਅਨੁਆਈਆਂ ਨੂੰ 'ਹੂ ਹੂ ਹੂ ਹੂ' ਦਾ ਜਾਪ ਦਸਦਾ ਹੈ। ਗਲ ਕੀ, ਸੰਸਾਰ ਵਿਚ ਜਿਤਨੇ ਮਤ ਮਤਾਂਤਰ ਹਨ, ਆਪੋ ਆਪਣੇ ਮੰਤ੍ਰ ਦਾ ਵਖਰਾ ਰਾਗ ਅਲਾਪਦੇ ਹਨ।

ਸੰਸਾਰ ਵਿਚ ਵਾਮ-ਮਾਰਗੀ ਆਦਿ ਕਈ ਫ਼ਿਰਕੇ ਖਾਣ ਪੀਣ ਅਤੇ ਮੰਨੋਰੰਜਨ ਦੇ ਸਾਧਨਾ ਵਿਚ ਹੀ ਖਚਿਤ ਰਹਿੰਦੇ ਹਨ। ਓਹ ਨਾਮ ਨੂੰ ਕੁਝ ਨਹੀਂ ਸਮਝਦੇ। ਜੇ ਸੋਚਿਆ ਜਾਏ ਤਾਂ ਮਨ ਦੀ ਗੰਦਗੀ ਰਬੀ-ਬੰਦਗੀ ਤੋਂ ਬਿਨਾ ਦੂਰ ਨਹੀਂ ਹੋ ਸਕਦੀ। ਮੰਤਰ ਤੰਤਰ ਦੇ ਝਮੇਲਿਆਂ ਵਿਚ ਸਾਰਾ ਸੰਸਾਰ ਹੀ ਫਸਿਆ ਹੋਇਆ ਹੈ। ਇਸ ਲਈ 'ਗੁਰ ਮੰਤ੍ਰ' ਦਾ ਜਾਪ ਬੰਦਗੀ ਦੇ ਰੂਪ ਵਿਚ ਕਰਨਾ ਅਤਿ ਜ਼ਰੂਰੀ ਹੈ।

ਇਹ ਗਲੇ ਪਲੇ ਬੰਨ੍ਹਣ ਵਾਲੀ ਹੈ ਕਿ ਸਤਿਗੁਰੂ ਦਾ ਦਿੱਤਾ ਹੋਇਆ ਨਾਮ ਹੀ ਹਿਰਦੇ ਵਿਚ ਵਸ ਸਕਦਾ ਹੈ। ਜਿਵੇਂ ਘੜੀ ਨੂੰ ਚਾਬੀ ਦੇਈਏ ਤਾਂ ਉਸ ਦੇ ਬਲ ਨਾਲ ਸੂਈਆਂ ਰਾਤ ਦਿਨ ਚਲਦੀਆਂ ਰਹਿੰਦੀਆਂ ਹਨ, ਇਸੇ ਤਰ੍ਹਾਂ ਜੇ ਜਗਿਆਸੂ ਆਪਣੇ ਮਨ ਨੂੰ 'ਵਾਹਿਗੁਰੂ' ਜਾਪ ਦੀ ਚਾਬੀ ਲਾ ਦੇਵੇ ਤਾਂ ਸੁਤੇ ਹੀ ਇਸ ਦੀ ਸੁਰਤਿ ਵਿਚ ਸਿਮਰਨ ਦੀ ਸ਼ਕਤੀ ਸਮੋਈ ਜਾਂਦੀ ਹੈ ਜੋ ਫੁਰਨਿਆਂ ਝੋਰਿਆਂ, ਧੰਧਿਆਂ ਨੂੰ ਤੇ ਬੀਮਾਰੀਆਂ ਨੂੰ ਭਜਾ ਦਿੰਦੀ ਹੈ। ਜਿਵੇਂ ਨੀਂਦ ਕਰਨ ਮਗਰੋਂ ਇਸ਼ਨਾਨ ਕੀਤਿਆਂ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ ਤਿਵੇਂ ਵਾਹਿਗੁਰੂ ਜੀ ਦੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਿਆਂ ਸਾਰੇ ਪਾਪ ਵਿਕਾਰ ਦੂਰ ਹੋ ਜਾਂਦੇ ਹਨ, ਮਨ

ਨਿਰਮਲ ਹੋ ਜਾਂਦਾ ਹੈ। ਜੋ ਉਪਦੇਸ਼ ਸਿਧਾਂਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ' ਬਾਣੀ ਵਿਚ ਦਿੱਤਾ ਹੈ, ਉਸ ਅਨੁਸਾਰ ਜੀਵਨ ਢਾਲਣ ਦੀ ਲੋੜ ਹੈ:-

ਸਰਬ ਬੈਕੁੰਠ ਮੁਕਤਿ ਮੋਖ ਪਾਏ ॥
ਏਕ ਨਿਮਖ ਹਰਿ ਕੇ ਗੁਨ ਗਾਏ ॥
ਅਨਿਕ ਰਾਜ ਭੋਗ ਬਡਿਆਈ ॥
ਹਰਿ ਕੇ ਨਾਮ ਕੀ ਕਥਾ ਮਨਿ ਭਾਈ॥
ਬਹੁ ਭੋਜਨ ਕਾਪਰ ਸੰਗੀਤ ॥
ਰਸਨਾ ਜਪਤੀ ਹਰਿ ਹਰਿ ਨੀਤ ॥
ਭਲੀ ਸੁਕਰਨੀ ਸੋਭਾ ਧਨਵੰਤ ॥
ਹਿਰਦੈ ਬਸੇ ਪੂਰਨ ਗੁਰਮੰਤ ॥
ਸਾਧ ਸੰਗਿ ਪ੍ਰਭ ਦੇਹੁ ਨਿਵਾਸ ॥
ਸਰਬ ਸੂਖ ਨਾਨਕ ਪਰਗਾਸ ॥ [ਪੰਨਾ ੨੯੦

☆

# ਗੁਰਬਾਣੀ ਦੇ ਚਾਨਣ ਵਿਚ - ਵਾਹਿਗੁਰੂ -

ਗੁਰਬਾਣੀ ਵਿਚ ਪਰਮਾਤਮਾ ਦੇ ਸਾਰੇ ਨਾਮ ਆਏ ਹਨ ਪਰ 'ਵਾਹਿਗੁਰੂ' ਸ਼ਬਦ ਦੀ ਵਰਤੋਂ ਕੇਵਲ 'ਸਵਈਏ ਮਹਲੇ ਚਉਥੇ ਕੇ' ਵਿਚ ਕੀਤੀ ਹੋਈ ਮਿਲਦੀ ਹੈ:-

**ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥**

ਕਈ ਪਾਠਕਾਂ ਦੇ ਮਨ ਵਿਚ ਸ਼ੰਕਾ ਉਤਪੰਨ ਹੁੰਦੀ ਹੈ। ਗੁਰੂ ਸਾਹਿਬ ਨੇ 'ਜਪਿ ਮਨ ਸਤਿ ਨਾਮੁ ਸਦਾ ਸਤਿਨਾਮੁ' ਅਤੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ 'ਕਲਿਜੁਗ ਬਾਬੇ ਤਾਰਿਆ, ਸਤਿਨਾਮੁ ਪੜ੍ਹ ਮੰਤ੍ਰ ਸੁਣਾਇਆ' ਦਾ ਜ਼ਿਕਰ ਕੀਤਾ ਹੈ, ਫਿਰ ਵਾਹਿਗੁਰੂ ਸ਼ਬਦ ਕਿਥੋਂ ਆ ਗਿਆ?

ਖ਼ਾਲਸਾ ਜੀ! ਧਿਆਨ ਦਿਓ, ਇਸ ਬਾਰੇ ਉਤਰ ਹੈ ਕਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਮੰਗਲ '੧ੴ ਤੋਂ ਗੁਰਪ੍ਰਸਾਦਿ' ਤੱਕ ਹੈ ਪਰ ਸ੍ਰੀ ਦਸਮ ਗ੍ਰੰਥ ਵਿਚ '੧ੴ ਸਤਿਗੁਰ ਪ੍ਰਸਾਦਿ' ਦੇ ਨਾਲ '੧ੴ ਵਾਹਿਗੁਰੂ ਜੀ ਕੀ ਫਤਿਹ' ਵੀ ਅੰਕਿਤ ਹੈ। ਜੇ 'ਵਾਹਿਗੁਰੂ' ਸ਼ਬਦ ਦੀ ਹੋਂਦ ਸੀ ਤਾਂ ਹੀ ਇਸ ਨੂੰ ਉਚ ਅਸਥਾਨ ਅਤੇ ਹਰੇਕ ਸਿਖ ਨੂੰ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖ਼ਾਲਸਾ, ਵ਼ਾਹਿਗੁਰੂ ਜੀ ਕੀ ਫਤਿਹ' ਬੁਲਾਉਣ ਦਾ ਹੁਕਮ

ਦਿੱਤਾ। ਅੰਮ੍ਰਿਤ ਸੰਚਾਰ ਵਿਚ ਗੁਰ ਦੀਖਿਆ ਸਮੇਂ ਰਸਨਾ ਵਿਚ ਅੰਮ੍ਰਿਤ, ਅੱਖਾਂ ਵਿਚ ਅੰਮ੍ਰਿਤ ਕੇਸਾਂ ਵਿਚ, ਅੰਮ੍ਰਿਤ ਅਤੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਦੇ ਅੰਮ੍ਰਿਤ ਬੋਲ ਅੰਮ੍ਰਿਤ-ਪਿਆਸੇ ਨੂੰ ਕਿਤਨਾ ਆਤਮਿਕ ਹੁਲਾਸ ਬਖਸ਼ਦੇ ਹਨ। 'ਸਰਬ ਲੋਹ ਗ੍ਰੰਥ' ਵਿਚ ਵਾਹਿਗੁਰੂ ਗੁਰ ਮੰਤ੍ਰ ਦਾ ਜ਼ਿਕਰ ਸਾਰਿਆਂ ਸ਼ੰਕਿਆਂ ਨੂੰ ਨਵਿਰਤ ਕਰ ਦਿੰਦਾ ਹੈ:-

**ਸਾਰ ਮੰਤ੍ਰ ਚਾਰੋਂ ਕਾ ਚਾਰ॥**
**ਵਾਹਿਗੁਰੂ ਮੰਤ੍ਰ ਨਿਰਧਾਰ॥**
**ਕਲਪ ਕਲਪ ਪ੍ਰਤਿ ਅਖਛਰ ਕਹੀ ॥**
**ਸ੍ਰੀ ਗੁਰੂ ਨਾਨਕ ਜਪਯੋ ਸਹੀ ॥**
**ਨਿਜ ਆਤਮ ਪਰਮਾਤਮ ਦਰਸਯੋ ॥**
**ਚਾਰ ਕਲਪ ਮਹਿ ਮੰਤ੍ਰ ਸਰਸਯੋ ॥**

--- ---

**ਸਾ ਮੰਤ੍ਰ ਪ੍ਰਭ ਖਾਲਸੇ ਦੀਨਾ ॥**
**ਵਾਹਿਗੁਰੂ ਪਦ ਪਾਵਨ ਕੀਨਾ ॥**

ਇਹ ਗੁਰਮੰਤ੍ਰ ਗੁਰੂ ਨਾਨਕ ਦੇਵ ਜੀ ਨੇ ਬਖ਼ਸ਼ਿਆ ਤਾਂ ਹੀ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਸ ਦੀ ਵਡਿਆਈ ਦਾ ਖੁਲ੍ਹ ਕੇ ਵਰਨਣ ਕੀਤਾ ਹੈ।

ਭੱਟਾਂ ਦੀ ਕ੍ਰਿਤ 'ਸਵਈਏ ਮਹਲੇ ਚਉਥੇ ਕੇ' ਵਿਚ ਵੀ 'ਵਾਹਿਗੁਰੂ' ਨੂੰ ਸਤਿ ਜਾਣ ਕੇ ਜਪਣ ਦਾ ਉਪਦੇਸ਼ ਹੈ। ਤਰਕਵਾਦੀ ਬ੍ਰਿਤੀ ਨੂੰ ਤਿਲਾਂਜਲੀ ਦੇ ਕੇ ਹੰਸ ਬ੍ਰਿਤੀ ਨਾਲ

'ਵਾਹਿਗੁਰੂ' ਗੁਰ ਮੰਤਰ ਦਾ ਜਾਪ ਕੀਤਿਆਂ, ਗੁਰ ਸ਼ਬਦ ਦਾ ਪ੍ਰਕਾਸ਼, ਨਾਮ ਦਾ ਵਿਗਾਸ ਅਤੇ ਆਤਮਿਕ ਖੇੜਾ ਤੇ ਰੱਸ ਪ੍ਰਾਪਤ ਹੁੰਦਾ ਹੈ।

ਭਾ.ਸ. ਸੰਤੋਖ ਸਿੰਘ ਜੀ ਨੇ ਗੁਰੂ ਨਾਨਕ ਪ੍ਰਕਾਸ਼ ਦੇ ਉਤ੍ਰਾਰਧ ਅਧਯਾਯ 43 ਅਤੇ ਸੂਰਜ ਪ੍ਰਕਾਸ਼ ਦੀ ਰਾਸ 7 ਅੰਸੂ 3 ਵਿਚ 'ਵਾਹਿਗੁਰੂ' ਗੁਰਮੰਤ੍ਰ ਦੇ ਅਰਥਾਂ ਨੂੰ ਇਉਂ ਪ੍ਰਤਿਪਾਦਨ ਕੀਤਾ ਹੈ:-

'ਵਾਹਿ' ਨਾਮੁ ਅਚਰਜ ਕੋ ਹੋਈ।
ਅਚਰਜ ਤੇ ਪਰਿ ਉਕਤਿ ਨ ਕੋਈ।62।
'ਗੋ' ਤਮ ਨਾਮ ਅਗਯਾਨ ਅਨਿਤ।
'ਰੋ' ਪਰਕਾਸ਼ ਕਿਯੋ ਜਿਨ ਚਿੱਤ।... ।63।
'ਵਾਹਿ' ਨਾਮ ਅਚਰਜ ਪਰਿ ਜਾਨੋ
ਜਿਹ ਕੀ ਸਤਯਾ ਜਗ ਪ੍ਰਗਟਾਨੋ। ---
ਜਿਹ ਸੱਤਯ ਕੋ ਲਖਿਯਤ ਭਵ ਹੈ।
ਸੋ ਨਹਿ ਲਖੀ ਜਾਇ, ਅਨੁਭਵ ਹੈ।62।

ਜਿਵੇਂ ਸਹਸਕ੍ਰਿਤੀ ਸਲੋਕ ਮਹਲਾ ੫ ਵਿਚ "ਨ ਸੰਖੰ ਨ ਚਕ੍ਰੰ, ਨ ਗਦਾ ਨ ਸਿਆਮੰ॥ ਅਸ੍ਰਰਜ ਰੂਪੰ ਰਹੰਤ ਜਨਮੰ॥ ਨੇਤ ਨੇਤ ਕਥੰਤਿ ਬੇਦਾ॥ ਊਚਮੂਚ ਅਪਾਰ ਗੋਬਿੰਦਹ" (ਪੰਨਾ 1359) ਵਾਲਾ ਉਲੇਖ ਹੈ, ਹੂ-ਬ-ਹੂ 'ਵਾਹਿਗੁਰੂ' ਸ਼ਬਦ ਦੇ ਅਰਥ 'ਅਸਚਰਜ ਰੂਪ, ਪ੍ਰਕਾਸ਼ ਰੂਪ' ਹਨ।

ਗੁਰਮੰਤਰ ਦਾ ਮੂਲ ਸ਼ੁੱਧ ਸਰੂਪ 'ਵਾਹਿਗੁਰੂ' ਜਾਂ

'ਵਾਹਗੁਰੂ' ਬਾਰੇ ਮਹਿੰਦਰ ਸਿੰਘ ਸਰੂਰ ਮਲੇਸੀਆ ਵਾਲੇ ਨੇ 'ਵਾਹਿਗੁਰੂ' ਗੁਰ ਮੰਤਰ ਦੇ ਸ਼ਬਦ ਜੋੜਾਂ ਨੂੰ ਗ਼ਲਤ ਸਾਬਤ ਕਰਨ ਦੇ ਆਸ਼ੇ ਨਾਲ ਇਕ ਟ੍ਰੈਕਟ ਛਾਪਿਆ ਜਿਸ ਵਿਚ ਕੁਝ ਵਿਦਵਾਨਾਂ ਦੀਆਂ ਲਿਖਤਾਂ ਦੇ ਹਵਾਲੇ ਦੇ ਕੇ 'ਵਾਹਗੁਰੂ' ਸ਼ਬਦ ਸਰੂਪ ਨੂੰ ਸ਼ੁੱਧ ਸਿਧ ਕੀਤਾ ਹੈ। ਇਨ੍ਹਾਂ ਵਿਦਵਾਨਾਂ ਵਿਚੋਂ ਉਸ ਨੇ ਭਾ. ਗੁਰਦਾਸ ਜੀ, ਭਾ. ਮਨੀ ਸਿੰਘ ਜੀ, ਭਾਈ ਕਾਨ੍ਹ ਸਿੰਘ ਜੀ ਨਾਭਾ ਤੇ ਭਾ. ਸ. ਰਣਧੀਰ ਸਿੰਘ ਜੀ ਦਾ ਵੀ ਜ਼ਿਕਰ ਕੀਤਾ ਹੈ। ਇਸ ਪ੍ਰਭਾਵ ਹੇਠਾਂ "ਸਰਬ ਰੋਗ ਕਾ ਅਉਖਦੁ ਨਾਮੁ" ਦੇ ਮੁਖੀਆਂ ਨੇ ਇਸ ਖੋਜ ਨੂੰ ਅਪਨਾਉਣਾ ਆਰੰਭ ਦਿੱਤਾ ਸੀ ਪਰ ਸੰਗਤਾਂ ਵਲੋਂ 'ਵਾਹਗੁਰੂ' ਸ਼ਬਦ ਅਲਾਪਣ ਦਾ ਹੁੰਗਾਰਾ ਨਾ ਮਿਲਿਆ।

ਉਪ੍ਰੋਕਤ ਟ੍ਰੈਕਟ ਦਾ ਅਖੰਡ ਕੀਰਤਨੀ ਜਥੇ ਵਲੋਂ 'ਸੂਰਾ' ਮਾਸਕ ਪੱਤਰ ਜਨਵਰੀ 1980 ਵਿਚ ਡੱਟ ਕੇ ਵਿਰੋਧ ਕੀਤਾ ਗਿਆ ਸੀ ਕਿਉਂਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਕਈ ਹਥ ਲਿਖਤ ਚਿਠੀਆਂ ਵਿਚ 'ਵਾਹਿਗੁਰੂ' ਸਰੂਪ ਦਾ ਹੀ ਪ੍ਰਯੋਗ ਕੀਤਾ ਹੋਇਆ ਉਪਲਬਧ ਹੈ। ਜੁਲਾਈ 1978 ਵਿਚ 'ਸੂਰੇ' ਨੇ ਭਾਈ ਸਾਹਿਬ ਦੀ ਹਥ ਲਿਖਤ ਚਿਠੀ ਦਾ ਫੋਟੋ ਬਲਾਕ ਵੀ ਛਾਪਿਆ ਸੀ। ਭਾ.ਸ. ਦੀਆਂ ਦਰਜਨਾਂ ਪੁਸਤਕਾਂ ਵਿਚ ਇਕ ਵਾਰੀ ਨਹੀਂ ਅਨੇਕ ਵਾਰੀ 'ਵਾਹਿਗੁਰੂ' ਸ਼ਬਦ ਹੀ ਛਪਿਆ ਹੋਇਆ ਹੈ। ਹਾਂ, ਬਾਬੂ ਤੇਜਾ ਸਿੰਘ ਭਸੌੜ, ਗਿ. ਲਾਲ ਸਿੰਘ ਸੰਗਰੂਰ ਵਾਲਿਆਂ ਦੇ ਮੇਲੀ 'ਵਾਹਗੁਰੂ' ਸ਼ਬਦ ਉਚਾਰਦੇ ਸਨ। ਸਮਝ ਨਹੀਂ ਆਉਂਦੀ ਭਾ.ਸ. ਗੁਰਦਾਸ ਜੀ ਨੇ ਆਪਣੀਆਂ ਰਚਿਤ ਵਾਰਾਂ ਵਿਚ ੧੦

ਵਾਰੀ ਵਾਹਿਗੁਰੂ ਸਰੂਪ ਹੀ ਵਰਤਿਆ ਹੈ। (ਵੇਖੋ ਵਾਰ ੧(੪੯/੬), ੪(੧੭/੪), ੬(੫/੧), ੯(੧੩/੬), ੧੧(੩/੪, ੮/੮), ਆਦਿ ਆਦਿ)। ਪਰ ਚਾਲਾਕ ਲਿਖਾਰੀ ਅਜਿਹੀਆਂ ਕਈ ਪਉੜੀਆਂ ਬਾਰੇ ਕੋਈ ਗਲ ਕਰਨ ਦੀ ਬਜਾਏ ਅਸ਼ੁੱਧੀ ਦੀ ਜ਼ੁਮੇਵਾਰੀ ਲਿਖਾਰੀਆਂ ਅਤੇ ਪ੍ਰੈਸ ਵਾਲਿਆਂ ਦੇ ਮਥੇ ਮੜ੍ਹ ਦਿੰਦੇ ਹਨ। ਇਸ ਨਿਰਣੈ ਬਾਰੇ ਦਾਸ ਪਾਸ ਬਾਬੂ ਤੇਜਾ ਸਿੰਘ ਜੀ ਦਾ ਜਵਾਈ ਚੰਡੀਗੜ੍ਹ ਆਇਆ ਸੀ ਅਤੇ ਉਹ ਦਾਸਰੇ ਦੇ ਵੀਚਾਰ ਸੁਣ ਕੇ 'ਵਾਹਿਗੁਰੂ' ਮੰਤ੍ਰ ਨਾਲ ਸਹਿਮਤ ਹੋ ਗਿਆ ਸੀ।

ਭਾ.ਸ. ਸੰਤੋਖ ਸਿੰਘ ਜੀ ਨੇ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿਚ ਵਾਹਿਗੁਰੂ ਗੁਰਮੰਤਰ ਜਪਣ ਦੀ ਬਿਧੀ ਵੀ ਅੰਕਿਤ ਕੀਤੀ ਹੈ:-

**ਅੰਤਰ ਸ੍ਵਾਸ ਜਿ 'ਵਾਹਿ' ਮਿਲਾਵੈ।**
**ਨਿਕਸਤਿ ਵਹਿਰ ਤੇ 'ਗੁਰੂ' ਅਲਾਵੈ।**

# ਸੇਵਾ ਤੇ ਸਿਮਰਨ

ਗੁਰ ਕੀ ਸੇਵਾ ਪਾਏ ਮਾਨੁ ॥
ਗੁਰ ਊਪਰਿ ਸਦਾ ਕੁਰਬਾਨੁ॥ [ਪੰਨਾ ੮੬੪

ਸਿਖ ਧਰਮ ਵਿਚ ਗੁਰ-ਪਰਮੇਸ਼ਰ ਦੀ ਸੇਵਾ ਗੁਰਸਿਖੀ ਜੀਵਨ ਦਾ ਵਿਸ਼ੇਸ਼ ਅੰਗ ਹੈ। ਸਿਮਰਨ, ਸੇਵਾ ਅਤੇ ਭਗਤੀ, ਆਤਮਿਕ ਉਨਤੀ ਦੀਆਂ ਪਉੜੀਆਂ ਹਨ। ਇਹਨਾਂ ਤੋਂ ਸਖਣਾ ਜੀਵਨ ਨਿ-ਰੱਸਾ ਹੈ। ਮਨੁੱਖਾ ਦੇਹੀ ਪਾਈ ਤਾਂ ਹੀ ਸਫਲ ਹੈ ਜੇ ਸਤਿਗੁਰੂ ਦੀ ਸੇਵਾ ਕੀਤੀ ਜਾਏ। ਗੁਰਵਾਕ ਹਨ:-

੧- ਗੁਰ ਸੇਵਾ ਤੇ ਭਗਤਿ ਕਮਾਈ ॥
ਤਬ ਇਹ ਮਾਨਸ ਦੇਹੀ ਪਾਈ ॥[ਪੰਨਾ ੧੧੫੯

੨- ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥ [ਪੰਨਾ ੨੬

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਵਿਚ ਰਹਿ ਕੇ ਜਿਵੇਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੇਵਾ ਕੀਤੀ, ਉਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ੭੨ ਸਾਲ ਦੀ ਬ੍ਰਿਧ ਆਯੂ ਵਿਚ ਬਿਆਸਾ ਵਿਚੋਂ ਰੋਜ਼ ਅੰਮ੍ਰਿਤ ਵੇਲੇ ਜਲ ਲਿਆ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਂਦੇ ਰਹੇ, ਲੰਗਰ ਦੀ ਅਤੁੱਟ ਸੇਵਾ ਕਰਕੇ

ਫਿਰ ਸ਼ਰਧਾ ਤੇ ਚਾਉ ਨਾਲ ਅਜਿਹੀ ਮੰਗ ਹੀ ਮੰਗਦੇ ਰਹੇ:-

**ਹਰਿ ਤੇਰੀ ਵਡੀ ਕਾਰ, ਮੈ ਮੂਰਖ ਲਾਈਐ ॥**
**ਹਉ ਗੋਲਾ ਲਾਲਾ ਤੁਧੁ, ਮੈ ਹੁਕਮੁ ਫੁਰਮਾਈਐ ॥**
**ਹਉ ਗੁਰਮੁਖਿ ਕਾਰ ਕਮਾਵਾ,**
**ਜਿ ਗੁਰਿ ਸਮਝਾਈਐ ॥੨॥** [ਪੰਨਾ ੬੪੩

ਸੇਵਾ ਕਰਨ ਨਾਲ ਮਨ ਵਿਚ ਨਿਮਰਤਾ ਆਉਂਦੀ ਹੈ, ਹੰਗਤਾ ਵਾਲੀ ਮੈਲ ਦੂਰ ਹੋ ਜਾਂਦੀ ਤੇ ਹਿਰਦੇ ਵਿਚ ਨਿਰਮਲਤਾ ਆ ਜਾਂਦੀ ਹੈ। ਸੇਵਾ ਦੀ ਸਫਲਤਾ ਜਾਂ ਅਸਫਲਤਾ ਦਾ ਪੈਮਾਨਾ ਮਨੁੱਖ ਪਾਸ ਨਹੀਂ, ਸਤਿਗੁਰਾਂ ਪਾਸ ਹੈ। ਸੇਵਾ ਕਰਨ ਨਾਲ ਜੀਵ ਆਪਣੇ ਵਲੋਂ ਭਾਵੇਂ ਕੋਈ ਕਸਰ ਨਾ ਰਹਿਣ ਦੇਵੇ ਪਰ ਪਰਖ ਦੀ ਕਸਵੱਟੀ ਉਹ ਆਪ ਨਹੀਂ ਬਣ ਸਕਦਾ। ਸਿਖ ਨੂੰ ਸਦਾ ਚਿਤ ਲਾ ਕੇ ਸੇਵਾ ਕਰਨੀ ਹੀ ਸੋਭਦੀ ਹੈ। ਜੇ ਉਹ ਸੇਵਾ ਸਤਿਗੁਰੂ ਜੀ ਦੀ ਨਜ਼ਰ ਵਿਚ ਪਰਵਾਨ ਹੋ ਗਈ ਤਾਂ ਉਹ ਸਫਲ ਹੈ, ਵਰਨਾ ਜਗਿਆਸੂ ਇਹ ਸਮਝੇ ਕਿ ਅਜੇ ਉਸ ਦੀ ਕਰਨੀ ਵਿਚ ਕਮੀ ਹੈ। ਸੇਵਾ ਬਾਰੇ ਇਹ ਆਦੇਸ਼ ਹੈ:-

**ਪਵਹੁ ਚਰਣਾ ਤਲਿ ਊਪਰਿ ਆਵਹੁ,**
**ਐਸੀ ਸੇਵ ਕਮਾਵਹੁ ॥**
**ਆਪਸ ਤੇ ਊਪਰਿ ਸਭ ਜਾਣਹੁ,**
**ਤਉ ਦਰਗਹ ਸੁਖੁ ਪਾਵਹੁ ॥** [ਪੰਨਾ ੮੬੩

ਗੁਰੂ ਵਿਅਕਤੀਆਂ ਨੇ ਸੇਵਾ ਦੀ ਸਿਖਿਆ ਦੇਣ ਤੋਂ ਪਹਿਲਾਂ ਆਪ ਸੰਗਤਾਂ ਦੀ ਸੇਵਾ ਕਰਨ ਦਾ ਨਮੂਨਾ ਬਣ ਕੇ

ਵਿਖਾਇਆ। ਇਕ ਵਾਰੀ ਪਿਸ਼ਾਵਰ ਦੀ ਸੰਗਤ ਨੇ ਲਾਹੌਰ ਤੋਂ ਚਾਲੇ ਪਾਏ ਅਤੇ ਰਸਤੇ ਵਿਚ ਕੋਈ ਪੜਾਅ ਨਾ ਕਰਨ ਦਾ ਮਤਾ ਪਕਾਇਆ। ਅੰਤਰਜਾਮੀ ਸਤਿਗੁਰੂ ਅਰਜਨ ਦੇਵ ਜੀ ਨੇ ਆਪਣੇ ਮਹਿਲਾਂ ਸਮੇਤ ਪਿਪਲੀ ਸਾਹਿਬ ਪੁਜ ਕੇ ਕੜਾਹ ਪ੍ਰਸ਼ਾਦ ਭੇਟਾ ਕੀਤਾ। ਪੱਖਾ ਝਲਣ ਦੀ ਸੇਵਾ ਕਰਨ ਮਗਰੋਂ ਜਦੋਂ ਥਕੀਆਂ ਹੋਈਆਂ ਸੰਗਤਾਂ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਵਿਚ ਆਰਾਮ ਕਰਨ ਲਈ ਲੇਟ ਗਈਆਂ ਤਾਂ ਇਥੇ ਵੀ ਆਪ ਗੁਰਸਿਖ ਪ੍ਰਾਹੁਣਿਆਂ ਦੀ ਮੁੱਠੀ ਚਾਪੀ ਕਰਨ ਵਿਚ ਰੁਝੇ ਰਹੇ। ਸ੍ਰੀ ਹਰਿਮੰਦਰ ਸਾਹਿਬ ਵਿਚ ਦੀਵਾਨ ਸਜ ਗਿਆ। ਗੁਰੂ ਸਾਹਿਬ ਜੀ ਨੂੰ ਉਡੀਕ ਉਡੀਕ ਕੇ ਬਾਬਾ ਬੁਢਾ ਜੀ, ਭਾਈ ਗੁਰਦਾਸ ਜੀ ਆਦਿਕ ਸਿਖ ਜਦ ਬਾਹਰ ਨਿਕਲੇ ਤਾਂ ਸੇਵਾ ਤੇ ਸ਼ਾਤੀ ਦੇ ਪੁੰਜ ਸਤਿਗੁਰੂ ਇਕ ਬਿਰਧ ਬਾਬੇ ਦੇ ਪੈਰ ਘੁਟ ਰਹੇ ਸਨ। ਭਾਈ ਗੁਰਦਾਸ ਜੀ ਨੇ ਬੇਨਤੀ ਕੀਤੀ- ਸਤਿਗੁਰੂ ਜੀ! ਸੰਗਤਾਂ ਆਪ ਜੀ ਦੇ ਦਰਸ਼ਨ ਲਈ ਬੇਹਾਲ ਹੋ ਰਹੀਆਂ ਹਨ। ਜਦ ਇਹੋ ਆਵਾਜ਼ ਉਸ ਬਿਰਧ ਬਾਬੇ ਨੇ ਸੁਣੀ ਤਾਂ ਤ੍ਰਬਕ ਕੇ ਉਠਿਆ ਅਤੇ ਜ਼ਾਰ ਜ਼ਾਰ ਰੋਂਦਾ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਇਹ ਦ੍ਰਿਸ਼ ਵੀ ਅਨੋਖਾ ਸੀ। ਭਾਈ ਗੁਰਦਾਸ ਜੀ ਨੇ ਕਿਹਾ ਮਹਾਰਾਜ! ਪਛਤਾਵੇ ਦੇ ਕਾਰਨ ਬ੍ਰਿਧ ਬਾਬੇ ਦੀਆਂ ਅੱਖਾਂ ਚੋਂ ਜਲ ਵਗਣਾ ਵਾਜਬ ਹੈ ਪਰ ਆਪ ਜੀ ਦੇ ਨੇਤਰਾਂ ਚੋਂ ਜਲ ਕਿਉਂ ਵਗ ਰਿਹਾ ਹੈ? ਸਤਿਗੁਰਾਂ ਨੇ ਫੁਰਮਾਇਆ - ਭਾਈ ਸਾਹਿਬ! ਤੁਸੀਂ ਆਪ ਤਾਂ ਸੇਵਾ ਕਰਦੇ ਥਕਦੇ ਨਹੀਂ, ਮੈਨੂੰ ਗੁਰਸਿਖਾਂ ਦੀ ਸੇਵਾ ਤੋਂ ਤੁਸੀਂ ਰੋਕਦੇ ਰਹਿੰਦੇ ਹੋ। ਬਸ ਇਹ ਹਨ

ਪੂਰਨ ਗੁਰਦੇਵ ਜੀ ਦੇ ਲਛਣ ਤੇ ਪੂਰਨੇ ਜਿਨ੍ਹਾਂ ਦੇ ਪੈਰ ਚਿੰਨਾਂ ਤੇ ਚਲ ਕੇ ਅਸਾਂ ਆਪਣਾ ਜੀਵਨ ਸੰਵਾਰਨਾ ਹੈ:-

**ਪਾਣੀ ਪਖਾ ਪੀਸੁ ਦਾਸ ਕੈ, ਤਬ ਹੋਹਿ ਨਿਹਾਲੁ ॥**
**ਰਾਜ ਮਿਲਖ ਸਿਕਦਾਰੀਆ,**
**ਅਗਨੀ ਮਹਿ ਜਾਲੁ ॥** [ਪੰਨਾ ੮੧੧

ਗੁਰ-ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵੇਰ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਸਿਖ ਨੂੰ ਕਿਹਾ ਬੇਟਾ! ਜਲ ਦਾ ਕਟੋਰਾ ਭਰ ਕੇ ਲਿਆਓ ਤੇ ਛਕਾਉ। ਉਹ ਜਲ ਦਾ ਕਟੋਰਾ ਭਰ ਕੇ ਲੈ ਆਇਆ। ਕੁਦਰਤ ਦੀ ਨੇਤ, ਗੁਰੂ ਸਾਹਿਬ ਜੀ ਦੀ ਨਿਗਾਹ ਉਸ ਦੇ ਕੋਮਲ ਹੱਥਾਂ ਵਲ ਗਈ ਤਾਂ ਗੁਰੂ ਸਾਹਿਬ ਨੇ ਪੁਛਿਆ, 'ਭਾਈ! ਤੇਰੇ ਹਥ ਇਤਨੇ ਕੋਮਲ ਕਿਉਂ ਹਨ? ਲੜਕੇ ਨੇ ਕਿਹਾ ਸੱਚੇ ਪਾਤਿਸ਼ਾਹ ਜੀ! ਮੈਂ ਇਨ੍ਹਾਂ ਹੱਥਾਂ ਨਾਲ ਕਦੇ ਕੋਈ ਕੰਮ ਨਹੀਂ ਕੀਤਾ, ਤੁਹਾਡੇ ਲਈ ਜਲ ਲਿਆਇਆ ਹਾਂ। ਸਤਿਗੁਰਾਂ ਨੇ ਉਹ ਕਟੋਰਾ ਜੋ ਪਾਣੀ ਦਾ ਭਰਿਆ ਹੋਇਆ ਸੀ, ਡੋਲ੍ਹ ਦਿੱਤਾ ਅਤੇ ਉਸ ਨੂੰ ਸਮਝਾਇਆ:-

**ਸੁਨ ਸਿੱਖ ਗੁਰੁਮਤਿ ਇਹ ਸਾਰ ॥**
**ਸਤਿ ਸੰਗਤ ਕੀ ਸੇਵ ਉਦਾਰ ॥**
**ਹਾਥ ਪਵਿਤ੍ਰ ਟਹਿਲ ਤੇ ਜਾਨਹੁ॥**
**ਪਦ ਪਵਿਤ੍ਰ ਗੁਰੁਦਰਸ ਪਯਾਨਹੁ ॥**
**ਜਿਮ ਮੁਰਦੇ ਕੋ ਅੰਗ ਅਪਾਵਨ॥**
**ਸੁਕਚਿਤ ਸਭ ਨਹਿੰ ਕਰਹਿੰ ਛੁਹਾਵਨ॥**

ਬਿਨਾ ਸੇਵ ਸਤਿਸੰਗਤ ਕੇਰੀ॥
ਦੇਹ ਅਪਾਵਨ ਤਿਮ ਨਰ ਕੇਰੀ॥

[ਗੁਰ ਪ੍ਰਤਾਪ ਸੂਰਜ ਰਾਸ ੩੪, ਅੰਸੂ ੭

ਸੇਵਾ ਕਈ ਪ੍ਰਕਾਰ ਦੀ ਹੈ। ਗੁਰੂ ਦੀ ਆਗਿਆ ਅਨੁਸਾਰ ਜਲ ਢੋਣਾ, ਪੱਖਾ ਝਲਣਾ, ਝਾੜੂ ਫੇਰਨਾ, ਗਰੀਬਾਂ ਅਨਾਥਾਂ ਵਿਚ ਉਸ ਪ੍ਰਭੂ ਦੀ ਜੋਤਿ ਵੇਖ ਕੇ ਉਨ੍ਹਾਂ ਦੀ ਸੇਵਾ ਕਰਨੀ ਆਦਿ। ਸਰੀਰ ਦੇ ਸਾਰੇ ਅੰਗ ਸੇਵਾ ਕਰਕੇ ਹੀ ਸਫਲ ਹਨ। ਭਾ. ਸ. ਗੁਰਦਾਸ ਜੀ ਲਿਖਦੇ ਹਨ:-

੧- ਚਿਰੰਕਾਲ ਮਾਨਸ ਜਨਮ ਨਿਰਮੋਲ ਪਾਏ,
ਸਫਲ ਜਨਮ ਗੁਰ ਚਰਨ ਸਰਨ ਕੈ ॥
ਲੋਚਨ ਅਮੋਲ ਗੁਰ ਦਰਸ ਅਮੋਲ ਦੇਖੇ,
ਸ੍ਰਵਨ ਅਮੋਲ ਗੁਰ ਬਚਨ ਧਰਨ ਕੈ ॥
ਨਾਸਕਾ ਅਮੋਲ ਚਰਨਾਰਬਿੰਦ ਬਾਸਨਾ ਕੈ,
ਰਸਨਾ ਅਮੋਲ ਗੁਰਮੰਤ੍ਰ ਸਿਮਰਨ ਕੈ ॥
ਹਸਤ ਅਮੋਲ ਗੁਰਦੇਵ ਸੇਵ ਕੈ ਸਫਲ,
ਚਰਨ ਅਮੋਲ ਪਰਦਛਨਾ ਕਰਨ ਕੈ॥

[ਕਬਿਤ ਨੰ: ੧੭

੨- ਵਿਣੁ ਸੇਵਾ ਧ੍ਰਿਗੁ ਹਥ ਪੈਰ,
ਹੋਰ ਨਿਹਫਲ ਕਰਣੀ ॥ [ਵਾਰ ੨੭(੧੦/੪)

ਵੇਖੋ ਗੁਰੂ ਰਾਮਦਾਸ ਸਾਹਿਬ ਨਿਹਕਪਟ ਹੋ ਕੇ ਸੇਵਾ

ਕਰਨ ਲਈ ਮਨ ਨੂੰ ਕਿਵੇਂ ਪ੍ਰੇਰਦੇ ਹਨ:-

**ਨਿਹਕਪਟ ਸੇਵਾ ਕੀਜੈ ਹਰਿ ਕੇਰੀ**
**ਤਾਂ ਮੇਰੇ ਮਨ ਸਰਬ ਸੁਖ ਪਾਈਐ ॥** [ਪੰਨਾ ੮੬੧

ਸੇਵਾ ਦੋ ਪ੍ਰਕਾਰ ਦੀਆਂ ਹਨ- ਇਕ ਸਕਾਮ, ਦੂਜੀ ਨਿਸ਼ਕਾਮ। ਦੋਹਾਂ ਸੇਵਾਂਵਾਂ ਦਾ ਆਪੋ ਆਪਣਾ ਸਥਾਨ ਹੈ। ਸਕਾਮੀ ਦੀ ਇਛਾ ਵੀ ਪੂਰੀ ਹੋ ਜਾਂਦੀ ਹੈ। ਜਿਹੜਾ ਨਿਹਕਾਮੀ ਹੁੰਦਾ ਹੈ ਉਹ ਮੁਕਤਿ-ਪਦ ਨੂੰ ਪ੍ਰਾਪਤ ਹੁੰਦਾ ਹੈ। ਗੁਰ ਸੇਵਾ ਬਾਰੇ ਜੇ ਇਤਿਹਾਸਕ ਘਟਨਾਵਾਂ ਦਾ ਵਿਸਥਾਰ ਸਹਿਤ ਵਰਨਣ ਕੀਤਾ ਜਾਏ ਤਾਂ ਬਹੁਤ ਵੱਡੇ ਆਕਾਰ ਵਾਲੀ ਪੁਸਤਕ ਬਣ ਸਕਦੀ ਹੈ ਪਰ ਇਥੇ ਗੁਰਬਾਣੀ ਚੋਂ ਕੁਝ ਪ੍ਰਮਾਣ ਪਾਠਕਾਂ ਦੀ ਦ੍ਰਿਸ਼ਟ ਗੋਚਰ ਕੀਤੇ ਜਾਂਦੇ ਹਨ:-

੧- **ਸਤਿਗੁਰ ਕੀ ਸੇਵਾ ਸਫਲ ਹੈ**
**ਜੇ ਕੋ ਕਰੇ ਚਿਤੁ ਲਾਇ ॥** [ਪੰਨਾ ੫੫੨, ੬੪੪

੨- **ਸਤਿਗੁਰ ਕੀ ਸੇਵਾ ਨਿਰਮਲੀ**
**ਨਿਰਮਲ ਜਨੁ ਹੋਇ ਸੁ ਸੇਵਾ ਘਾਲੇ॥**[ਪੰਨਾ ੩੦੪

੩- **ਗੁਰ ਸੇਵਾ ਤੇ ਲਹੈ ਪਦਾਰਥੁ॥**
**ਹਿਰਦੈ ਨਾਮੁ ਸਦਾ ਕਿਰਤਾਰਥੁ ॥** [ਪੰਨਾ ੮੩੨

੪- **ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ॥**[ਪੰਨਾ ੪੨੩

੫- **ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥** [ਪੰਨਾ ੪੨੩

੬- **ਗੁਰ ਸੇਵਾ ਤੇ ਸੁਖੁ ਊਪਜੈ॥**
**ਫਿਰਿ ਦੁਖੁ ਨ ਲਗੈ ਆਇ॥**
**ਜੰਮਣੁ ਮਰਣਾ ਮਿਟਿ ਗਇਆ,**

ਕਾਲੈ ਕਾ ਕਿਛੁ ਨ ਬਸਾਇ ॥ [ਪੰਨਾ ੬੫੧

ਜੋ ਮਨ ਨੀਵਾਂ ਹੋਵੇ, ਉਹ ਨਿਰਮਲ ਹੁੰਦਾ ਹੈ, ਉਸ ਵਿਚ ਗੁਰੂ ਦਾ ਗਿਆਨ ਪ੍ਰਵੇਸ਼ ਕਰਦਾ ਹੈ, ਉਸੇ ਦਾ ਵਾਹਿਗੁਰੂ ਜੀ ਦੇ ਚਰਨਾ ਨਾਲ ਪ੍ਰੇਮ ਲਗਦਾ ਹੈ। ਉਸ ਦੇ ਮਨ ਵਿਚ ਇਹ ਭਾਵਨਾ ਪ੍ਰਪੱਕ ਹੁੰਦੀ ਹੈ:-

੧- ਪਖਾ ਫੇਰੀ ਪਾਣੀ ਢੋਵਾ,
ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥[ਪੰਨਾ ੭੪੯

੨- ਮੈ ਬਧੀ ਸਚੁ ਧਰਮਸਾਲ ਹੈ॥
ਗੁਰਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾ ਪਖਾ ਫੇਰਦਾ,
ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥ [ਪੰਨਾ ੭੩

ਭਾਈ ਸਾਹਿਬ ਗੁਰਦਾਸ ਜੀ ਜੋ ਸਿੱਖ ਧਰਮ ਦੇ ਧੁਰੰਧਰ ਵਿਦਵਾਨ ਹਨ, ਸੇਵਾ ਬਾਰੇ ਬਹੁਤ ਸੁੰਦਰ ਸੇਧ ਦਿੰਦੇ ਹਨ:-

ਪੈਰੀਂ ਪੈ ਪਾਖਾਕ ਹੋਇ ਛਡਿ ਮਣੀ ਮਨੂਰੀ ॥
ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ ॥
ਤਪੜ ਝਾੜਿ ਵਿਛਾਇੰਦਾ ਚੁਲਿ ਝੋਕਿਨਿ ਝੂਰੀ ॥
ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ॥
ਚੰਦਨੁ ਹੋਵੇ ਸਿੰਮਲਹੁ ਫਲੁ ਵਾਸੁ ਹਜੂਰੀ ॥
ਪੀਰ ਮੁਰੀਦਾ ਪਿਰਹੜੀ ਗੁਰਮੁਖਿ ਮਤਿ ਪੂਰੀ ॥
[ਵਾਰ ੨੭-੧੯

ਗੁਰੂ, ਸੰਗਤ ਵਿਚ ਓਤਿ ਪੋਤਿ ਹੈ। ਇਸ ਲਈ ਸੰਗਤਿ

ਦੀ ਸੇਵਾ ਗੁਰੂ ਦੀ ਅਸਲੀ ਸੇਵਾ ਹੈ:-

ੴ- ਗੁਰਸਿਖੀ ਦਾ ਸਿਖਣਾ

ਗੁਰਮੁਖ ਸਾਧ ਸੰਗਤ ਦੀ ਸੇਵਾ ॥ [ਵਾਰ ੨੮-੪

੨- ਸੇਵਾ ਕਰਤ ਹੋਇ ਨਿਹਕਾਮੀ ॥

ਤਿਸੁ ਕਉ ਹੋਤ ਪਰਾਪਤਿ ਸੁਆਮੀ॥ [ਪੰ. ੨੮੬-੮੭

ਗੁਰੂ ਸਾਹਿਬਾਨ ਆਪ ਆਪਣੇ ਜੀਵਨ ਕਾਲ ਵਿਚ ਆਪਣੀ ਹੱਥੀਂ ਸਾਧਸੰਗਤ ਦੀ ਸੇਵਾ ਕਰਦੇ ਰਹੇ।

ਮਨੁੱਖਤਾ ਦੀ ਸੇਵਾ ਸਿਖਣੀ ਹੋਵੇ ਤਾਂ ਭਾਈ ਘਨਈਆ ਜੀ ਦੇ ਦਰਸ਼ਨ ਕਰੋ ਕਿ ਕਿਵੇਂ ਸਿੱਖਾਂ ਨੇ ਕਲਗੀਧਰ ਜੀ ਪਾਸ ਸ਼ਿਕਾਇਤ ਕੀਤੀ, ਸੱਚੇ ਪਾਤਿਸ਼ਾਹ ਜੀ! ਭਾਈ ਘਨਈਆ ਦੁਸ਼ਮਨ ਨੂੰ ਪਾਣੀ ਪਿਲਾਂਦਾ ਹੈ। ਪਰ ਜਦੋਂ ਭਾਈ ਘਨਈਆ ਜੀ ਸਤਿਗੁਰਾਂ ਦੇ ਸਨਮੁਖ ਪੇਸ਼ ਹੋਇਆ ਤਾਂ ਉਸ ਨੇ ਆਖਿਆ, ਸੱਚੇ ਪਾਤਿਸ਼ਾਹ ਜੀ! ਮੈਂ ਦੁਸ਼ਮਨ ਸਮਝ ਕੇ ਕਿਸੇ ਨੂੰ ਪਾਣੀ ਨਹੀਂ ਪਿਲਾਂਦਾ, ਮੈਨੂੰ ਤਾਂ ਸਭ ਵਿਚ ਆਪ ਦਾ ਰੂਪ ਹੀ ਦਿਸਦਾ ਹੈ। ਮੈਂ ਆਪ ਜੀ ਨੂੰ ਪਾਣੀ ਪਿਲਾਂਦਾ ਹਾਂ।

ਆਮ ਤੌਰ ਤੇ ਇਹ ਕਹਿਆ ਜਾਂਦਾ ਹੈ ਕਿ ਤਨ, ਮਨ, ਧਨ ਕਰਕੇ ਸੇਵਾ ਕੀਤੀ ਜਾਵੇ। ਤਨ, ਮਨ ਤੇ ਧਨ ਜੀਵਨ ਦਾ ਆਸਰਾ ਬਣਾਂਦੇ ਹਨ, ਜਿਨ੍ਹਾਂ ਦੇ ਬਲ ਬੋਤੇ ਮਨੁੱਖੀ ਵਿਅਕਤਿਤ੍ਵ ਉਸਰਦਾ ਹੈ। ਮਨ ਦੀਆਂ ਚੰਗੀਆਂ ਰੁਚੀਆਂ ਸਮਾਜ ਸਿਰਜਨਾ ਲਈ ਉਸਾਰੂ ਰੋਲ ਅਦਾਅ ਕਰਦੀਆਂ ਹਨ ਅਤੇ ਸਰੀਰ ਨੂੰ ਸੇਵਾ ਵਿਚ ਲਾਈ ਰਖੰਦੀਆਂ ਹਨ। ਧਨ ਦੀ ਯੋਗ ਵਰਤੋਂ ਲਈ

ਪ੍ਰੇਰਦੀਆਂ ਹਨ। ਜਿਸ ਮਨ ਵਿਚ ਹਉਮੈ ਮੌਜੂਦ ਹੈ ਉਥੋਂ ਨਾਮ ਦਾ ਬੀਜ ਫੁੱਟਣ ਦੀ ਆਸ ਰਖਣਾ ਵਿਅਰਥ ਹੈ। ਸੇਵਾ ਵਿਚ ਵੈਰੀ ਮਿੱਤਰ ਇਕ ਸਮਾਨ ਹੁੰਦੇ ਹਨ "ਸਭ ਕੋ ਮੀਤ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ" ਵਾਲਾ ਦ੍ਰਿਸ਼ਟੀਕੋਨ ਜੀਵਨ-ਪ੍ਰਗਤੀ ਦਾ ਪ੍ਰਤੀਕ ਹੈ।

ਸੇਵਾ ਵਿਚ ਸੌਦੇਬਾਜ਼ੀ ਨਹੀਂ ਹੋਣੀ ਚਾਹੀਦੀ ਜਿਵੇਂ ਕਿ ਜਗਿਆਸੂ ਆਪਣੇ ਮਨ ਦੀਆਂ ਖਾਹਿਸ਼ਾਂ ਦੀ ਪੂਰਤੀ ਹਿਤ ਸੁਖਣਾ ਸੁਖਦਾ ਹੈ, ਸੁਖਣਾ ਪੂਰੀ ਹੋਈ ਤੇ ਸੇਵਾ ਮੁੱਕ ਗਈ। ਸੇਵਾ ਤਾਂ ਆਤਮ ਚਾਉ ਨਾਲ ਕਰਨੀ ਬਣਦੀ ਹੈ ਕਿਉਂਕਿ ਚਾਉ ਤੋਂ ਬਿਨਾ ਨਿਸ਼ਕਾਮ ਸੇਵਾ ਹੋ ਹੀ ਨਹੀਂ ਸਕਦੀ। ਅਸਲ ਵਿਚ ਸਿਮਰਨ ਤੇ ਸੇਵਾ ਸਾਈਂ ਦੀ ਨਦਰਿ ਵਾਲਾ ਸੌਦਾ ਹੈ:-

**ਨਦਰਿ ਕਰੇ ਤਾ ਸਿਮਰਿਆ ਜਾਇ ॥**
**ਆਤਮਾ ਦ੍ਰਵੈ ਰਹੈ ਲਿਵ ਲਾਇ ॥** [ਪੰਨਾ ੬੬੧

ਕਿਸੇ ਭੁੱਖੇ ਮਨੁੱਖ ਨੂੰ ਇਕ ਦਿਨ ਭੋਜਨ ਛਕਾਉਣ ਨਾਲੋਂ ਉਸ ਨੂੰ ਰੋਜ਼ਗਾਰ ਤੇ ਲਾਉਣਾ ਉਚੀ ਸੇਵਾ ਹੈ। ਇਸੇ ਤਰ੍ਹਾਂ ਕਿਸੇ ਨੂੰ ਕੋਈ ਹੋਰ ਸੁਖ ਪਹੁੰਚਾਣ ਨਾਲ ਗੁਰਮਤਿ ਅਨੁਸਾਰ 'ਸਤਿਨਾਮੁ ਵਾਹਿਗੁਰੂ' ਦੇ ਸਿਮਰਨ ਵਲ ਲਾਉਣਾ ਸਭ ਤੋਂ ਉਤਮ ਸੇਵਾ ਹੈ। ਸੇਵਾ ਦਾ ਪ੍ਰਯੋਜਨ ਆਪਣਾ ਆਪ ਸਮਰਪਿਤ ਕਰਨਾ ਹੁੰਦਾ ਹੈ:-

**ਸੰਤਨ ਕੀ ਸਰਣਾਈ ਪੜਿਆ ॥**
**ਜੀਉ ਪ੍ਰਾਣ ਧਨੁ ਆਗੈ ਧਰਿਆ ॥**
**ਸੇਵਾ ਸੁਰਤਿ ਨ ਜਾਣਾ ਕਾਈ**

ਤੁਮ ਕਰਹੁ ਦਇਆ ਕਿਰਮਾਇਣਾ॥ [ਪੰਨਾ ੧੦੭੮

ਇਸ ਤੋਂ ਉਪਰ ਜੋ ਸੇਵਾ ਦੀ ਸਿਖਰ ਹੈ, ਉਹ ਹੈ:-

ਸੇਵਾ ਕਰੀ ਜੇ ਕਿਛੁ ਹੋਵੈ ਅਪਣਾ
ਜੀਉ ਪਿੰਡੁ ਤੁਮਾਰਾ ॥ [ਪੰਨਾ ੬੩੫

ਸੋ, ਸੇਵਾ ਅਜਿਹਾ ਉਚਾ ਆਚਰਣ ਉਸਾਰਨ ਵਿਚ ਸਹਾਇਕ ਹੁੰਦੀ ਹੈ। ਸਾਰੀ ਸੇਵਾ ਦੇ ਸਾਰੇ ਕਾਰਨਾਮੇ ਕਲਮ ਦੀ ਰੇਖਾ ਤੋਂ ਬਾਹਰ ਹਨ।

ਗੁਰਸਿਖਾਂ ਨੂੰ ਗੁਰੂ ਸਾਹਿਬ ਨੇ 'ਅਬੇ ਤਬੇ ਕੀ ਚਾਕਰੀ' ਕਰਨੀ ਨਹੀਂ ਸਿਖਾਈ। ਨਾਮ ਤੋਂ ਭੁਲੇ ਹੋਏ, ਮਾਇਆ-ਮੋਹ ਵਿਚ ਫਸੇ ਹੋਏ ਜੀਵ ਮਾਤਾ-ਪਿਤਾ, ਸਾਕ-ਸਬੰਧੀਆਂ, ਰਾਜਸੀ ਜਾਂ ਹੋਰ ਅਖਉਤੀ ਧਾਰਮਿਕ ਆਗੂਆਂ ਦੀ ਸੇਵਾ ਕਰਨ ਵਿਚ ਬੜਾ ਫ਼ਖਰ ਸਮਝਦੇ ਹਨ ਪਰ ਉਨ੍ਹਾਂ ਦਾ ਹੇਠ ਲਿਖੇ ਗੁਰਵਾਕਾਂ ਵਲ ਧਿਆਨ ਕਦੇ ਨਹੀਂ ਗਿਆ:-

੧- ਹਰਿ ਕੀ ਤੁਮ ਸੇਵਾ ਕਰਹੁ,
ਦੂਜੀ ਸੇਵਾ ਕਰਹੁ ਨ ਕੋਇ ਜੀ॥
ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ,
ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ॥ [ਪੰਨਾ ੪੯੦

੨- ਦੂਜੀ ਸੇਵਾ ਜੀਵਨੁ ਬਿਰਥਾ ॥
ਕਛੂ ਨ ਹੋਈ ਹੈ ਪੂਰਨ ਅਰਥਾ ॥
ਮਾਣਸ ਸੇਵਾ ਖਰੀ ਦੁਹੇਲੀ ॥
ਸਾਧ ਕੀ ਸੇਵਾ ਸਦਾ ਸੁਹੇਲੀ ॥ [ਪੰਨਾ ੧੧੮੨

ਸਾਧ ਉਹ ਨਹੀਂ ਜਿਸ ਨੇ ਸਾਧਾਂ ਵਾਲਾ ਬਾਣਾ ਪਾਇਆ ਹੋਵੇ, ਸਾਧ ਦੀ ਪਰਿਭਾਸ਼ਾ ਇਹ ਹੈ:-

**ਸਾਧ ਨਾਮੁ ਨਿਰਮਲ ਤਾ ਕੈ ਕਰਮ ॥ [ਪੰਨਾ ੨੯੬**

ਅਸਲ ਸਾਧੂ ਸਤਿਗੁਰੂ ਹੈ ਜਿਸ ਦੀ ਸੇਵਾ ਕੀਤਿਆਂ ਪਾਪਾਂ ਪੁੰਨਾ ਵਾਲੇ ਕਰਮਾਂ ਦੇ ਲੇਖੇ ਤੋਂ ਛੁਟਕਾਰਾ ਹੋ ਜਾਂਦਾ ਹੈ:-

**ਜਿਸ ਕੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ,**
**ਸਾ ਸੇਵਾ ਅਉਖੀ ਹੋਈ ॥**
**ਨਾਨਕ, ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ,**
**ਫਿਰਿ ਲੇਖਾ ਮੰਗੈ ਨ ਕੋਈ ॥ [ਪੰਨਾ ੩੦੬**

ਕਲਗੀਧਰ ਪਿਤਾ ਜੀ ਨੇ ਸੇਵਾ ਲਈ ਜੋ ਪ੍ਰੇਰਨਾ ਦਿਤੀ ਹੈ, ਉਸ ਨੂੰ ਜੀਵਨ ਵਿਚ ਪ੍ਰਵੇਸ਼ ਕਰਾਉਣ ਦੀ ਲੋੜ ਹੈ:-

**ਸੇਵ ਕਰੀ ਇਨਹੀ ਕੀ ਭਾਵਤ,**
**ਅਉਰ ਕੀ ਸੇਵ ਸੁਹਾਤ ਨ ਜੀ ਕੋ॥**
**ਦਾਨ ਦਯੋ ਇਨ ਹੀ ਕੋ ਭਲੋ,**
**ਅਰੁ ਆਨ ਕੋ ਦਾਨ ਨ ਲਾਗਤ ਨੀਕੋ ॥**
**ਆਗੈ ਫਲੈ ਇਨਹੀ ਕੋ ਦਯੋ,**
**ਜਗ ਮੈ ਜਸੁ, ਅਉਰ ਦਯੋ ਸਭ ਫੀਕੋ ॥**
**ਮੋ ਗ੍ਰਹਿ ਮੈ ਤਨ ਤੇ ਮਨ ਤੇ, ਸਿਰ ਲਉ,**
**ਧਨ ਹੈ ਸਭ ਹੀ ਇਨ ਹੀ ਕੋ ॥**

[ਗਿਆਨ ਪ੍ਰਬੋਧ ਪਾ : ੧੦

ਤੱਤ ਇਹ ਹੈ ਕਿ ਪਰਮਾਰਥ ਦਾ ਆਰੰਭ ਹੀ ਗੁਰੂ ਦੀ

ਸੇਵਾ ਤੋਂ ਹੁੰਦਾ ਹੈ। ਜੀਭ ਨਾਲ ਨਾਮ ਜਪਣਾ, ਮਨ ਨਾਲ ਸਿਮਰਨ ਕਰਨਾ, ਵਾਹਿਗੁਰੂ ਜੀ ਦੀ ਸੇਵਾ ਹੈ। ਸਰਬਤ ਦਾ ਭਲਾ ਕਰਨਾ ਇਹ ਸ੍ਰਿਸ਼ਟੀ ਦੀ ਖੇਡ ਹੈ। ਮੰਗਣਾ ਤੇ ਸੇਵਾ ਨਾਲ ਨਿੰਮਰਤਾ ਆਉਂਦੀ ਹੈ, ਸੇਵਾ ਮਨ ਉਤੇ ਨਾਮ ਦਾ ਰੰਗ ਚਾੜ੍ਹਦੀ ਹੈ। ਵਾਹਿਗੁਰੂ ਜੀ ਦੀ ਸੇਵਾ ਜੀਵ ਲਈ ਗੁਣਕਾਰੀ ਤੇ ਕਲਿਆਣਕਾਰੀ ਹੈ। ਸਰੀਰ ਨਾਲ ਨਿਸ਼ਕਾਮ ਸੇਵਾ ਕਰਕੇ ਮਨ ਉਤੋਂ ਵਿਖੇਪਤਾ ਦੀ ਮੈਲ ਉਤਾਰੀ ਜਾਂਦੀ ਹੈ।

ਅੰਤ ਵਿੱਚ ਤੱਤ ਇਹ ਹੈ ਕਿ ਸੇਵਾ ਤਨ ਨਾਲ, ਧਨ ਨਾਲ, ਮਨ ਨਾਲ ਤੇ ਸੁਰਤਿ ਨਾਲ ਕੀਤੀ ਜਾ ਸਕਦੀ ਹੈ ਪਰ ਸੇਵਾ ਓਹੀ ਸਕਾਰਥੀ ਹੈ ਜੋ ਹਉਮੈ ਤੋਂ ਰਹਿਤ, ਨਿਸ਼ਕਾਮ ਭਾਵਨਾ ਅਤੇ ਨਾਮ-ਸਿਮਰਨ ਸਹਿਤ ਕੀਤੀ ਗਈ ਹੋਵੇ।

## ਸਿਧਾਂਤ

੧- ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ॥

[ਪੰਨਾ ੨੯੧

੨- ਜੇਤੇ ਜੀਅ ਤੇਰੇ ਸਭਿ ਤੇਰੇ,

ਵਿਣੁ ਸੇਵਾ ਫਲੁ ਕਿਸੈ ਨਾਹੀ॥ [ਪੰਨਾ ੩੫੪

# ਗੁਰ ਮੂਰਤਿ

'ਮੂਰਤ' ਜਾਂ 'ਮੂਰਤਿ' ਸੰਸਕ੍ਰਿਤ ਦੇ ਸ਼ਬਦ ਹਨ। ਇਨ੍ਹਾਂ ਦਾ ਧਾਤੂ ਹੈ, ਮੂਰਛ-ਮੁਰਛਿਤ । ਕੋਸ਼ਕਾਰਾਂ ਨੇ ਇਸ ਦੇ ਅਰਥ ਕੀਤੇ ਹਨ- ਨਿਗਰਤਾ, ਬੁੱਤ, ਸਰੀਰ, ਅਕਾਰ, ਵਜੂਦ, ਹੋਂਦ, ਸਮਾਂ, ਤਸਵੀਰ ਆਦਿ। ਗੁਰਬਾਣੀ ਵਿਚ ਸਾਨੂੰ ਮੂਰਤ ਜਾਂ ਮੂਰਤਿ ਸ਼ਬਦ ਦੇ ਕਈ ਅਰਥ ਮਿਲਦੇ ਹਨ, ਜਿਵੇਂ:-

(੧) **ਅਕਾਲ ਮੂਰਤਿ ਅਜੂਨੀ ਸੰਭਉ**
**ਕਲਿ ਅੰਧਕਾਰ ਦੀਪਾਈ ॥** (ਅਕਾਲ ਸਰੂਪ)

(੨) **ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥**
**ਮੂਰਤਿ ਸੂਰਤਿ ਕਰਿ ਆਪਾਰਾ ॥** (ਦੇਹੀ)

(੩) **ਹਿੰਦੂ ਮੂਰਤਿ ਨਾਮ ਨਿਵਾਸੀ** (ਨਾਮ ਮਾਤ੍ਰ ਕਲਪੀ
**ਦੁਹ ਮਹਿ ਤਤੁ ਨ ਹੇਰਾ ॥** ਹੋਈ ਤਸਵੀਰ)

(੪) **ਧੰਨੁ ਮੂਰਤ ਚਸੇ ਪਲ ਘੜੀਆ**
**ਧੰਨਿ ਸੁ ਓਇ ਸੰਜੋਗਾ ਜੀਉ ॥** (ਸਮਾਂ)

(੫) **ਜੋ ਓਸੁ ਇਛੇ ਸੋ ਫਲੁ ਪਾਏ**
**ਤਾਂ ਨਾਨਕ ਕਹੀਐ ਮੂਰਤਿ ॥** (ਸੰਤ ਜਾਂ ਪੂਜਨ ਯੋਗ)

ਵਰਤਮਾਨ ਯੁਗ ਦੇ ਧਾਰਮਿਕ ਵਾਯੂ ਮੰਡਲ ਵਿਚ ਵੀ ਮੂਰਤ ਦੇ ਅਰਥ ਕਾਗਜ਼ਾਂ ਤੇ ਚਿਤਰੀਆਂ ਹੋਈਆਂ ਸੰਤਾਂ ਤੇ ਗੁਰੂਆਂ

ਦੀਆਂ ਤਸਵੀਰਾਂ ਦੇ ਲਏ ਜਾਂਦੇ ਹਨ। ਗੁਰਮਤਿ ਤੋਂ ਅਨਜਾਣ ਸਜਣਾਂ ਦਾ ਇਸ ਵਹਿਣ ਵਿਚ ਰੁੜ੍ਹਨਾ ਇਕ ਪਾਸੇ ਰਿਹਾ, ਸਾਡੀ ਕੌਮ ਦੇ ਚੰਗੇ ਚੰਗੇ ਪੜ੍ਹੇ ਲਿਖੇ ਸੱਜਣ, ਕਈ ਅਖਉਤੀ ਧਾਰਮਿਕ ਆਗੂ ਵੀ ਮੂਰਤੀ ਪੂਜਾ ਦੇ ਪ੍ਰਚਾਰਕ ਬਣੇ ਹੋਏ ਹਨ। ਇਸ ਨੂੰ ਉਹ ਆਪਣੀ ਭੁਲ ਹੀ ਨਹੀਂ ਮੰਨਦੇ ਸਗੋਂ ਥਾਂ ਥਾਂ ਤੇ ਦੀਵਾਨਾਂ ਵਿਚ ਇਸ ਗੱਲ ਨੂੰ ਸੱਚਾ ਸਾਬਤ ਕਰਨ ਦਾ ਦੰਮ ਭਰਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੁੰਦੇ ਹਨ, ਲੋਕਾਂ ਨੂੰ ਗੁਰੂ ਤਸਵੀਰ ਦੇ ਪਛਾਣਨ ਦੀ ਸੋਝੀ ਹੀ ਨਹੀਂ!

ਓਹ ਗੁਰਬਾਣੀ ਦੀਆਂ ਪੰਗਤੀਆਂ ਨਾਲ ਕਈ ਮਨ ਘੜਤ ਸਾਖੀਆਂ ਜੋੜ ਕੇ ਆਪਣੀ ਪੱਖ ਪੂਰਤੀ ਦਾ ਯਤਨ ਤੇ ਹੱਠ ਕਰਦੇ ਹਨ। ਦੇਹਧਾਰੀ ਅਖਾਉਤੀ ਗੁਰੂ ਇਹ ਆਖਦੇ ਹਨ ਕਿ ਜਗਿਆਸੂਆਂ ਕੋਲ ਇਸ ਤਸਵੀਰ ਨੂੰ ਪਛਾਣਨ ਵਾਲੀਆਂ ਅੱਖਾਂ ਤੇ ਭਾਵਨਾ ਨਹੀਂ। ਅਗੋਂ ਉਹਨਾਂ ਦੇ ਸੇਵਕ ਆਪਣੇ ਸੰਤਾਂ ਵੱਲ ਧਿਆਨ ਦਿਵਾਉਂਦੇ ਹੋਏ ਬੁਲ੍ਹੇ ਸ਼ਾਹ ਦੀ ਕਾਫੀ ਪੜ੍ਹ ਕੇ ਸੁਣਾਉਂਦੇ ਹਨ:-

ਬੁਲ੍ਹਿਆ ਰਬ ਤਾਂ ਤੈਥੋਂ ਵੱਖ ਨਹੀਂ।
ਪਰ ਤੇਰੀ ਵੇਖਣ ਵਾਲੀ ਅੱਖ ਨਹੀਂ।

ਇਸ ਵਿਸ਼ੇ ਤੇ 'ਇਹ ਰਬ ਦਿਖਲਾਵਣ ਆਏ' ਆਦਿ ਕਈ ਪ੍ਰਕਾਰ ਦੇ ਸ਼ੰਕੇ ਜਗਿਆਸੂਆਂ ਦੇ ਮਨਾਂ ਵਿਚ ਪਾਉਂਦੇ ਹਨ, ਜਿਨ੍ਹਾਂ ਦਾ ਵਿਸਥਾਰ ਪ੍ਰਸ਼ਨੋਤਰੀ ਦੇ ਰੂਪ ਵਿਚ ਪਾਠਕਾਂ ਦੀ ਭੇਟ ਹੈ:-

**ਪ੍ਰਸ਼ਨ:** ਧਰਮ ਦੇ ਮਾਰਗ ਵਿਚ ਪੈਰ ਰਖਦੇ ਹੀ ਜਗਿਆਸੂਆਂ ਦਾ ਮਨ ਇਸ ਗੱਲ ਲਈ ਉਤਾਵਲਾ ਹੁੰਦਾ ਹੈ ਕਿ ਉਸ ਨੂੰ ਕੋਈ ਅਜਿਹੀ ਸਾਧਨਾ ਜਾਂ ਜੁਗਤੀ ਦਸੇ ਜਿਸ ਨਾਲ ਉਸ ਨੂੰ ਤੁਰਤ ਰਬੀ-ਗਿਆਨ ਪ੍ਰਾਪਤ ਹੋ ਜਾਵੇ?

**ਉਤਰ:** ਇਹ ਗੱਲ ਠੀਕ ਹੈ ਕਿ ਧਰਮ ਦੇ ਮਾਰਗ ਵਿਚ ਆਉਣ ਵਾਲਾ ਜਗਿਆਸੂ ਸਭ ਤੋਂ ਪਹਿਲਾਂ ਖਿੰਡੀ ਹੋਈ ਬਿਰਤੀ ਨੂੰ ਟਿਕਾਉਣ ਲਈ ਯੋਗ ਸਾਧਨ ਪੁਛਦਾ ਹੈ, ਪਰ ਸੱਚਾ ਰਹਿਬਰ ਨਾ ਮਿਲਣ ਕਰਕੇ ਉਸ ਨੂੰ ਅਸਫਲਤਾ ਦਾ ਮੂੰਹ ਵੇਖਣਾ ਪੈਂਦਾ ਹੈ। ਇਸ ਬਾਰੇ ਗੁਰਬਾਣੀ ਜਗਿਆਸੂ ਦਾ ਇਉਂ ਮਾਰਗ ਦਰਸ਼ਨ ਕਰਦੀ ਹੈ:-

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥**
**ਆਪਿ ਮੁਸੈ ਮਤਿ ਹੋਛੀਐ, ਕਿਉ ਰਾਹੁ ਪਛਾਣੈ ॥**
**ਕਿਉ ਰਾਹਿ ਜਾਵੈ ਮਹਲੁ ਪਾਵੈ,**
**ਅੰਧ ਕੀ ਮਤਿ ਅੰਧਲੀ॥**
**ਵਿਣੁ ਨਾਮ ਹਰਿ ਕੇ ਕਛੁ ਨ ਸੂਝੈ; ਅੰਧੁ ਬੂਡੌ ਧੰਧਲੀ ॥**
**ਦਿਨੁ ਰਾਤਿ ਚਾਨਣੁ ਚਾਉ ਉਪਜੈ,**
**ਸਬਦੁ ਗੁਰ ਕਾ ਮਨਿ ਵਸੈ॥**
**ਕਰ ਜੋੜਿ ਗੁਰ ਪਹਿ ਕਰਿ ਬਿਨੰਤੀ,**
**ਰਾਹੁ ਪਾਧਰੁ ਗੁਰੁ ਦਸੈ॥** **[ਸੂਹੀ ਮਹਲਾ ੧**

ਸੱਚੇ ਗੁਰੂ ਤੋਂ ਬਿਨਾ ਜੀਵ ਕੁਰਾਹੇ ਪੈ ਜਾਂਦਾ ਹੈ। ਜਿਸ ਪਾਸੇ ਕੋਈ ਪ੍ਰੇਰਦਾ ਹੈ ਉਹ ਉਸ ਪਾਸੇ ਹੀ ਟੁਰ ਪੈਂਦਾ ਹੈ। ਇਸੇ

ਕਾਰਨ ਜੀਵ ਅਨੇਕ ਪ੍ਰਕਾਰ ਦੇ ਆਸਣਾਂ, ਮੰਤ੍ਰਾਂ-ਜੰਤ੍ਰਾਂ ਤੇ ਜੁਗਤੀਆਂ ਵਿਚ ਪ੍ਰਵਿਰਤ ਹੋ ਜਾਂਦਾ ਹੈ, ਜਿਨ੍ਹਾਂ ਦਾ ਆਤਮਿਕ ਗਿਆਨ ਨਾਲ ਕੋਈ ਸੰਬੰਧ ਨਹੀਂ ਹੁੰਦਾ। ਹੱਠ-ਮਾਰਗ ਵਿਚ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਤਾਂ ਭਾਵੇਂ ਹੋ ਜਾਵੇ, ਪਰ ਗੁਰੂ ਦੀ ਪ੍ਰਤੀਤ ਤੋਂ ਬਿਨਾ ਨਾਮ ਮਾਰਗ ਦੀ ਸੋਝੀ ਨਹੀਂ ਹੋ ਸਕਦੀ। ਮਨੁੱਖ ਸ਼ਕਤੀ ਦਾ ਪੁਜਾਰੀ ਹੋਣ ਕਾਰਨ ਬਹੁਤੀ ਘਾਲਨਾ ਸ਼ਕਤੀਆਂ ਦੀ ਪ੍ਰਾਪਤੀ ਲਈ ਹੀ ਘਾਲਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸੋਰਠਿ ਰਾਗ ਅੰਦਰ ਸਾਰੇ ਕਰਮਾਂ ਧਰਮਾਂ, ਜੁਗਤੀਆਂ ਅਤੇ ਸਾਧਨਾ ਨੂੰ ਨਕਾਰ ਕੇ ਇਕ ਤੱਤ ਨਿਰਣ ਕਰ ਦਿੱਤਾ ਹੈ:-

**ਹਰਿ ਕੀਰਤਿ ਸਾਧ ਸੰਗਤਿ ਹੈ,**<br>
**ਸਿਰਿ ਕਰਮਨ ਕੈ ਕਰਮਾ ॥**<br>
**ਕਹੁ ਨਾਨਕ ਤਿਸੁ ਭਇਓ ਪਰਾਪਤਿ,**<br>
**ਜਿਸ ਪੁਰਬ ਲਿਖੇ ਕਾ ਲਹਨਾ ॥** [ਪੰਨਾ ੬੪੨

ਪਰ ਇਹ ਅਟਲ ਸਚਾਈ ਤੇ ਗਵਾਹੀ ਪੜ੍ਹਦੇ, ਸੁਣਦੇ ਅਤੇ ਵੀਚਾਰਦੇ ਹੋਏ ਵੀ ਜਗਿਆਸੂ ਦਾ ਮਨ ਅਜਕਲ ਦੇ ਪਖੰਡੀ ਜਾਲ ਵਿਚ ਫਸਣੋਂ ਨਹੀਂ ਬਚ ਸਕਦਾ। ਉਸਦੀ ਦਿਲੀ ਇਛਾ ਇਹੋ ਹੀ ਹੁੰਦੀ ਹੈ ਕਿ ਉਸ ਨੂੰ ਕੋਈ ਧਿਆਨ ਪਕਾਉਣ ਲਈ ਅਜਿਹੀ ਜੁਗਤੀ ਦਸੇ ਜਿਸ ਨਾਲ ਉਸਦਾ ਚੰਚਲ ਮਨ ਕਾਬੂ ਵਿਚ ਆ ਜਾਵੇ। ਇਸੇ ਭਾਲ ਵਿਚ ਫਿਰਦੇ ਹੋਏ ਜਗਿਆਸੂ ਦਾ ਮੇਲ ਕਈ ਵਾਰੀ ਕਿਸੇ ਅਜਿਹੇ ਮਹਾਂ ਪੁਰਸ਼ ਨਾਲ ਹੋ ਜਾਂਦਾ ਹੈ ਜਿਹੜਾ ਉਸ

ਨੂੰ "ਮੂਰਤੀ-ਧਿਆਨ-ਪੂਜਾ" ਦਾ ਉਪਦੇਸ਼ ਦਿੰਦਾ ਹੈ। ਜਗਿਆਸੂ ਦਾ ਨਿਸ਼ਚਾ ਪੱਕਾ ਕਰਨ ਲਈ ਉਹ ਆਪਣੇ ਸੇਵਕਾਂ ਨੂੰ ਪੁਰਾਤਨ ਭਗਤਾਂ ਤੇ ਗੁਰੂਆਂ ਦੇ ਮਨਘੜਤ ਪ੍ਰਸੰਗ ਸੁਣਾਉਂਦਾ ਹੈ। ਇਹ ਜੁਗਤੀ ਵੀ ਇਕ ਪਾਸੇ ਰਹੀ ਹੁਣ ਤਾਂ ਪ੍ਰਚਾਰ ਇਥੋਂ ਤੱਕ ਪੁਜ ਗਿਆ ਹੈ ਕਿ ਧੁਰ ਤੋਂ ਆਈ ਪਵਿਤਰ ਬਾਣੀ ਵਿਚੋਂ ਵੀ ਆਪਣੀ ਪਖ ਪੂਰਤੀ ਦੇ ਢੁਕਵੇਂ ਪ੍ਰਮਾਣ ਕਢ ਕੇ ਮੂਰਤੀ-ਧਿਆਨ ਨੂੰ ਪ੍ਰਚਾਰਿਆ ਜਾਂਦਾ ਹੈ। ਪ੍ਰੰਤੂ ਅਜਿਹੇ ਜਗਿਆਸੂਆਂ ਨੂੰ ਮੂਰਤੀ ਧਿਆਨ ਦਾ ਉਪਾਸ਼ਕ ਬਣਨ ਤੋਂ ਪਹਿਲਾਂ ਗੁਰਮਤਿ ਸਿਧਾਂਤਾਂ ਦਾ ਅਵਗਾਹਨ ਕਰਨਾ ਅਤੀ ਲਾਭਦਾਇਕ ਹੋਵੇਗਾ।

ਗੁਰਬਾਣੀ ਦੇ ਭਾਵਾਂ ਅਨੁਸਾਰ "ਗੁਰ ਮੂਰਤਿ" ਸ਼ਬਦ ਦੇ ਅਰਥ ਹਨ- (ੳ) ਗੁਰ ਸ਼ਬਦ ਤਥਾ ਗੁਰ ਜੋਤਿ; (ਅ) ਗੁਰ ਦਰਸ਼ਨ; (ੲ) ਅਨਭਉ ਪ੍ਰਕਾਸ਼; (ਸ) ਪ੍ਰਕਾਸ਼ ਸਰੂਪ।

ਭਾ.ਸ. ਗੁਰਦਾਸ ਜੀ ਨੇ ਸਤਵੀਂ ਵਾਰ ਦੀ ੧੯ਵੀਂ ਪਉੜੀ ਵਿਚ 'ਗੁਰ ਮੂਰਤਿ' ਦੇ ਇਉਂ ਦਰਸ਼ਨ ਕਰਾਏ ਹਨ:-

**ਗੁਰ ਮੂਰਤਿ ਪੂਰਨ ਬ੍ਰਹਮ**
**ਘਟਿ ਘਟਿ ਅੰਦਰਿ ਸੂਰਜ ਸੁਝੈ॥**
**ਸੂਰਜ ਕਵਲੁ ਪਰੀਤ ਹੈ,**
**ਗੁਰਮੁਖਿ ਪ੍ਰੇਮ ਭਗਤਿ ਕਰਿ ਬੁਝੈ ॥**
**ਪਾਰਬ੍ਰਹਮ ਗੁਰ ਸਬਦੁ ਹੈ,**
**ਨਿਝਰ ਧਾਰ ਵਰੈ ਗੁਣ ਗੁਝੈ॥...**

ਭਾਵ ਗੁਰੂ ਪੂਰਨ ਬ੍ਰਹਮ ਸਰੂਪ ਹਨ, ਸੂਰਜ ਰੂਪ ਹੋ ਕੇ ਘਟਾਂ

ਘਟਾਂ ਅੰਦਰ ਪ੍ਰਕਾਸ਼ ਕਰਾ ਰਹੇ ਹਨ। ਜਿਵੇਂ ਸੂਰਜ ਨਾਲ ਕਮਲ ਦੀ ਪ੍ਰੀਤਿ ਹੈ ਤਿਵੇਂ ਗੁਰਮੁਖਿ ਪ੍ਰੇਮਾ ਭਗਤੀ ਕਰਕੇ ਗੁਰੂ ਸਬਦ ਪਾਰਬ੍ਰਹਮ ਦਾ ਰੂਪ ਕਰਕੇ ਸਮਝਦੇ ਹਨ ਅਤੇ ਪ੍ਰੇਮਾ ਭਗਤੀ ਕਰਦੇ ਹਨ।

ਕਈ ਸੱਜਣ "ਗੁਰ ਕੀ ਮੂਰਤਿ ਮਨ ਮਹਿ ਧਿਆਨੁ" ਵਾਲੇ ਸ਼ਬਦ ਦੀ ਪਹਿਲੀ ਪੰਗਤੀ ਤੇ ਬੜਾ ਜ਼ੋਰ ਦਿੰਦੇ ਹਨ। ਉਹ ਗੁਰਮਤਿ ਆਸ਼ੇ ਦੇ ਉਲਟ ਅਰਥ ਕਰਕੇ ਲੋਕਾਂ ਨੂੰ ਤਸਵੀਰਾਂ ਦੀ ਪੂਜਾ ਵਿਚ ਪਾਉਣ ਦਾ ਯਤਨ ਕਰਦੇ ਹਨ ਪਰ ਉਹ ਇਸ ਤੋਂ ਅਗਲੀ ਪੰਗਤੀ "ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ" ਦੇ ਭਾਵ ਵੱਲ ਨਹੀਂ ਸੋਚਦੇ। ਗੁਰਬਾਣੀ ਵਿਚ ਕਈ ਥਾਵਾਂ ਤੇ ਅਜਿਹੇ ਸ਼ਬਦ ਆਉਂਦੇ ਹਨ ਜਿਨ੍ਹਾਂ ਦੀਆਂ ਪਹਿਲੀਆਂ ਤੁਕਾਂ ਵਿਚ ਉਪਦੇਸ਼ ਕੀਤਾ ਹੁੰਦਾ ਹੈ ਤੇ ਉਸ ਨੂੰ ਸਮਝਾਉਣ ਲਈ ਦੂਜੀ ਪੰਗਤੀ ਵਿਚ ਸਮਾਧਾਨ ਕੀਤਾ ਹੁੰਦਾ ਹੈ। ਜਿਵੇਂ:-

**ਭਭਾ, ਭਰਮੁ ਮਿਟਾਵਹੁ ਆਪਨਾ ॥**

**ਇਆ ਸੰਸਾਰੁ ਸਗਲ ਹੈ ਸੁਪਨਾ ॥**(ਬਾਵਨ ਅੱਖਰੀ)

ਭਰਮ ਦਾ ਮਿਟਾਉਣਾ ਕੀ ਹੈ? ਸਾਰੇ ਸੰਸਾਰ ਨੂੰ ਸੁਪਨੇ ਦੀ ਤਰ੍ਹਾਂ ਜਾਨਣਾ ਹੈ। ਇਵੇਂ ਹੀ "ਗੁਰੁ ਕੀ ਮੂਰਤਿ ਮਨ ਮਹਿ ਧਿਆਨ" ਦੀ ਪ੍ਰੋੜ੍ਹਤਾ ਲਈ ਦੂਜੀ ਪੰਗਤੀ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਗੁਰੂ ਦੇ ਸ਼ਬਦ ਦੇ ਉਪਦੇਸ਼ ਰਾਹੀਂ ਇਸ ਮਨ ਨੂੰ ਮਨਾਉ, ਇਹ 'ਗੁਰ ਮੂਰਤਿ' ਦਾ ਧਿਆਨ ਹੈ। ਮਨੋਵਿਗਿਆਨਕ ਤਜਰਬਿਆਂ ਦਾ ਇਹ ਨਿਚੋੜ ਹੈ ਕਿ ਜਿਹੜੀ

ਚੀਜ਼ ਮਨੁੱਖ ਨੂੰ ਸਭ ਤੋਂ ਪਿਆਰੀ ਲਗਦੀ ਹੈ, ਉਸ ਵਿਚ ਇਸ ਦਾ ਧਿਆਨ ਬਹੁਤ ਛੇਤੀ ਟਿਕਦਾ ਹੈ। ਇਥੋਂ ਤੱਕ ਕਿ ਉਹ ਧੇਯ ਦਾ ਰੂਪ ਹੀ ਬਣ ਜਾਂਦਾ ਹੈ। ਗੁਰਬਾਣੀ ਵੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ:-

**੧- ਏ ਮਨ ਜੈਸਾ ਸੇਵਹਿ ਤੈਸਾ ਹੋਵਹਿ,**
**ਤੇਹੇ ਕਰਮ ਕਮਾਇ ॥ [ਪੰਨਾ ੭੫੫**

**੨- ਜਿਸੁ ਸਿਉ ਰਾਤਾ ਤੈਸੋ,**
**ਹੋਵੈ ਸਚੇ ਸਚਿ ਸਮਾਇਆ ॥ [ਪੰਨਾ ੬੫**

ਇਸੇ ਤਰ੍ਹਾਂ ਸ਼ਬਦ ਗੁਰੂ ਦੀ ਮੂਰਤਿ ਤੋਂ ਭਾਵ ਵਾਹਿਗੁਰੂ ਜੀ ਦੀ ਜੋਤਿ ਹੈ। "ਵਾਹਿਗੁਰੂ" ਸ਼ਬਦ ਵਿਚ ਜਦ ਸਿਖ ਆਪਣੀ ਸੁਰਤਿ ਜੋੜਦਾ ਹੈ ਤਾਂ ਉਸ ਨੂੰ ਪ੍ਰਤੱਖ ਰੂਪ ਵਿਚ ਗੁਰ-ਮੂਰਤਿ ਦੇ ਦਰਸ਼ਨ ਹੁੰਦੇ ਹਨ। ਸਿੱਖ ਮਤ ਦੇ ਪ੍ਰਸਿਧ ਪ੍ਰਚਾਰਕ ਭਾਈ ਸਾਹਿਬ ਗੁਰਦਾਸ ਜੀ ਜਿਨ੍ਹਾਂ ਚੌਥੇ ਸਤਿਗੁਰੂ ਰਾਮਦਾਸ ਜੀ ਤੋਂ ਸੰਮਤ 1636 ਵਿਚ ਸਿਖ ਧਰਮ ਧਾਰਨ ਕੀਤਾ ਅਤੇ ਗੁਰਬਾਣੀ ਦਾ ਸਿਧਾਂਤ ਪੰਜਵੇਂ ਸਤਿਗੁਰਾਂ ਪਾਸੋਂ ਸਮਝਿਆ, ਆਪਣੀ ਰਚਨਾ ਅੰਦਰ ਇਸ ਗੱਲ ਦਾ ਚੰਗੀ ਤਰ੍ਹਾਂ ਨਿਰਣਾ ਕੀਤਾ ਹੈ ਕਿ "ਗੁਰ ਮੂਰਤਿ, ਗੁਰ ਸ਼ਬਦ ਹੈ":-

**੧- ਗੁਰ ਮੂਰਤਿ ਗੁਰ ਸਬਦੁ ਹੈ,**
**ਸਾਧ ਸੰਗਤਿ ਵਿਚ ਪ੍ਰਗਟੀ ਆਇਆ॥**
**[ਵਾਰ ੧੧੫-੨**

**੨- ਗੁਰ ਮੂਰਤਿ ਗੁਰ ਸ਼ਬਦੁ ਹੈ,**

ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ ॥
[ਵਾਰ ੧੧-੧੧

੩- ਗੁਰ ਮੂਰਤਿ ਗੁਰ ਸ਼ਬਦੁ ਸੁਣ,
ਸਾਧ ਸੰਗਤਿ ਆਸਣੁ ਨਿਰੰਕਾਰੀ ॥ [੧੧-੨

੪- ਗੁਰ ਮੂਰਤਿ ਸਤਿਗੁਰ ਸ਼ਬਦੁ,
ਸਾਧ ਸੰਗਤਿ ਸਮਸਰਿ ਪਰਵਾਣਾ॥ [ਵਾਰ ੩੨-੨

੫- ਗੁਰ ਮੂਰਤਿ ਕਰਿ ਧਿਆਨੁ, ਸਦਾ ਹਜੂਰਿ ਹੈ ॥
ਗੁਰਮੁਖ ਸਬਦੁ ਗਿਆਨੁ,
ਨੇੜਿ ਨਾ ਦੂਰਿ ਹੈ ॥ [ਵਾਰ ੩-੧

ਭਾਈ ਸਾਹਿਬ ਜੀ ਨੇ "ਪਾਰਬ੍ਰਹਮ ਗੁਰ ਨਾਹੀ ਭੇਦ" ਵਾਲਾ ਭਾਵ ਮੁਖ ਰਖਦੇ ਹੋਏ ਗੁਰ ਸ਼ਬਦ ਨੂੰ ਹੀ ਪਾਰਬ੍ਰਹਮ ਦਸਿਆ ਹੈ:-

ਗੁਰ ਮੂਰਤਿ ਪੂਰਨ ਬ੍ਰਹਮੁ, ਅਬਿਗਤਿ ਅਬਿਨਾਸੀ॥
ਪਾਰਬ੍ਰਹਮੁ ਗੁਰ ਸਬਦੁ ਹੈ, ਸਤਿ ਸੰਗਿ ਨਿਵਾਸੀ॥
[ਵਾਰ ੯-੧

# ਮੂਰਤੀ ਪੂਜਾ

ਜਗਿਆਸੂ ਦਾ ਮਨ ਫੁਰਨਿਆਂ ਨਾਲ ਭਰਪੂਰ ਹੁੰਦਾ ਹੈ। ਇਹ ਫੁਰਨੇ ਹੀ ਜਗਿਆਸੂ ਦੇ ਮਨ ਵਿਚ ਵਸ ਕੇ ਸੰਕਲਪਾਂ ਤੇ ਵਿਕਲਪਾਂ ਦਾ ਰੂਪ ਧਾਰਨ ਕਰ ਲੈਂਦੇ ਹਨ। ਇਹਨਾਂ ਵਿਕਲਪਾਂ ਦੀ ਨਿਵਿਰਤੀ ਅਤੇ ਸੰਕਲਪਾਂ ਦੀ ਪੂਰਤੀ ਲਈ ਮਹਾਤਮਾ ਲੋਕ ਕਈ ਪ੍ਰਕਾਰ ਦੀਆਂ ਜੁਗਤੀਆਂ ਦਸਦੇ ਹਨ ਜਿਨ੍ਹਾਂ ਵਿਚੋਂ ਮੂਰਤੀ ਪੂਜਾ ਵੀ ਇਕ ਖਾਸ ਢੰਗ ਮੰਨਿਆ ਜਾਂਦਾ ਹੈ। ਗੁਰਬਾਣੀ ਇਸ ਗਲ ਦੀ ਗਵਾਹੀ ਦੇਂਦੀ ਹੈ ਕਿ ਹਜ਼ਾਰਾਂ ਵਰ੍ਹੇ ਮੂਰਤੀ ਦੀ ਪੂਜਾ ਹੁੰਦੀ ਰਹੀ, ਪਰ ਪ੍ਰੇਮਾ-ਭਗਤੀ ਤੋਂ ਬਿਨਾ ਕਿਸੇ ਨੂੰ ਵਾਹਿਗੁਰੂ ਜੀ ਦੀ ਪ੍ਰਾਪਤੀ ਨਹੀਂ ਹੋਈ। ਭਗਤ ਕਬੀਰ ਜੀ ਦਾ ਪਾਵਨ ਕਥਨ ਹੈ:-

**ਅਬ ਤਉ ਜਾਇ ਚਢੇ ਸਿੰਘਾਸਨਿ,**
**ਮਿਲੇ ਹੈ ਸਾਰਿੰਗਪਾਨੀ ॥**
**ਰਾਮ ਕਬੀਰਾ ਏਕ ਭਏ ਹੈ,**
**ਕੋਇ ਨ ਸਕੈ ਪਛਾਨੀ ॥** [ਪੰਨਾ ੯੬੯

ਜਗਿਆਸੂ ਨੂੰ ਟੁੰਬਦਾ ਹੈ। ਆਓ ਕ੍ਰਾਂਤੀਕਾਰੀ ਭਗਤ ਜੀ ਪਾਸੋਂ ਲੋੜੀਂਦੀ ਸੇਧ ਪ੍ਰਾਪਤੀ ਕਰੀਏ। ਭਗਤ ਜੀ ਨੇ ਆਪਣੀ ਰਚਨਾ ਅੰਦਰ ਮੂਰਤੀ ਪੂਜਾ ਬਾਰੇ ਇਕ ਹਡ ਬੀਤੀ ਦਾ ਇਉਂ ਵਰਨਣ ਕੀਤਾ ਹੈ "ਘਰ ਕੇ ਦੇਵ ਪਿਤਰ ਕੀ ਛੋਡੀ, ਗੁਰ ਕੋ ਸਬਦੁ

ਲਇਓ" ਆਪ ਜੀ ਨੂੰ ਸਾਰੇ ਸਬੰਧੀਆਂ ਤੇ ਮੰਨੇ ਪ੍ਰਮੰਨੇ ਲੋਕਾਂ ਨੇ ਆਖਿਆ 'ਭਗਤ ਜੀ! ਜਦ ਤੁਹਾਡੇ ਮਾਤਾ ਪਿਤਾ ਤੇ ਸਾਰੇ ਕੁਲ ਵਾਲੇ ਮੂਰਤੀ ਪੂਜਾ ਕਰਦੇ ਰਹੇ ਹਨ ਤਾਂ ਤੁਸੀਂ ਕਿਉਂ ਨਹੀਂ ਕਰਦੇ?।' ਆਪ ਜੀ ਨੇ ਇਸ ਮੂਰਤਿ ਦੀ ਸਚਾਈ ਨੂੰ ਪ੍ਰਗਟ ਕਰਨ ਲਈ ਇਕ ਮਾਲਨ ਜੋ ਮੂਰਤੀ ਲਈ ਫੁਲ ਤੋੜ ਰਹੀ ਸੀ, ਨੂੰ ਸੰਬੋਧਨ ਕਰਦੇ ਹੋਏ ਇਕ ਅਟੱਲ ਸਚਾਈ ਨੂੰ ਇਉਂ ਪ੍ਰਗਟ ਕੀਤਾ ਹੈ:-

ਪਾਤੀ ਤੋਰੈ ਮਾਲਨੀ ਪਾਤੀ ਪਾਤੀ ਜੀਉ॥
ਜਿਸੁ ਪਾਹਨ ਕਉ ਪਾਤੀ ਤੋਰੈ,
ਸੋ ਪਾਹਨੁ ਨਿਰਜੀਉ ॥ ੧ ॥
ਭੂਲੀ ਮਾਲਨੀ ਹੈ ਏਉ ॥
ਸਤਿਗੁਰੁ ਜਾਗਤਾ ਹੈ ਦੇਉ ॥ ੧ ॥ ਰਹਾਉ ॥
ਬ੍ਰਹਮੁ ਪਾਤੀ ਬਿਸਨੁ ਡਾਰੀ, ਫੂਲ ਸੰਕਰ ਦੇਉ ॥
ਤੀਨਿ ਦੇਵ ਪ੍ਰਤਖਿ ਤੋਰਹਿ, ਕਰਹਿ ਕਿਸ ਕੀ ਸੇਉ॥੨॥
ਪਾਖਾਨ ਗਢਿ ਕੈ ਮੂਰਤਿ ਕੀਨੀ, ਦੇ ਕੈ ਛਾਤੀ ਪਾਉ ॥
ਜੇ ਇਹ ਮੂਰਤਿ ਸਾਚੀ ਹੈ, ਤਉ ਗੜ੍ਹਣਹਾਰੇ ਖਾਉ॥੩॥
ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥
ਭੋਗਨਹਾਰੇ ਭੋਗਿਆ,
ਇਸੁ ਮੂਰਤਿ ਕੇ ਮੁਖਿ ਛਾਰੁ ॥ ੪ ॥
ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ॥
ਕਹੁ ਕਬੀਰ ਹਮ ਰਾਮ ਰਾਖੇ,

ਕ੍ਰਿਪਾ ਕਰਿ ਹਰਿ ਰਾਇ॥੫॥੧॥੧੪॥[ਪੰਨਾ ੪੭੯

ਸੋ ਭਗਤ ਜੀ ਨੇ ਤਾਂ ਇਸ ਗੱਲ ਨੂੰ ਬਿਲਕੁਲ ਹੀ ਸਪਸ਼ਟ ਕਰ ਦਿਤਾ ਹੈ ਕਿ ਮਾਲਨ ਹੀ ਨਹੀਂ, ਸਾਰਾ ਜਗਤ ਹੀ ਇਸ ਮੂਰਤੀ ਪੂਜਾ ਵਿਚ ਭੁੱਲਿਆ ਪਿਆ ਹੈ, ਪਰ ਆਪ ਜੀ ਉਪਰ ਰਾਮ (ਪਰਮਾਤਮਾ) ਨੇ ਕਿਰਪਾ ਕੀਤੀ, ਅਜਿਹੀ ਪੂਜਾ ਤੋਂ ਬਚਾਅ ਲਿਆ। ਕਬੀਰ ਜੀ ਦੇ ਕਈ ਹੋਰ ਸ਼ਬਦ ਵੀ ਹਨ ਜਿਨ੍ਹਾਂ ਵਿਚੋਂ ਨਮੂਨੇ ਮਾਤਰ ਕੁਝਕ ਪ੍ਰਮਾਣ ਹੇਠ ਦਿਤੇ ਜਾਂਦੇ ਹਨ:-

੧-ਕਬੀਰ ਠਾਕੁਰ ਪੂਜਹਿ ਮੋਲਿ ਲੇ,
ਮਨ ਹਠਿ ਤੀਰਥ ਜਾਹਿ ॥
ਦੇਖਾ ਦੇਖੀ ਸ੍ਵਾਂਗੁ ਧਰਿ, ਭੂਲੇ ਭਟਕਾ ਖਾਹਿ॥੧੩੫॥
ਕਬੀਰ ਪਾਹਨੁ ਪਰਮੇਸੁਰੁ ਕੀਆ, ਪੂਜੈ ਸਭੁ ਸੰਸਾਰੁ॥
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ॥[ਪੰਨਾ੧੩੭੧

੨-ਬੁਤ ਪੂਜਿ ਪੂਜਿ ਹਿੰਦੂ ਮੂਏ, ਤੁਰਕ ਮੂਏ ਸਿਰੁ ਨਾਈ॥
ਓਇ ਲੇ ਜਾਰੇ ਓਇ ਲੇ ਗਾਡੇ
ਤੇਰੀ ਗਤਿ ਦੁਹੂ ਨ ਪਾਈ॥ [ਪੰਨਾ ੬੫੪

ਭਗਤ ਨਾਮ ਦੇਵ ਜੀ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਪਥਰਾਂ ਵਿਚ ਰੱਬ ਨਹੀਂ:-

ੳ-ਏਕੈ ਪਾਥਰ ਕੀਜੈ ਭਾਉ॥
ਦੂਜੈ ਪਾਥਰ ਧਰੀਐ ਪਾਉ॥
ਜੇ ਓਹੁ ਦੇਉ ਤ ਓਹੁ ਭੀ ਦੇਵਾ॥
ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥ [ਪੰਨਾ ੫੨੫

**ਅ-ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥**
**ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥**
**[ਪੰਨਾ ੮੭੫**

ਭਗਤ ਧੰਨਾ ਜੀ ਬਾਰੇ ਪ੍ਰਚਲਤ ਸਾਖੀਆਂ ਨੂੰ ਮੁਖ ਰਖਕੇ ਇਹ ਗਲ ਮੰਨਣੀ ਕਿ ਭਗਤ ਜੀ ਨੂੰ ਪੱਥਰ ਪੂਜਾ ਵਿਚੋਂ ਰਬ ਦੀ ਪ੍ਰਾਪਤੀ ਹੋਈ ਹੈ, ਨਿਰਾਰਥਕ ਹੈ। ਅਸਲ ਵਿਚ ਭਗਤ ਜੀ ਨੇ ਪ੍ਰੇਮਾ ਭਗਤੀ ਕੀਤੀ ਤੇ ਭੋਲੇ ਭਾਉ ਨਾਲ ਵਾਹਿਗੁਰੂ ਜੀ ਦੇ ਦਰਸ਼ਨ ਹੋਏ। ਇਹ ਗਲ ਮੰਨੀ ਜਾ ਸਕਦੀ ਹੈ ਕਿ ਭਗਤ ਜੀ ਨੇ ਵੀ ਸਮੇਂ ਦੀ ਮਰਯਾਦਾ ਅਨੁਸਾਰ ਆਪਣੇ ਜੀਵਨ ਦੇ ਆਰੰਭ ਵਿਚ ਮੂਰਤੀ ਪੂਜਾ ਕੀਤੀ ਹੋਵੇਗੀ ਪਰ ਜਿਥੋਂ ਤੱਕ ਗੁਸਾਈਂ ਦੇ ਪ੍ਰਤੱਖ ਹੋਣ ਦਾ ਸਬੂਤ ਹੈ ਉਹ ਤਾਂ ਬਿਲਕੁਲ ਸਪਸ਼ਟ ਹੈ ਕਿ ਭਗਤ ਜੀ ਨੇ ਬਾਕੀ ਭਗਤਾਂ ਦੀ ਉਪਮਾ ਸੁਣ ਕੇ ਵਾਹਿਗੁਰੂ ਜੀ ਦੀ ਭਗਤੀ ਕੀਤੀ ਜਿਸ ਦੇ ਫਲ ਸਰੂਪ ਆਪ ਜੀ ਨੂੰ ਮਾਲਕ ਦੇ ਦਰਸ਼ਨ ਹੋਏ:-

**ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥**
**ਆਢ ਦਾਮ ਕੋ ਛੀਪੀਰੋ ਹੋਇਓ ਲਾਖੀਣਾ॥੧॥ਰਹਾਉ॥**
**ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥**
**ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥੧॥**
**ਰਵਿਦਾਸ ਢੁਵੰਤਾ ਢੋਰ ਨੀਤਿ ਤਿਨਿ੍ ਤਿਆਗੀ ਮਾਇਆ॥**
**ਪਰਗਟੁ ਹੋਆ ਸਾਧ ਸੰਗ ਹਰਿ ਦਰਸਨੁ ਪਾਇਆ॥੨॥**
**ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥**
**ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥੩॥**

ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥੪॥

[ਪੰਨਾ ੪੮੭

ਜੇ ਨਾਮਦੇਉ ਜਾਂ ਹੋਰ ਭਗਤ ਮੂਰਤੀ ਪੂਜਕ ਹੁੰਦੇ ਤਾਂ ਇਹ ਗੱਲ ਮੰਨਣ ਯੋਗ ਸੀ ਕਿ ਧੰਨਾ ਜੀ ਨੂੰ ਰਬ ਦੀ ਪ੍ਰਾਪਤੀ ਠਾਕੁਰ (ਪੱਥਰ) ਦੀ ਮੂਰਤੀ ਪੂਜਾ ਵਿਚੋਂ ਹੋਈ।

ਹੁਣ ਗੁਰੂ ਨਾਨਕ ਕਾਲ ਨੂੰ ਆਪਣੀਆਂ ਅੱਖਾਂ ਸਾਹਮਣੇ ਲਿਆਓ। ਗੁਰੂ ਨਾਨਕ ਦੇਵ ਜੀ ਨੇ ਤਾਂ ਅਕਾਲ ਪੁਰਖ ਦੀ ਬਖਸ਼ਿਸ਼ ਨਾਲ ਸਾਰੇ ਸੰਸਾਰ ਨੂੰ ਇਸ ਗੱਲ ਦੀ ਸੋਝੀ ਮੂਲ-ਮੰਤ੍ਰ ਰਾਹੀਂ ਕਰਾਈ ਕਿ ਉਹ ਵਾਹਿਗੁਰੂ ਜਿਸ ਨੂੰ ਭੁਲੇ ਹੋਏ ਲੋਕ ਮੂਰਤੀ ਮਾਨ ਮੰਨੀ ਬੈਠੇ ਹਨ, 'ਮੂਰਤਿ' ਨਹੀਂ, ਅਕਾਲ ਮੂਰਤਿ ਹੈ। ਆਪ ਜੀ ਨੇ ਜਪੁ ਬਾਣੀ ਅੰਦਰ ਇਹ ਸੋਝੀ ਕਰਾਈ ਹੈ ਕਿ 'ਵਾਹਿਗੁਰੂ' ਕਿਸੇ ਦਾ ਬਣਾਇਆ ਹੋਇਆ ਨਹੀਂ, ਆਪਣੇ ਆਪ ਤੋਂ ਪ੍ਰਕਾਸ਼ਮਾਨ ਹੋਇਆ ਹੈ; ਇਹ ਮੂਰਤੀ ਵਾਂਗ ਇਕ ਤੋਂ ਦੂਜੀ ਥਾਂ ਤੇ ਚੁਕ ਕੇ ਰਖਿਆ ਨਹੀਂ ਜਾ ਸਕਦਾ:-

ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥ [ਜਪੁ

ਉਸ ਸਮੇਂ ਦੇ ਮੂਰਤੀ ਪੂਜਕ ਹਿੰਦੂਆਂ ਵਲ ਵੇਖ ਕੇ ਆਪ ਜੀ ਨੇ ਇਉਂ ਉਚਾਰਨ ਕੀਤਾ ਸੀ:-

ਓ-ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥
ਨਾਰਦਿ ਕਹਿਆ ਸਿ ਪੂਜ ਕਰਾਂਹੀ ॥

ਅੰਧੇ ਗੂੰਗੇ ਅੰਧ ਅੰਧਾਰੁ ॥
ਪਾਥਰ ਲੇ ਪੂਜਹਿ ਮੁਗਧ ਗਵਾਰ ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥
[ਪੰਨਾ ੫੫੬

ਅ-ਜਿਸੁ ਪਾਹਣ ਕਉ ਠਾਕੁਰੁ ਕਹਤਾ ॥
ਓਹੁ ਪਾਹਣੁ ਲੈ ਉਸ ਕਉ ਡੁਬਤਾ ॥
ਗੁਨਹਗਾਰ ਲੂਣ ਹਰਾਮੀ ॥
ਪਾਹਣ ਨਵ ਨ ਪਾਰਗਿਰਾਮੀ ॥ [ਪੰਨਾ ੭੩੯

ੲ-ਜੋ ਪਾਥਰ ਕਉ ਕਹਤੇ ਦੇਵ ॥
ਤਾ ਕੀ ਬਿਰਥਾ ਹੋਵੈ ਸੇਵ ॥
ਜੋ ਪਾਥਰ ਕੀ ਪਾਂਈ ਪਾਇ ॥
ਤਿਸ ਕੀ ਘਾਲ ਅਜਾਂਈ ਜਾਇ ॥੧॥
ਠਾਕੁਰੁ ਹਮਰਾ ਸਦ ਬੋਲੰਤਾ ॥
ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥
ਅੰਤਰਿ ਦੇਉ ਨ ਜਾਨੈ ਅੰਧੁ ॥
ਭ੍ਰਮ ਕਾ ਮੋਹਿਆ ਪਾਵੈ ਫੰਧੁ ॥
ਨ ਪਾਥਰੁ ਬੋਲੈ ਨ ਕਿਛੁ ਦੇਇ ॥
ਫੋਕਟ ਕਰਮ ਨਿਹਫਲ ਹੈ ਸੇਵ॥੨॥ [ਪੰਨਾ ੧੧੬੦

ਸ-ਜੋ ਜੁਗ ਤੈ ਕਰ ਹੈਂ ਤਪਸਾ,
ਕਛੁ ਤੋਹਿ ਪ੍ਰਸੰਨ ਨ ਪਾਹਨ ਕੈ ਹੈ ॥

ਹਾਥ ਉਠਾਇ ਭਲੀ ਬਿਧਿ ਸੋਂ,
ਜੜ੍ਹ ਤੋਹਿ ਕਛੂ ਬਰ ਦਾਨ ਨ ਦੇ ਹੈਂ ॥
ਕੌਨ ਭਰੋਸ ਭਯੋ ਇਹ ਕੋ,
ਕਹੁ ਭੀਰ ਪਰੀ ਨਹਿ ਆਨ ਬਚੈ ਹੈ ॥
ਜਾਨ ਰੇ ਜਾਨ ਅਜਾਨ ਹਠੀ,
ਇਹ ਫੋਕਟ ਧਰਮ ਸੁ ਭਰਮ ਗਵੈ ਹੈ ॥ [ਪਾ: ੧੦

ਹ-ਫੋਕਟ ਧਰਮ ਭਯੋ ਫਲਹੀਨੁ,
ਜੁ ਪੂਜ ਸਿਲਾ ਜੁਗ ਕੋਟਿ ਗਵਾਈ ॥
ਸਿਧ ਕਹਾ ਸਿਲ ਕੇ ਪਰਸੇ,
ਬਲ ਬ੍ਰਿਧਿ ਘਟੀ ਨਵ ਨਿਧਿ ਨ ਪਾਈ ॥
ਆਜ ਹੀ ਆਜ ਸਮੋ ਜੁ ਬਿਤਯੋ,
ਨਹਿ ਕਾਜ ਸਰਯੋ ਕਛੁ ਲਾਜ ਨ ਆਈ ॥
ਸ੍ਰੀ ਭਗਵੰਤ ਭਜਯੋ ਨ ਅਰੇ ਜੜ੍ਹ!,
ਐਸੇ ਹੀ ਐਸ ਸੁ ਬੈਸ ਗਵਾਈ ॥ [ਪਾ: ੧੦

ਕ-ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ,
ਤਿਹ ਪਰਮੇਸਰ ਜਾਨੋ॥ [ਪਾ: ੧੦

ਖ-ਇਕ ਬਿਨ ਦੂਸਰ ਸੋ ਨ ਚਿਨਾਰ ॥
ਭੰਜਨ ਗੜ੍ਹਨ ਸਮਰਥ ਸਦਾ ਪ੍ਰਭ
ਜਾਨਤ ਹੈ ਕਰਤਾਰ॥

ਕਹਾਂ ਭਯੋ ਜੌ ਅਤਿ ਹਿਤ ਚਿਤ ਕਰ,
ਬਹੁ ਬਿਧਿ ਸਿਲਾ ਪੁਜਾਈ ॥
ਪਾਨ ਥਕੇ ਪਾਹਨ ਕੈ ਪਰਸਤ
ਕਛੁ ਕਰ ਸਿਧਿ ਨ ਆਈ ॥
ਅੱਛਤ ਧੂਪ ਦੀਪ ਅਰਪਤ ਹੈਂ
ਪਾਹਨ ਕਛੂ ਨ ਖੈ ਹੈ ॥
ਤਾਂ ਮੈਂ ਕਹਾਂ ਸਿਧ ਹੈ, ਰੇ ਜੜ੍ਹ,
ਤੋਹਿ ਕਛੂ ਬਰ ਦੈ ਹੈ ॥
ਜੌ ਜੀਅ ਹੋਤ ਦੇਤ ਕਛ ਤੋਹਿ
ਕਰ ਮਨ ਬਚ ਕਰਮ ਬੀਚਾਰ॥
ਕੇਵਲ ਏਕ ਸਰਣ ਸੁਆਮੀ ਬਿਨ
ਯੌਂ ਨਹਿ ਕਤਹਿ ਉਧਾਰ ॥ [ਪਾ: ੧੦

ਉਪਰੋਕਤ ਗੁਰੂ ਬਚਨਾਂ ਨੇ ਇਸ ਗੱਲ ਦਾ ਨਿਰਣਾ ਕਰਕੇ ਮੋਹਰ ਲਾ ਦਿੱਤੀ ਹੈ ਕਿ ਮੂਰਤੀ ਪੂਜਾ ਨਾਲ ਪਰਮੇਸਰ ਦੀ ਪ੍ਰਾਪਤੀ ਨਹੀਂ ਹੋ ਸਕਦੀ।

★

# ਤਸਵੀਰਾਂ ਦਾ ਧਿਆਨ

ਪੱਥਰ ਦੀਆਂ ਮੂਰਤਾਂ ਦਾ ਦੂਜਾ ਰੂਪ ਹੈ ਹੱਥ ਨਾਲ ਬਣਾਈਆਂ ਹੋਈਆਂ ਤਸਵੀਰਾਂ, ਇਹ ਆਰਟ ਲੋਕਾਂ ਦੇ ਸਾਮਹਣੇ ਮੁਗਲ-ਕਾਲ ਵਿਚ ਆਇਆ ਦਸਿਆ ਜਾਂਦਾ ਹੈ। ਅਜਕਲ ਦੇ ਫੈਸ਼ਨਾਂ ਵਾਂਗ ਤਸਵੀਰਾਂ ਦਾ ਰਿਵਾਜ ਐਨਾ ਪ੍ਰਚਲਤ ਹੋ ਗਿਆ ਕਿ ਹਰੇਕ ਮਨੁੱਖ ਦੀ ਰੁਚੀ ਇਧਰ ਲਗ ਗਈ ਹੈ। ਲੋਕਾਂ ਨੇ ਰਾਜਿਆਂ ਮਹਾਰਾਜਿਆਂ ਦੀਆਂ ਤਸਵੀਰਾਂ ਨੂੰ ਆਪਣੇ ਘਰਾਂ ਅੰਦਰ ਲਟਕਾਉਣਾ ਸ਼ੁਰੂ ਕਰ ਦਿੱਤਾ। ਭਾਤ ਭਾਤ ਦੇ ਫੋਟੋ ਕੈਮਰਿਆਂ ਦੇ ਕੋਮਲ ਹੁਨਰ ਨੇ ਬੜੇ ਬੜੇ ਆਰਟਿਸਟਾਂ ਨੂੰ ਜਨਮ ਦਿੱਤਾ ਜਿਸ ਦਾ ਸਦਕਾ ਘਰ ਘਰ ਵਿਚ ਹਰੇਕ ਮਨੁੱਖ ਨੇ ਆਪਣੇ ਮਿਤਰਾਂ ਸਬੰਧੀਆਂ ਤੇ ਅਵਤਾਰਾਂ ਦੇ ਫੋਟੋਆਂ ਨੂੰ ਸ਼ੀਸ਼ਿਆਂ ਵਿਚ ਜੜਵਾ ਕੇ ਸਜਾਵਟ ਵਜੋਂ ਲਾਉਣਾ ਆਰੰਭ ਦਿੱਤਾ। ਜਿਸ ਪਾਸੇ ਲੋਕਾਂ ਦੀ ਰੁਚੀ ਦਾ ਝੁਕਾਉ ਵਧੇਰੇ ਹੋਵੇ ਮੌਕਾ-ਸ਼ਨਾਸ ਲੋਕ ਪੈਸੇ ਕਮਾਉਣ ਲਈ ਕੋਈ ਨਾ ਕੋਈ ਢੰਗ ਜਾਂ ਵਿਉਂਤ ਕਢ ਹੀ ਲੈਂਦੇ ਹਨ। ਮਾਇਆ ਦੀ ਪਕੜ ਨੇ ਤਸਵੀਰਾਂ ਨੂੰ ਹੋਰ ਪ੍ਰਫੁਲਤ ਕੀਤਾ ਅਤੇ ਥੀਏਟਰ ਤੇ ਸਿਨਮੇ ਘਰ ਹੋਂਦ ਵਿੱਚ ਆ ਗਏ:-

**ਅਖੀ ਦੇਖਿ ਨ ਰਜੀਆ ਬਹੁ ਰੰਗ ਤਮਾਸੇ॥** [ਭਾ. ਗੁ.

ਇਨ੍ਹਾਂ ਤਮਾਸ਼ਿਆਂ ਦੀ ਲਪੇਟ ਵਿਚ ਮਨੁੱਖ ਦੀ ਬਹੁਗਿਣਤੀ ਆ ਗਈ ਜਿਸ ਨੂੰ ਵੇਖ ਕੇ ਧਰਮ ਦੇ ਪਖੰਡੀਆਂ ਨੂੰ ਵੀ ਇਹ ਚਾਉ

ਕੁਦਿਆ ਕਿ ਇਸ ਤੋਂ ਲਾਭ ਉਠਾਉਣ ਲਈ ਕਿਉਂ ਨ ਧਰਮ ਦਾ ਓਹਲਾ ਲਿਆ ਜਾਵੇ, ਇਸ ਨਾਲ ਇਕ ਪੰਥ ਦੋ ਕਾਜ ਸੰਵਰ ਜਾਣਗੇ। ਇਕ ਤਾਂ ਸਿਖੀ ਸੇਵਕੀ, ਪੂਜਾ-ਪ੍ਰਤਿਸ਼ਟਾ ਚੰਗੀ ਹੋ ਜਾਵੇਗੀ, ਦੂਜੇ ਬੰਨੇ ਮਾਇਆ ਦੀ ਕੋਈ ਤੋਟ ਨਹੀਂ ਆਉਣੀ। ਇਸ ਲਈ ਉਨ੍ਹਾਂ ਨੇ ਇਕ ਨਵਾਂ ਮਾਰਗ ਟੋਰ ਦਿਤਾ ਕਿ ਮੂਰਤੀ ਪੂਜਾ ਤੇ ਤਸਵੀਰ ਪੂਜਾ ਵਿਚ ਬਹੁਤ ਫ਼ਰਕ ਹੈ। ਉਹ ਪੱਥਰ ਹੋਇਆ, ਇਹ ਮੂਰਤਿ ਹੋਈ, ਗੁਰੂ ਸਾਹਿਬ ਨੇ ਪੱਥਰ ਪੂਜਾ ਤੋਂ ਵਰਜਿਆ ਹੈ, ਇਹਨਾਂ ਤਸਵੀਰਾਂ ਨੂੰ ਮੰਨਣੋ ਥੋੜਾ ਮਨ੍ਹਾ ਕੀਤਾ ਹੈ। ਇਸ ਲਈ ਮੂਰਤੀ ਪੂਜਾ ਦਾ ਧਿਆਨ ਧਰਨਾ ਤੇ ਤਸਵੀਰ ਨੂੰ ਪੂਜਣਾ ਦੋ ਵਖਰੀਆਂ ਗੱਲਾਂ ਹਨ।

ਇਸ ਗੱਲ ਦਾ ਨਿਰਣਾ ਕਰਨ ਲਈ ਬਹੁਤ ਪ੍ਰਮਾਣਾਂ ਦੀ ਲੋੜ ਨਹੀਂ। ਬਚਿਤਰ ਨਾਟਕ ਵਿਚ ਕਲਗੀਧਰ ਪਾਤਸ਼ਾਹ ਜੀ ਨੇ ਫ਼ੁਰਮਾਇਆ ਹੈ:-

**ਜੋ ਜੋ ਹੋਤ ਭਯੋ ਜਗ ਸਿਆਨਾ ॥**
**ਤਿਨ ਤਿਨ ਅਪਨੋ ਰਾਹ ਚਲਾਨਾ ॥**

ਅਸਲ ਵਿਚ ਮਨੁੱਖ ਭੌਰੇ ਵਾਂਗੂ ਰਸ ਭੋਗਣ ਵਾਲਾ, ਕਾਮਣਿ ਹਿਤਕਾਰੀ, ਥਾਂ ਥਾਂ ਉਡਦਾ ਫਿਰਦਾ ਹੈ। ਮਨੁੱਖ ਦੇ ਸਾਰੇ ਇੰਦ੍ਰੇ ਹੀ ਭੋਗਾਂ ਵਿਚ ਗ਼ਲਤਾਨ ਹਨ। ਇਸ ਦੀਆਂ ਅੱਖਾਂ ਨੂੰ ਅਸਲੇ ਦੀ ਪਛਾਣ ਹੀ ਨਹੀਂ ਕਿ ਇਹ ਵੇਖਣ ਵਾਲੇ ਸਾਰੇ ਪਦਾਰਥ ਜ਼ਹਿਰ ਵਤ ਹਨ ਤੇ ਇਹਨਾਂ ਉਪਰ ਖੰਡ ਗਲੇਫੀ ਹੋਈ ਹੈ:-

**ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡ ਲਿਵਾੜਿ॥**

**ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ॥**

ਇਹ ਸਾਰਾ ਵਿਚਾਰ ਸੁਣਨ ਤੋਂ ਪਿਛੋਂ ਵੀ ਕਈ ਸਜਣ ਇਹ ਆਖਦੇ ਹਨ ਕਿ ਬਾਕੀ ਦੀਆਂ ਮੂਰਤਾਂ ਤਾਂ ਝੂਠੀਆਂ ਹਨ, ਪਰ ਗੁਰੂ ਨਾਨਕ ਦੇਵ ਜੀ ਤੇ ਬਾਕੀ ਨੌਂ ਗੁਰੂ ਸਾਹਿਬਾਨ ਦੀਆਂ ਮੂਰਤਾਂ ਤਾਂ ਸੱਚੀਆਂ ਹਨ, ਇਹਨਾਂ ਦਾ ਧਿਆਨ ਧਰਨਾ ਤੇ ਪੂਜਾ ਕਰਨੀ ਗੁਰਮਤਿ ਦੇ ਉਲਟ ਕਿਵੇਂ ਹੋ ਸਕਦੀ ਹੈ? ਗੁਰੂ ਜੀ ਤਾਂ ਆਪ ਫੁਰਮਾਉਂਦੇ ਹਨ ਕਿ:-

**ੳ- ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ [ਪੰ. ੮੬੪**

**ਅ- ਜੋ ਚਿਤੁ ਲਾਏ ਪੂਜੇ ਗੁਰ ਮੂਰਤਿ**
**ਸੋ ਮਨ ਇਛੇ ਫਲ ਪਾਵੈ ॥ [ਪੰਨਾ ੩੦੩**

ਮੇਰੇ ਵੀਰਾਂ ਦਾ ਇਹ ਕਥਨ ਤਾਂ ਠੀਕ ਹੈ ਕਿ ਗੁਰੂ ਨਾਨਕ ਦੇਵ ਜੀ ਸੱਚੇ ਗੁਰੂ ਹਨ, ਪਰ ਉਹਨਾਂ ਦੀ ਤਸਵੀਰ ਨੂੰ ਸੱਚਾ ਸਾਬਤ ਕਰਨ ਲਈ ਸਾਡੇ ਕੋਲ ਨਾ ਕੋਈ ਇਤਿਹਾਸਕ ਗਵਾਹੀ ਹੈ ਤੇ ਨਾ ਹੀ ਇਸ ਚੀਜ਼ ਦਾ ਸਬੂਤ ਮਿਲ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਸੀਨਾ ਬਸੀਨਾ ਚਲੀ ਆ ਰਹੀ ਹੈ। ਬਾਜ਼ਾਰ ਵਿਚ ਕਈ ਪ੍ਰਕਾਰ ਦੀਆਂ ਤਸਵੀਰਾਂ ਮਿਲਦੀਆਂ ਹਨ। ਇਸ ਗਲ਼ ਦੀ ਪਛਾਣ ਕਰਨੀ ਕਿ ਗੁਰੂ ਨਾਨਕ ਦੇਵ ਜੀ ਦੀ ਕਿਹੜੀ ਤਸਵੀਰ ਸੱਚੀ ਹੈ ਤੇ ਕਿਹੜੀ ਝੂਠੀ ਹੈ, ਨਿਰਣਾ ਕਰਨਾ ਬੜੀ ਔਖੀ ਗੱਲ ਹੈ। ਇਸ ਬਾਰੇ ਇਹੋ ਕਹਿਣਾ ਹੀ ਉਚਿਤ ਹੋਵੇਗਾ ਕਿ ਇਹ ਬਣਾਉਟੀ ਤਸਵੀਰਾਂ ਮਨੁੱਖੀ ਕਲਪਨਾ ਦੀ ਉਪਜ ਹਨ। ਗੁਰਮਤਿ ਵਿਚ ਬੁੱਧੀ ਪ੍ਰਧਾਨ ਨਹੀਂ ਪ੍ਰੇਮ ਭਾਵਨਾ ਪਰਧਾਨ ਹੈ।

ਬੁਧੀ ਦਲੀਲ ਰਾਹੀਂ ਮਨੁਖ ਦੇ ਹਿਰਦੇ ਅੰਦਰ ਵੈਰ-ਭਾਵਨਾ ਤੇ ਗੁਸਾ ਭਰ ਦੇਂਦੀ ਹੈ। ਜੀਵ ਹਉਮੈਂ ਵਿਚ ਫਸ ਕੇ ਐਨਾ ਨਿਢਾਲ ਹੋ ਜਾਂਦਾ ਹੈ ਕਿ ਉਸ ਪਾਸੋਂ ਆਤਮਿਕ ਉਨਤੀ ਦਾ ਕੋਈ ਕੰਮ ਸਿਰੇ ਹੀ ਨਹੀਂ ਚੜ੍ਹ ਸਕਦਾ। ਇਹੋ ਕਾਰਨ ਹੈ ਕਿ ਵੱਡੇ ਵੱਡੇ ਫ਼ਿਲਾਸਫ਼ਰਾਂ ਨੂੰ ਜੀਵਨ ਵਿਚ ਅਸਫਲਤਾ ਦਾ ਮੂੰਹ ਵੇਖਣਾ ਪਿਆ। ਬੁੱਧੀ ਨੂੰ ਛੱਡ ਕੇ ਪ੍ਰੇਮਾ-ਭਗਤੀ ਰਾਹੀਂ ਜਦੋਂ ਤਕ ਅਨਭਵ ਪ੍ਰਕਾਸ਼ ਦਾ ਗਿਆਨ ਨਾ ਹੋਵੇ, ਓਦੋਂ ਤਕ ਆਤਮਿਕ ਮੰਡਲ ਦੇ ਰੱਸ ਤੇ ਹੁਲਾਰਿਆਂ ਨੂੰ ਮਾਣ ਸਕਣਾ ਕਠਿਨ ਹੀ ਨਹੀਂ ਸਗੋਂ ਅਸੰਭਵ ਹੈ। ਬੁਧੀ ਹਉਮੈ ਦਾ ਰੋਗ ਪੈਦਾ ਕਰਦੀ ਹੈ ਤੇ ਹਉਮੈ ਵਿਚ ਕਲਪਿਆ ਹੋਇਆ ਚਿਤ੍ਰ ਵੀ ਕਲਪਣਾ ਰੂਪ ਹੁੰਦਾ ਹੈ, ਕਿਉਂਕਿ ਚਿਤ੍ਰ ਨੂੰ ਬੁੱਧੀ ਆਪਣੇ ਅਭਿਆਸ ਅਨੁਸਾਰ ਕਲਪ ਕੇ ਉਸ ਦੀ ਸੁਹੱਪਣ ਨੂੰ ਵਧਾ ਕੇ ਦਰਸਾਉਂਦੀ ਹੈ। ਇਸ ਲਈ ਕਲਪਣਾ ਤੇ ਅਨੁਭਵੀ ਗਿਆਨ ਦਾ ਪਰਸਪਰ ਮੇਲ ਨਹੀਂ ਹੋ ਸਕਦਾ। ਕਲਪਣਾ ਵਿਚ ਫ਼ਰਜ਼ੀ ਭਾਵ ਨਿਰਾਪੁਰਾ ਮਨੌਤ ਦਾ ਅੰਸ਼ ਹੁੰਦਾ ਹੈ, ਇਸ ਲਈ ਸੱਚੀ ਨਹੀਂ ਹੁੰਦੀ, ਫਿਰ ਕਲਪੀ ਹੋਈ ਤਸਵੀਰ ਕਿਵੇਂ ਸੱਚੀ ਹੋ ਸਕਦੀ ਹੈ? ਜੇ ਸੱਚੀ ਨਹੀਂ ਤਾਂ ਸਤਿ ਚਿਤ ਅਨੰਦ ਸਰੂਪ ਪਰਮੇਸ਼ਰ ਨਾਲ ਇਹ ਦਾ ਕਿਵੇਂ ਮੇਲ ਕਰਾ ਸਕਦੀ ਹੈ? ਸੋ, ਕੇਵਲ ਅਨਭਵੀ ਗਿਆਨ ਹੀ ਰਬੀ ਗਿਆਨ ਦਾ ਪ੍ਰਤੀਕ ਹੈ।

ਬੁਧੀ ਮੰਡਲ ਦੀ ਕੈਦ ਚੋਂ ਨਿਕਲ ਕੇ ਵਲਵਲੇ ਦੇ ਦੇਸ ਨਾਲ ਯਾਰੀਆਂ ਲਾਉਣ ਦੀ ਲੋੜ ਹੈ, ਨਾ ਕਿ ਮੂਰਤਾਂ ਨਾਲ?

**ਚਚਾ, ਰਚਿਤ ਚਿਤ੍ਰ ਹੈ ਭਾਰੀ ॥**
**ਤਜਿ ਚਿਤ੍ਰੈ ਚੇਤਹੁ ਚਿਤਕਾਰੀ ॥**
**ਚਿਤ੍ਰ ਬਚਿਤ੍ਰ ਇਹੈ ਅਵਝੇਰਾ ॥**
**ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ ॥** [ਪੰਨਾ ੩੪੦

ਚਿਤ੍ਰ-ਧਿਆਨ ਤਿਲਕਣ ਬਾਜ਼ੀ ਹੈ ਤੇ ਇਸ ਦਾ ਹਰ ਵੇਲੇ ਇਕ ਖਤਰਾ ਰਹਿੰਦਾ ਹੈ ਜਦੋਂ ਇਕ ਤੋਂ ਦੂਜਾ, ਦੂਜੇ ਤੋਂ ਤੀਜਾ ਭਾਵ ਵਧੀਆਂ ਤੋਂ ਵਧੀਆ ਚਿਤ੍ਰ ਅੱਖਾਂ ਨੇ ਵੇਖ ਲਿਆ, ਇਕ ਪਾਸੋਂ ਹੱਟ ਕੇ ਉਸ ਵਿਚ ਫਸ ਜਾਣਗੀਆਂ। ਅਨੁਭਵੀ ਗਿਆਨ ਵਿਚ ਸਦਾ ਪ੍ਰਪੱਕਤਾ ਤੇ ਦ੍ਰਿੜ੍ਹਤਾ ਰਹਿੰਦੀ ਹੈ। ਜੀਵ ਹਰ ਵੇਲੇ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਅਨਭਵ ਕਰਦਾ ਹੈ ਤੇ ਵਿਸਮਾਦ ਵਿਚ ਆ ਕੇ ਮਿਠੀ ਮਿਠੀ ਤੇ ਪਿਆਰੀ ਪਿਆਰੀ ਇਲਾਹੀ ਬਾਣੀ ਗਾਉਣ ਲਗ ਜਾਂਦਾ ਹੈ:-

**ਕਿ ਜ਼ਾਹਰ ਜ਼ਹੂਰ ਹੈ। ਕਿ ਹਾਜ਼ਰ ਹਜ਼ੂਰ ਹੈ।**.....

ਸਾਹਿਬ ਤਾਂ ਸਦਾ ਹਜ਼ੂਰ ਹੈ ਤੇ ਉਸ ਨੂੰ ਪਛਾਣਨ ਦੀ ਵਿਉਂਤ ਵੀ ਸਾਨੂੰ ਸਤਿਗੁਰੂ ਜੀ ਨੇ ਆਪ ਦਸੀ ਹੈ:-

**ਸਦ ਹੀ ਨੇੜੈ ਦੂਰਿ ਨ ਜਾਣਹੁ ॥**
**ਗੁਰ ਕੈ ਸਬਦਿ ਨਜੀਕਿ ਪਛਾਣਹੁ॥** [ਪੰਨਾ ੧੦੬੮

ਵਾਹਿਗੁਰੂ ਜੀ ਦੀ ਹਜ਼ੂਰੀ ਦਾ ਚਮਤਕਾਰ ਤਸਵੀਰ ਮੁਹਰੇ ਰਖ ਕੇ ਦ੍ਰਿਸ਼ਟੀ ਗੋਚਰ ਨਹੀਂ ਹੋ ਸਕਦਾ ਜਦੋਂ ਤਕ ਕਿ ਸ਼ਬਦ ਦੀ ਕਮਾਈ ਨਹੀਂ ਕੀਤੀ ਜਾਂਦੀ। ਗੁਰਸਿਖ ਤਾਂ ਉਸ ਤਸਵੀਰ ਦਾ ਧਿਆਨ ਧਰਦਾ ਹੈ ਜਿਸ ਦੀ ਪਛਾਣ "ਹਮਾਰੀ ਪਿਆਰੀ ਅੰਮ੍ਰਿਤ

ਧਾਰੀ, ਗੁਰਿ ਨਿਮਖ ਨ ਮਨ ਤੇ ਟਾਰੀ ਰੇ॥" (ਪੰਨਾ ੪੦੪) ਕਰਾਉਂਦੀ ਹੈ। ਗੁਰਸਿਖਾਂ ਦਾ ਮਨ ਇਹਨਾਂ ਬਣਾਉਟੀ ਤਸਵੀਰਾਂ ਵਿਚ ਨਹੀਂ ਲਗਦਾ ਕਿਉਂਕਿ ਤਸਵੀਰ ਇਕ-ਦੇਸੀ ਹੈ ਤੇ ਵਾਹਿਗੁਰੂ ਜੀ ਸਰਬ ਬਿਆਪੀ ਹਨ- "ਘਟ ਘਟ ਵਾਸੀ ਸਰਬ ਨਿਵਾਸੀ, ਨੇਰੈ ਹੂੰ ਤੇ ਨੇਰਾ॥" ਇਹ 'ਅੰਮ੍ਰਿਤ ਸੱਜਣ' ਜੀ ਕਿਵੇਂ ਇਕ ਨਿਕੀ ਜਿਹੀ ਤਸਵੀਰ ਵਿਚ ਟਿਕ ਸਕਦੇ ਹਨ। ਵਾਹਿਗੁਰੂ ਜੀ ਦੀ ਜੋਤਿ ਤਾਂ ਸਾਰਿਆਂ ਵਿਚ ਹੈ। ਇਹ ਵਿਸ਼ਵ ਸੰਸਾਰ ਹੀ ਉਸਦਾ ਰੂਪ ਹੈ। ਇਸ ਲਈ ਭਾਈ ਸਾਹਿਬ ਭਾ. ਗੁਰਦਾਸ ਜੀ ਦੇ ਕਥਨ ਅਨੁਸਾਰ ਵਾਹਿਗੁਰੂ ਨੂੰ ਐਨਾ ਛੋਟਾ ਆਖ ਕੇ ਉਸ ਦੀ ਅਰਾਧਨਾ ਕਰਨ ਨਾਲੋਂ ਤਾਂ ਚੁੱਪ ਰਹਿਣਾ ਹੀ ਚੰਗਾ ਹੈ:-

**ਜਾਂ ਕੇ ਏਕ ਫਣਿ ਅਗ੍ਰਭਾਗ ਹੈ ਧਰਨਿਧਾਰੀ,**
**ਤਾਂਹਿ 'ਗਿਰਧਰ' ਕਹੇ ਕੌਨ ਸੀ ਬਡਾਈ ਹੈ?**
**ਜਾਂ ਕੋ ਏਕ ਬਾਵਰੋ ਹੂੰ 'ਵਿਸ਼੍ਵਨਾਥ' ਨਾਮ ਕਹੇ,**
**ਤਾਂਹਿ ਬ੍ਰਿਜਨਾਥ ਕਹੇ ਕੌਨ ਅਧਿਕਾਈ ਹੈ?**
**ਅਨਿਕ ਅਕਾਰ ਓਅੰਕਾਰ ਕੈ ਬਿਥਾਰ ਤਾਂਹਿ,**
**'ਨੰਦ ਕੋ ਨੰਦਨ' ਕਹੇ ਕੌਣ ਪ੍ਰਭੁਤਾਈ ਹੈ?**
**ਜਾਨੈ ਉਸਤਤਿ ਔਰ ਕਰਤ ਹੈ ਨਿੰਦਾ ਮੂੜ੍ਹ,**
**ਐਸੇ ਹੀ ਆਰਾਧਬੇ ਤੇ ਮੋਨ ਸੁਖਦਾਈ ਹੈ॥**

ਜਦੋਂ ਬਾਣੀ ਵਿਚ ਇਹ ਲਿਖਿਆ ਹੈ ਕਿ ਵਾਹਿਗੁਰੂ ਦੇ ਸੰਤ ਵਾਹਿਗੁਰੂ ਦੀ ਮੂਰਤ ਹੀ ਹਨ ਤਾਂ ਸੰਤਾਂ ਦੀ ਮੂਰਤਿ ਦਾ ਧਿਆਨ ਧਰਨਾ ਗੁਰਮਤਿ ਦੇ ਉਲਟ ਕਿਵੇਂ ਹੋਇਆ? ਸਾਡੀ

ਸੱਜਣ ਇਹ ਪੁਛਦੇ ਹਨ ਕਿ ਸੰਤਾਂ ਦੀ ਮੂਰਤੀ ਦਾ ਧਿਆਨ ਧਰਨ ਵਿਚ ਕੀ ਹਰਜ ਹੈ ਜਦੋਂ ਕਿ ਬਾਣੀ ਵਿਚ ਲਿਖਿਆ ਹੈ:-

**ੳ- ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ**
**ਜਿਸੁ ਹਿਰਦੈ ਹਰਿ ਨਾਮੁ ਮੁਰਾਰਿ ॥[ਪੰਨਾ ੧੧੩੫**

**ਅ- ਸਫਲ ਮੂਰਤਿ ਪਰਸਉ ਸੰਤਨ ਕੀ**
**ਇਹੈ ਧਿਆਨਾ ਧਰਨਾ ॥ [ਪੰਨਾ ੫੩੧**

ਬਹੁਤ ਸਾਰੇ ਸਜਣਾਂ ਨੂੰ ਗੁਰਬਾਣੀ ਦੇ ਵਿਆਕਰਣ ਦੀ ਸੋਝੀ ਨਾ ਹੋਣ ਦੇ ਕਾਰਨ ਓਹ ਕਈ ਪ੍ਰਕਾਰ ਦੇ ਮਨ ਘੜਤ ਅਰਥ ਕਰ ਲੈਂਦੇ ਹਨ। ਜਿਵੇਂ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਸਿਖ ਨੇ ਕਿਸੇ ਦੇ ਪੈਸੇ ਦੇਣ ਸਨ। ਉਹ "ਕੇਤੇ ਲੈ ਲੈ ਮੁਕਰ ਪਾਹਿ" ਵਾਲੀ ਪੰਗਤੀ ਪੜ੍ਹ ਕੇ ਆਪਣਾ ਪੱਖ ਸਿਧ ਕਰਦਾ ਸੀ ਅਤੇ ਅਗਲੀ ਪੰਗਤੀ "ਕੇਤੇ ਮੂਰਖ ਖਾਹੀ ਖਾਹਿ" ਨਹੀਂ ਸੀ ਪੜ੍ਹਦਾ, ਇਸੇ ਤਰ੍ਹਾਂ ਆਪਣੀ ਪੂਜਾ ਕਰਾਉਣ ਵਾਲੇ ਸੰਤ ਸਜਣ ਉਪ੍ਰੋਕਤ ਸ਼ਬਦਾਂ ਦੀ ਟੇਕ ਲੈ ਕੇ ਆਪਣੀ ਮੂਰਤੀ ਦਾ ਧਿਆਨ ਧਰਾਉਂਦੇ ਹਨ। ਗੁਰਬਾਣੀ ਦੇ ਅਰਥਾਂ ਤੋਂ ਅਨਜਾਣ ਲੋਕਾਂ ਨੂੰ ਇਸ ਗੱਲ ਦਾ ਗਿਆਨ ਨਹੀਂ ਕਿ 'ਸੰਤ' ਪਦ ਇਥੇ ਸੰਤਾਂ ਲਈ ਨਹੀਂ ਵਰਤਿਆ ਗਿਆ। ਇਹ ਇਕ ਵਚਨ ਸ਼ਬਦ ਹੈ ਕਿਉਂਕਿ ਸੰਤ ਦੇ ਤੱਤੇ ਅੱਖਰ ਨੂੰ ਔਂਕੜ ਲੱਗਾ ਹੋਇਆ ਹੈ ਅਤੇ ਇਹ ਕੇਵਲ ਸਤਿਗੁਰ ਲਈ ਹੀ ਵਰਤਿਆ ਗਿਆ ਹੈ। ਇਸ ਗੱਲ ਦੀ ਪੁਸ਼ਟੀ ਇਸੇ ਸ਼ਬਦ ਦੀਆਂ ਅੰਤਲੀਆਂ ਪੰਗਤੀਆਂ ਕਰਦੀਆਂ ਹਨ:-

**ਹਰਿ ਜੋ ਕਿਛੁ ਕਰੇ ਸੋ ਆਪੇ ਆਪੇ**

**ਓਹੁ ਪੂਛਿ ਨ ਕਿਸੈ ਕਰੇ ਬੀਚਾਰਿ ॥**
**ਨਾਨਕ ਸੋ ਪ੍ਰਭੁ ਸਦਾ ਧਿਆਈਐ**
**ਮੇਲਿਆ ਸਤਿਗੁਰੁ ਕਿਰਪਾ ਧਾਰਿ ॥[ਪੰਨਾ ੧੧੩੫**

ਇਸੇ ਤਰ੍ਹਾਂ ਦੂਜੇ ਸ਼ਬਦ ਦਾ ਆਰੰਭ "ਸਰਬ ਸੁਖਾਂ ਗੁਰ ਚਰਨਾ" ਤੋਂ ਹੁੰਦਾ ਹੈ। ਇਸ ਪੰਕਤੀ ਦੇ ਅਰਥ ਵੀ ਸਤਿਗੁਰ ਦਾ ਧਿਆਨ ਕਰਨ ਲਈ ਬਣਦੇ ਹਨ, ਸੰਤਾਂ ਦੇ ਨਹੀਂ। ਗੁਰਬਾਣੀ ਦੇ ਆਸ਼ੇ ਅਨੁਸਾਰ ਸਿਖ ਤੇ ਸੰਤ ਆਦਰਯੋਗ ਹਨ ਪਰ ਅਖਾਉਤੀ ਸੰਤ ਇਹਨਾਂ ਪੰਕਤੀਆਂ ਦਾ ਅਯੋਗ ਲਾਭ ਉਠਾਉਂਦੇ ਹਨ। ਸੰਗਤਾਂ ਨੂੰ ਇਸ ਤੋਂ ਚੇਤੰਨ ਹੋਣ ਦੀ ਲੋੜ ਹੈ। ਸੰਤਾਂ ਦੀ ਮੂਰਤਿ ਵੇਖਣ ਦੀ ਲੋੜ ਨਹੀਂ, ਨਾ ਹੀ ਸੂਰਤ ਵੇਖਣ ਵਿਚ ਕੋਈ ਮਹੱਤਤਾ ਹੈ। ਜੇ ਕੋਈ ਵਡਿਆਈ ਹੈ ਤਾਂ 'ਸੰਤ' ਦੀ ਸੀਰਤ (ਸੁਭਾਉ) ਵਿਚ ਹੈ ਜਿਸ ਤੋਂ ਉਸ ਦੀ ਪਰਖ ਹੁੰਦੀ ਹੈ:-

**ਕਬੀਰ ਸੰਤੁ ਨ ਛੋਡੈ ਸੰਤਈ,**
**ਜਉ ਕੋਟਿਕ ਮਿਲਹਿ ਅਸੰਤ ॥**
**ਮਲਿਆਗਰੁ ਭੁਯੰਗਮ ਬੇਢਿਓ,**
**ਤ ਸੀਤਲਤਾ ਨ ਤਜੰਤ ॥੧੭੪॥ [ਪੰਨਾ ੧੩੭੩**

ਗੁਰੂ ਸਾਹਿਬਾਨ ਦੀਆਂ ਮਨੋ ਕਲਪਿਤ ਤਸਵੀਰਾਂ ਬਣਾਉਣੀਆਂ, ਛਪਵਾਉਣੀਆਂ, ਖ਼ਰੀਦਣੀਆਂ, ਵੇਚਣੀਆਂ, ਘਰਾਂ ਜਾਂ ਗੁਰਦੁਆਰਿਆਂ ਵਿਚ ਦੀਵਾਰਾਂ ਨਾਲ ਟੰਗਣੀਆਂ ਉਨ੍ਹਾਂ ਉਤੇ ਫੁੱਲਾਂ ਦੇ ਹਾਰ (ਸਿਹਰੇ) ਚੜ੍ਹਾਉਣੇ, ਉਨ੍ਹਾਂ ਨੂੰ ਧੂਪ ਧੁਖਾਉਣੀ, ਉਨ੍ਹਾਂ ਦਾ ਧਿਆਨ ਕਰਨਾ, ਉਨ੍ਹਾਂ ਅਗੇ ਮੱਥਾ ਟੇਕਣਾ ਮਨ੍ਹਾਂ

ਮਨਮਤਿ ਹੈ। ਗੁਰੂ ਘਰ ਵਿਚ ਗੁਰਬਾਣੀ ਜੋ ਕਰਤਾਰੀ ਜੋਤਿ ਨਾਲ ਓਤਿ ਪੋਤਿ ਹੈ ਨੂੰ ਹੀ ਗੁਰੂ ਮੰਨਿਆ ਗਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ 'ਪੋਥੀ ਪਰਮੇਸਰ ਕਾ ਥਾਨੁ' ਮੰਨ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕੀਤਾ। ਇਸ ਪਾਵਨ ਸਰੂਪ ਦੇ ਆਦਿ ਜਾਂ ਅੰਤ ਵਿਚ ਕਿਸੇ ਗੁਰੂ ਜੋਤੀ ਦੀ ਤਸਵੀਰ ਜਾਂ ਚਿਤ੍ਰ ਨਹੀਂ ਦਿੱਤਾ ਅਤੇ ਨਾ ਹੀ ਸੰਪਾਦਿਕ ਹੋਣ ਦੇ ਨਾਤੇ ਆਪਣਾ ਨਾ ਹੀ ਅੰਕਿਤ ਕੀਤਾ ਹੈ। ਜੇ ਦੇਹ ਨੂੰ ਗੁਰੂ ਮੰਨ ਕੇ ਇਸ ਤੋਂ ਨਾਮ ਦੀ ਪ੍ਰਾਪਤੀ ਜਾਂ ਹੋਰ ਆਤਮਿਕ ਸ਼ਕਤੀ ਪ੍ਰਾਪਤ ਹੋਣ ਵਾਲੀ ਗਲ ਸਚੀ ਹੁੰਦੀ ਤਾਂ ਗੁਰਬਾਣੀ ਵਿਚ ਹੇਠ ਲਿਖਿਆ ਸੰਕੇਤ ਬਿਲਕੁਲ ਹੀ ਦਰਜ ਨਾ ਹੁੰਦਾ:-

> **ਸਤਿਗੁਰ ਨੋ ਸਭ ਕੋ ਵੇਖਦਾ, ਜੇਤਾ ਜਗਤੁ ਸੰਸਾਰੁ॥**
> **ਡਿਠੈ ਮੁਕਤਿ ਨ ਹੋਵਈ,**
> **ਜਿਚਰੁ ਸਬਦਿ ਨ ਕਰੇ ਵੀਚਾਰੁ॥** [ਪੰਨਾ ੫੯੪

ਪਾਠਕ ਜੀ! ਮਿਸਾਲ ਦੇ ਤੌਰ ਤੇ ਜੇ ਤੁਹਾਡਾ ਪਿਤਾ ਕਿਸੇ ਨੇ ਵੇਖਿਆ ਹੀ ਨਹੀਂ ਅਤੇ ਉਹ ਉਸ ਦਾ ਕੋਈ ਬਣਾਉਟੀ ਫ਼ੋਟੋ ਜਾਂ ਤਸਵੀਰ ਲਿਆ ਕੇ ਕਹਿਣ ਕਿ ਇਹ ਤੁਹਾਡੇ ਪਿਤਾ ਜੀ ਹਨ, ਕੀ ਤੁਸੀਂ ਮੰਨ ਲਵੋਗੇ? ਜੇ ਦੇਹੀ ਵੇਖ ਕੇ ਹੀ ਕੁਝ ਪ੍ਰਾਪਤ ਹੁੰਦਾ ਤਾਂ ਪਿਤਾ, ਗੁਰੂ ਨਾਨਕ ਦੇਵ ਜੀ ਨੂੰ ਚਪੇੜਾ ਹੀ ਕਿਉਂ ਮਾਰਦਾ? ਪੰਚਮ ਪਾਤਿਸ਼ਾਹ, ਨੌਵੇਂ ਪਾਤਿਸ਼ਾਹ ਜੀ ਅਤੇ ਹੋਰ ਨਾਮ-ਰੰਗੀਆਂ ਰੂਹਾਂ ਨੂੰ ਸ਼ਹੀਦਾਂ ਹੀ ਕਿਉਂ ਕੀਤਾ ਜਾਂਦਾ?

ਇਕ ਮਿੰਟ ਲਈ ਜੇ ਕੋਈ ਤਸਵੀਰ ਅਸਲੀ ਵੀ ਹੈ, ਤਾਂ ਕੀ ਉਸ ਦਾ ਧਿਆਨ ਧਰਿਆਂ ਰਬੀ-ਜੋਤਿ ਦੇ ਦਰਸ਼ਨ ਹੋ ਜਾਂਦੇ ਹਨ? ਨਹੀਂ, ਕਦਾ ਚਿਤ ਨਹੀਂ ਹੋਂਦੇ। 'ਮੂਰਤਿ' ਤੋਂ ਭਾਵ ਕਾਗਜ਼ੀ ਤਸਵੀਰ ਦਾ ਨਹੀਂ, ਇਹ 'ਹਸਤੀ' ਅਥਵਾ 'ਹੋਂਦ' ਦੀ ਪ੍ਰਤੀਕ ਹੈ। ਗੁਰੂ ਦੀ ਸਦੀਵੀ ਹੋਂਦ, ਅਕਾਲ ਮੂਰਤਿ ਦਾ ਧਿਆਨ ਆਪਣੇ ਮਨ ਵਿਚ ਪਰਪੱਕ ਕਰਨਾ ਹੈ:-

**ਗੁਰ ਮੇਰੈ ਸੰਗਿ ਸਦਾ ਹੈ ਨਾਲੇ ॥**
**ਸਿਮਰਿ ਸਿਮਰਿ ਤਿਸੁ ਸਦਾ ਸਮਾਲੇ॥**

ਅਜੋਕਾ ਯੁੱਗ ਤਸਵੀਰਾਂ, ਮੂਰਤਾਂ ਦੀਆਂ ਪਰਦਰਸ਼ਨੀਆਂ ਦਾ ਯੁੱਗ ਹੈ ਕਿਉਂਕਿ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਜਿਤਨੇ ਵੀ ਸਮਾਗਮ ਹੁੰਦੇ ਹਨ, ਸਭ ਵਿਚ ਸਟੇਜਾਂ ਤੋਂ ਫੋਟੋ ਖਿਚਣ ਖਿਚਾਉਣ ਦੀ ਗਹਿਮਾ ਗਹਿਮ ਹੁੰਦੀ ਹੈ। ਰਸਾਲਿਆਂ, ਅਖਬਾਰਾਂ ਆਦਿ ਵਿਚ ਤਸਵੀਰਾਂ ਦੀ ਪਰਦਰਸ਼ਨੀ ਨਾਲ ਵਿਅਕਤੀਆਂ ਦੀ ਪ੍ਰਸਿਧੀ ਹੁੰਦੀ ਹੈ, ਹਉਮੈ ਦੀ ਪੀਂਘ ਤੇ ਸਭ ਝੂਟੇ ਲੈਂਦੇ ਹੋਏ ਝੂਮਦੇ ਹਨ।

ਮੁਸਲਮਾਨਾਂ ਨੇ ਹੁਣ ਤਕ ਹਜ਼ਰਤ ਮੁਹਮੰਦ ਸਾਹਿਬ ਦੀ ਇਕ ਵੀ ਤਸਵੀਰ ਜਾਂ ਮੂਰਤੀ ਨਹੀਂ ਬਣਾਉਣ ਦਿਤੀ, ਇਸ ਪਖੋਂ ਹੀ ਉਨ੍ਹਾਂ ਦਾ ਹਿੰਦੂ ਧਰਮ ਨਾਲ ਵਿਰੋਧ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਇਸ ਬਾਰੇ ਠੋਸ ਸਪਸ਼ਟੀਕਰਨ ਹਿਰਦੇ ਵਿਚ ਨੋਟ ਕਰਨ ਵਾਲਾ ਹੈ:-

**ਪਾਖਾਨ ਪੂਜ ਹਉ ਨਹੀਂ ॥**

ਨਾ ਭੇਖ ਭੀਜ ਹਉ ਕਹੀ ॥ [ਬਚਿਤ੍ਰ ਨਾਟਕ

--- ---

ਤਾਹੀ ਕੋ ਧਿਆਨ ਪਰਮਾਨ ਹੀਐ,
ਜੋ ਥਾ ਅਬ ਹੈ ਆਗੈ ਊ ਹਵੈ ਹੈ ॥

[ਅਕਾਲ ਉਸਤਤਿ

ਕੌਮ ਦੇ ਆਗੂਆਂ, ਪਰਚਾਰਕਾਂ ਨੂੰ ਚਾਹੀਦਾ ਹੈ ਕਿ ਉਹ ਧਰਮ ਪ੍ਰਚਾਰ ਦੁਆਰਾ ਸਮਾਜ ਸੁਧਾਰ ਵਿਚ ਕ੍ਰਾਂਤੀ ਲਿਆਉਣ ਪਰ ਇਉਂ ਜਾਪਦਾ ਹੈ ਜਿਵੇਂ ਕਿ ਉਹ ਆਪ ਹੀ ਸ਼ਬਦ-ਮਾਰਗ ਦੇ ਪੱਕੇ ਧਾਰਨੀ ਨਹੀਂ ਬਣੇ। ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਤਸਵੀਰਾਂ ਬਾਰੇ ਇਕ ਹੁਕਮਨਾਮਾ ਵੀ ਜਾਰੀ ਹੋ ਚੁੱਕਾ ਹੈ ਜਿਸ ਅਨੁਸਾਰ ਗੁਰਬਾਣੀ ਗੁਟਕਿਆਂ ਅਤੇ ਪੋਥੀਆਂ ਵਿੱਚ ਕਿਸੇ ਵਿਅਕਤੀ ਦਾ ਫੋਟੋ ਨਹੀਂ ਹੋਣਾ ਚਾਹੀਦਾ, ਪਰ ਵੇਖਣਾ ਇਹ ਹੈ ਕਿ ਇਸ ਹੁਕਮਨਾਮੇ ਉਪਰ ਕਿਤਨਾ ਕੁ ਅਮਲ ਹੁੰਦਾ ਹੈ।

❄

# ਨਾਮ ਪ੍ਰਾਪਤੀ ਦੇ ਸਾਧਨ

ਜਦੋਂ ਤਕ ਮਨੁੱਖ ਵਿਚ ਆਪਣੀ ਮਤਿ ਹੈ, ਓਦੋਂ ਤੱਕ ਇਸ ਨੂੰ ਨਾਮ ਪ੍ਰਾਪਤ ਨਹੀਂ ਹੋ ਸਕਦਾ। ਆਪਣੀ ਮਤਿ ਤਿਆਗਣੀ ਅਤੇ ਗੁਰੂ ਦੀ ਮਤਿ ਲੈਣੀ ਇਹ ਬਹੁਤ ਔਖੀ ਕਾਰ ਹੈ। ਗੁਰਵਾਕ ਹਨ:-

**ਮਨ ਕੀ ਮਤਿ ਤਿਆਗਹੁ ਹਰਿ ਜਨ,**
**ਏਹਾ ਬਾਤ ਕਠੈਨੀ ॥**
**ਅਨਦਿਨੁ ਹਰਿ ਹਰਿ ਨਾਮੁ ਧਿਆਵਹੁ,**
**ਗੁਰ ਸਤਿਗੁਰ ਕੀ ਮਤਿ ਲੈਨੀ॥** [ਪੰਨਾ ੮੦੦

ਧਾਰਮਿਕ ਖੇਤਰ ਵਿਚੋਂ ਰਾਜਾ ਜਨਕ ਦਾ ਨਾਂ ਬਹੁਤ ਪ੍ਰਸਿਧ ਹੈ। ਕਹਿੰਦੇ ਹਨ ਕਿ ਰਾਜਾ ਜਨਕ ਨੇ ਗੁਰੂ ਦੀ ਪ੍ਰੀਖਿਆ ਅਥਵਾ ਨਾਮ-ਗਿਆਨ ਦੀ ਪ੍ਰਾਪਤੀ ਹਿਤ ਆਪਣੇ ਰਾਜ ਪਰਗਣੇ ਵਿਚ ਢੰਡੋਰਾ ਫਿਰਵਾਇਆ ਕਿ ਜਿਹੜਾ ਸਜਣ ਘੋੜੇ ਦੀ ਰਕਾਬ ਵਿਚ ਪੈਰ ਰਖਦਿਆਂ ਰਖਦਿਆਂ ਮੈਨੂੰ ਨਾਮ ਗਿਆਨ ਦੀ ਸੋਝੀ ਕਰਾ ਦੇਵੇ ਉਹ ਉਸ ਨੂੰ ਆਪਣਾ ਗੁਰੂ ਧਾਰਨ ਕਰ ਲਵੇਗਾ।

ਢੰਡੋਰੇ ਦੀ ਅਵਾਜ਼ ਸੁਣ ਕੇ ਦੁਨੀਆਂ ਭਰ ਦੇ ਰਿਸ਼ੀ ਮੁਨੀ ਆਪਣੇ ਆਪਣੇ ਵਿਚਾਰਾਂ ਅਨੁਸਾਰ ਮਨ ਦੇ ਟਿਕਾਉ ਅਤੇ ਨਾਮ-ਗਿਆਨ ਦੇ ਪ੍ਰਕਾਸ਼ ਵਾਸਤੇ ਸ਼ਾਸਤ੍ਰਾਂ ਵਿਚ ਦਸੇ ਕਰਮ ਕਾਂਡ

ਮਤੇ ਕਰੜੇ ਕਰੜੇ ਸਾਧਨ ਦਸਣ ਦਾ ਯਤਨ ਕਰਦੇ ਰਹੇ ਪਰ ਰਾਜਾ ਜਨਕ ਜੀ ਦੀ ਕਿਸੇ ਪਾਸੋਂ ਭੀ ਤਸੱਲੀ ਨਾ ਹੋਈ। ਆਖ਼ਰ ਅਸ਼ਟਾ ਬਕਰ ਜੀ ਜਿਨ੍ਹਾਂ ਦੇ ਸਰੀਰ ਨੂੰ ਅਠ ਵਲ ਪਏ ਹੋਏ ਸਨ, ਆਏ ਤਾਂ ਉਨ੍ਹਾਂ ਦਾ ਸਰੀਰ ਵੇਖ ਕੇ ਕਈ ਪੰਡਤਾਂ ਤੇ ਵੇਦ ਪਾਠੀਆਂ ਨੇ ਹਾਂਸੀ ਕੀਤੀ ਜਿਸ ਤੇ ਅਸ਼ਟਾ ਬਕਰ ਜੀ ਨੇ ਉਨ੍ਹਾਂ ਨੂੰ ਚਮ ਵਾਲੇ ਸਰੀਰ ਦੀ ਪਰਖ ਕਰਨ ਬਦਲੇ 'ਚਮਿਆਰ' ਦੀ ਉਪਾਧੀ ਦਿੱਤੀ। ਆਪ ਜੀ ਨੇ ਰਾਜਾ ਜੀ ਨੂੰ ਘੋੜਾ ਮੰਗਾਉਣ ਲਈ ਆਖਿਆ। ਪਰ ਪਹਿਲਾਂ ਇਹ ਪੁਛਿਆ ਕਿ ਜਿਸ ਨੇ ਆਪ ਨੂੰ ਨਾਮ ਦਾ ਸਿਧਾਂਤ ਦ੍ਰਿੜ ਕਰਾਉਣਾ ਹੈ ਉਸ ਨੂੰ ਕੀ ਭੇਟਾ ਦਿਉਗੇ? ਤਾਂ ਰਾਜਾ ਜਨਕ ਜੀ ਬੋਲੇ ਕਿ ਜੋ ਮੰਗੋਗੇ, ਭੇਟਾ ਦਿਆਂਗਾ। ਅਸ਼ਟਾ ਬਕਰ ਜੀ ਕਿਹਾ ਕਿ ਪਹਿਲਾਂ ਆਪਣਾ ਮਨ ਭੇਟਾ ਕਰੋ। ਰਾਜਾ ਜੀ ਨੇ ਰਿਸ਼ੀ ਜੀ ਨੂੰ ਆਪਣਾ ਮਨ ਅਰਪਨ ਕਰਨ ਦੀ ਪ੍ਰਤੱਗਿਆ ਕਰ ਲਈ। ਹੁਣ ਅਸ਼ਟਾ ਬਕਰ ਜੀ ਨਾਂ ਆਗਿਆ ਦੇਣ ਅਤੇ ਨਾ ਰਾਜਾ ਘੋੜੇ ਤੇ ਚੜ੍ਹੇ। ਗਲ ਕੀ, ਰਾਜੇ ਨੇ ਇਸ ਰਮਜ਼ ਨੂੰ ਸਮਝ ਲਿਆ ਕਿ ਆਪਣਾ ਆਪਾ ਤਿਆਗਣਾ ਅਤੇ ਗੁਰੂ ਦਾ ਆਗਿਆਕਾਰੀ ਬਣਨਾ ਭਾਵ ਗੁਰੂ ਦੇ ਹੁਕਮ ਵਿਚ ਚਲਣਾ ਹੀ ਮਨ ਦਾ ਮਾਰਨਾ ਅਤੇ ਨਾਮ-ਗਿਆਨ ਦਾ ਜਾਣਨਾ ਹੈ। ਤਨ, ਮਨ, ਧਨ ਸਭ ਕੁਝ ਗੁਰੂ ਦਾ ਸਮਝਣਾ ਹੀ ਨਾਮ-ਗਿਆਨ ਹੈ। ਨਾਮ ਓਹੀ ਮਨੁੱਖ ਪ੍ਰਾਪਤ ਕਰ ਸਕਦਾ ਹੈ ਜੋ ਸ੍ਰੀ ਗੁਰੂ ਅਮਰਦਾਸ ਜੀ ਦੇ ਪਾਵਨ ਹੁਕਮਾਂ ਤੇ ਅਮਲ ਕਰਦਾ ਹੈ:-

**ੳ- ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ.**

ਹੁਕਮਿ ਮੰਨਿਐ ਪਾਈਐ ॥ [ਪੰਨਾ ੯੧੮

ਅ- ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ ॥
ਮਨੁ ਦੇ ਪਾਵਹਿ ਨਾਮੁ ਸੁਹੇਲਾ ॥ [ਪੰਨਾ ੨੨੬

ੲ- ਮਨੁ ਦੀਆ ਗੁਰਿ ਆਪਣੈ
ਪਾਇਆ ਨਿਰਮਲ ਨਾਉ ॥ [ਪੰਨਾ ੯੩੪

ਨਾਮ ਦੀ ਪ੍ਰਾਪਤੀ ਲਈ ਮਨ ਗੁਰੂ ਦੇ ਹਵਾਲੇ ਕਰਨਾ ਪੈਂਦਾ ਹੈ। ਭਗਤ ਕਬੀਰ ਜੀ ਦੇ ਬਚਨ ਹਨ:-

ਕੰਚਨ ਸਿਉ ਪਾਈਐ ਨਹੀ ਤੋਲਿ ॥
ਮਨੁ ਦੇ, ਰਾਮੁ ਲੀਆ ਹੈ ਮੋਲਿ ॥ [ਪੰਨਾ ੩੨੭

ਭਗਤ ਰਵਿਦਾਸ ਜੀ ਅਜਿਹੀ ਪ੍ਰਾਪਤੀ ਦਾ ਜ਼ਿਕਰ ਆਪਣੇ ਸ਼ਬਦਾਂ ਵਿਚ ਇਉਂ ਕਰਦੇ ਹਨ:-

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥[ਪੰਨਾ ੬੯੪

ਗੁਰੂ ਤੋਂ ਬਿਨਾ ਹੋਰ ਕੋਈ ਥਾਂ ਨਹੀਂ ਜਿਥੋਂ ਨਾਮ ਪ੍ਰਾਪਤ ਹੋ ਸਕਦਾ ਹੋਵੇ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:-

ਦੂਸਰ ਨਾਹੀ ਠਾਉ ਕਾ ਪਹਿ ਜਾਈਐ ॥
ਆਠ ਪਹਰ ਕਰ ਜੋੜਿ, ਸੋ ਪ੍ਰਭੁ ਧਿਆਈਐ ॥
ਧਿਆਇ ਸੋ ਪ੍ਰਭੁ ਸਦਾ ਅਪੁਨਾ,
ਮਨਹਿ ਚਿੰਦਿਆ ਪਾਈਐ॥
ਤਜਿ ਮਾਨ ਮੋਹੁ ਵਿਕਾਰੁ ਦੂਜਾ,
ਏਕ ਸਿਉ ਲਿਵ ਲਾਈਐ॥

**ਅਰਪਿ ਮਨੁ ਤਨੁ ਪ੍ਰਭੂ ਆਗੈ,**
**ਆਪੁ ਸਗਲ ਮਿਟਾਈਐ ॥**
**ਬਿਨਵੰਤਿ ਨਾਨਕ ਧਾਰਿ ਕਿਰਪਾ,**
**ਸਾਚਿ ਨਾਮਿ ਸਮਾਈਐ॥** [ਪੰਨਾ ੭੦੪

ਮੁਕਦੀ ਗਲ, ਜਦ ਸਾਡਾ ਮਨ ਜਿਤਿਆ ਜਾਵੇਗਾ ਤਾਂ ਹੀ ਸਹੀ ਅਰਥਾਂ ਵਿਚ ਨਾਮ-ਰਸ ਦਾ ਅਨੰਦ ਪਾਇਆ ਜਾ ਸਕੇਗਾ। ਤੱਤ ਇਹ ਹੈ:-

**ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ**
**ਜੋ ਗੁਰ ਸਰਣਾਈ ਭਜਿ ਪਇਆ ॥**

ਸੋ, ਨਾਮ ਗੁਰੂ ਦੀ ਕਿਰਪਾ ਅਥਵਾ ਪ੍ਰਸਨੰਤਾ ਤੇ ਹੀ ਪ੍ਰਾਪਤ ਹੁੰਦਾ ਹੈ। ਇਸ ਲਈ ਗੁਰੂ ਦੀ ਸ਼ਰਣ ਵਿਚ ਆਉਣਾ ਅਤੇ ਆਗਿਆਕਾਰੀ ਬਣਨਾ ਹੀ ਨਾਮ ਦੀ ਪ੍ਰਾਪਤੀ ਦਾ ਪ੍ਰਮੁੱਖ ਸਾਧਨ ਹੈ।

# ਨਾਮ-ਸਿਮਰਨ ਜੁਗਤੀ

ਸੰਸਾਰ ਦਾ ਕੋਈ ਵੀ ਕਾਰਜ ਹੋਵੇ ਭਾਵੇਂ ਓਹ ਆਰਥਿਕ ਹੋਵੇ ਜਾਂ ਪਰਮਾਰਥਕ, ਜੁਗਤੀ ਤੋਂ ਬਿਨਾ ਸਿਧ ਨਹੀਂ ਹੁੰਦਾ। ਸੰਸਕ੍ਰਿਤ ਦਾ ਸ਼ਬਦ ਹੈ 'ਯੁਕਿ' ਜਿਸ ਦਾ ਪ੍ਰਾਕ੍ਰਿਤਕ ਰੂਪ ਹੈ ਜੁਗਤਿ, ਜੁਗਤੀ। ਕੋਸ਼ ਅਨੁਸਾਰ ਇਸ ਪਦ ਦੇ ਅਰਥ ਹਨ:- ਤਰੀਕਾ, ਢੰਗ । ਦਸਮੇਸ਼ ਪਿਤਾ ਜੀ ਦੇ ਅੰਮ੍ਰਿਤ ਬਚਨ ਹਨ:-

ਗਯਾਨ ਕੇ ਬਿਹੀਨ ਮਹਾਂ ਦਾਨਿ ਮੈ ਨ ਹੂਜੈ ਲੀਨ
ਭਾਵਨਾ ਬਿਹੀਨ ਦੀਨ ਕੈਸੇ ਕੈ ਤਰਤ ਹੈ॥

[ਅਕਾਲ ਉਸਤਤਿ

ਜਤੀ ਸਦਾਵਹਿ ਜੁਗਤਿ ਨ ਜਾਣਹਿ,
ਛਡਿ ਬਹਹਿ ਘਰ ਬਾਰ॥ [ਪੰਨਾ ੪੬੯

ਕਾਜੀ ਕੂੜੁ ਬੋਲਿ ਮਲੁ ਖਾਇ ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥ ੨ ॥ [ਪੰਨਾ ੬੬੨

ਕਿਸੇ ਕੰਮ ਨੂੰ ਸੌਖੇ ਤਰੀਕੇ ਨਾਲ ਨਜਿਠਣ ਦਾ ਨਾਮ ਜੁਗਤੀ ਹੈ। ਜਿਵੇਂ ਸਕੂਲਾਂ ਵਿਚ ਹਿਸਾਬ ਦੇ ਸੁਆਲ ਕਢਣ ਲਈ ਅਧਿਆਪਕ ਵਿਦਿਆਰਥੀਆਂ ਨੂੰ ਆਸਾਨ ਗੁਰ ਦਸਦੇ ਹਨ, ਜਾਂ ਕਾਲਜਾਂ ਦੇ ਪ੍ਰੋਫੈਸਰ ਵਿਗਿਆਨਕ ਤਰੀਕਿਆਂ ਤੋਂ ਜਾਣੂੰ ਕਰਾਉਂਦੇ

ਹਨ ਤਿਵੇਂ ਨਾਮ ਸਿਮਰਨ ਵਾਲੇ ਵਿਅਕਤੀ ਪੀਰ, ਫਕੀਰ, ਸਾਧ ਸੰਤ ਜਿਨ੍ਹਾਂ ਨਾਮ-ਸਿਮਰਨ ਕਰਕੇ ਜੋ ਅਵਸਥਾ ਪ੍ਰਾਪਤ ਕੀਤੀ ਹੁੰਦੀ ਹੈ, ਉਸ ਦੇ ਤੌਰ ਤਰੀਕੇ ਦਸਦੇ ਹਨ। ਇਹਨਾਂ ਦੀਆਂ ਬਹੁਤੀਆਂ ਕਿਰਿਆਵਾਂ ਹਠ ਯੋਗ ਤੇ ਅਧਾਰਤ ਹੁੰਦੀਆਂ ਹਨ। ਹੱਠ-ਯੋਗ ਵਿਚ ਸਰੀਰ ਨੂੰ ਕਸ਼ਟ ਦਿੱਤਾ ਜਾਂਦਾ ਹੈ ਜਿਸ ਨਾਲ ਮਨ ਵਿਚ ਖਿੱਝ ਪੈਦਾ ਹੁੰਦੀ ਹੈ ਜੋ ਸਹਜੇ ਸਹਜੇ ਕ੍ਰੋਧ ਦਾ ਰੂਪ ਧਾਰ ਲੈਂਦੀ ਹੈ। ਹੱਠ ਜੋਗ ਸਰੀਰ ਨੂੰ ਬਲਵਾਨ ਕਰਨ ਦੀ ਬਜਾਏ ਨਿਰਬਲ ਕਰਦਾ ਹੈ ਕਿਉਂਕਿ ਤੱਪਾਂ, ਧੂਣੀਆਂ ਦੀ ਅਗ ਉਸ ਦੇ ਸਰੀਰ ਦਾ ਹੁਲੀਆ ਵਿਗਾੜ ਦੇਂਦੀ ਹੈ। ਇਸ ਲਈ ਗੁਰਦੇਵ ਪਿਤਾ ਆਦੇਸ਼ ਦਿੰਦੇ ਹਨ:-

**ਤਨੁ ਨ ਤਪਾਇ ਤਨੂਰ ਜਿਉ**
**ਬਾਲਣੁ ਹਡ ਨ ਬਾਲਿ ॥**
**ਸਿਰਿ ਪੈਰੀ ਕਿਆ ਫੇੜਿਆ,**
**ਅੰਦਰਿ ਪਿਰੀ ਸਮਾਲਿ॥੧੮॥** [ਪੰਨਾ ੧੪੧੧

ਗੁਰਮਤਿ ਸਹਜ ਦਾ ਮਾਰਗ ਹੈ, ਇਸ ਵਿਚ ਹੱਠ (ਜ਼ਿੱਦ) ਲਈ ਕੋਈ ਥਾਂ ਨਹੀਂ:-

**ਮਨ ਹਠਿ ਤਰਫ ਨ ਜਿਪਈ ਜਿ ਬਹੁਤਾ ਘਾਲੇ॥**
**ਤਰਫ ਜਿਣੈ ਸਤ ਭਾਉ ਦੇ,**
**ਜਨ ਨਾਨਕ ਸਬਦੁ ਵੀਚਾਰੇ ॥** [ਪੰਨਾ ੭੮੭

ਨਾਮ-ਸਿਮਰਨ ਦੇ ਆਰੰਭ ਵਿਚ ਬਾਰ ਬਾਰ ਨਾਮ ਦਾ ਜਾਪ ਕੇਵਲ ਸਿਮਰਨ ਅਭਿਆਸ ਪਕਾਉਣ ਲਈ ਕੀਤਾ ਜਾਂਦਾ ਹੈ

ਜਿਵੇਂ ਛੋਟੀਆਂ ਜਮਾਤਾਂ ਦੇ ਬਚੇ ਦੋ ਦੂਣੇ ਚਾਰ ਦਾ ਪਹਾੜਾ ਉਚੀ ਉਚੀ ਪੜ੍ਹਦੇ ਹਨ, ਪਰ ਜਦੋਂ ਵੱਡੀਆਂ ਕਲਾਸਾਂ ਵਿਚ ਚੜ੍ਹਦੇ ਹਨ ਉਨ੍ਹਾਂ ਨੂੰ ਪਹਾੜੇ ਪਹਿਲਾਂ ਹੀ ਯਾਦ ਹੋਂਦੇ ਹਨ, ਜਿਸ ਕਰਕੇ ਉਹ ਪਹਾੜਿਆਂ ਦੀ ਉਚੀ ਰਟ ਬੰਦ ਕਰ ਦਿੰਦੇ ਹਨ। ਇਸੇ ਤਰ੍ਹਾਂ ਨਾਮ ਦਾ ਜਾਪ ਜਦੋਂ ਹਿਰਦੇ ਵਿਚ ਸਮਾਅ ਜਾਂਦਾ ਹੈ, ਉਸ ਦੀ ਅਵਸਥਾ "ਸਹਜਿ ਬੈਰਾਗੁ ਸਹਜੇ ਹੀ ਹਸਨਾ॥ ਸਹਜੇ ਚੂਪ ਸਹਜੇ ਹੀ ਜਪਨਾ॥" (ਪੰਨਾ ੨੩੬) ਵਾਲੀ ਬਣੀ ਜਾਂਦੀ ਹੈ।

ਇਹ ਗੱਲ ਇਕ ਸਾਧਾਰਨ ਤੋਂ ਸਾਧਾਰਨ ਮਨੁੱਖ ਵੀ ਸਮਝਦਾ ਹੈ ਕਿ ਕਿਸੇ ਭੁਲੀ ਹੋਈ ਚੀਜ਼ ਨੂੰ ਯਾਦ ਕਰਨ ਲਈ ਕਿਤਨੇ ਸ਼ਾਂਤਮਈ ਆਲੇ ਦੁਆਲੇ ਅਥਵਾ ਵਾਤਾਵਰਨ ਦੀ ਲੋੜ ਮਹਿਸੂਸ ਹੁੰਦੀ ਹੈ। ਸੋਚਣ ਵਾਲੇ ਮਨੁੱਖ ਲਈ ਚੁਪ ਚਾਪ ਵਾਲੀ ਸਥਿਤੀ ਬੜੀ ਸਹਾਇਕ ਸਿਧ ਹੁੰਦੀ ਹੈ। ਦੁਨੀਆਂ ਦੇ ਵੱਡੇ ਵੱਡੇ ਪ੍ਰਸਿਧ ਮਹਾਤਮਾ ਤੇ ਫਿਲਾਸਫਰ ਇਕਾਂਤ ਵਿਚ ਕੰਮ ਕਰਨਾ ਪਸੰਦ ਕਰਦੇ ਹਨ। ਜਦੋਂ ਲੋਕ ਸੌਂਦੇ ਹਨ, ਓਹ ਜਾਗਦੇ ਹਨ, ਜਦੋਂ ਲੋਕ ਜਾਗਦੇ ਹਨ, ਓਹ ਸੌਂਦੇ ਹਨ। ਇਹ ਉਹਨਾਂ ਦੇ ਜੀਵਨ ਦੀ ਇਕ ਬਚਿੱਤਰ ਕ੍ਰਿਆ ਹੈ।

ਸਤਿਗੁਰੂ ਸਚੇ ਪਾਤਿਸ਼ਾਹ ਜੀ ਨੇ ਹਰੇਕ ਜੀਵ ਨੂੰ "ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ॥ ਜਨਮ ਮਰਣ ਮਲੁ ਉਤਰੈ, ਸਚੇ ਕੇ ਗੁਣ ਗਾਇ॥" (ਪੰਨਾ ੧੦੯੯) ਦਾ ਆਦੇਸ਼ ਦਿੱਤਾ ਹੈ ਕਿਉਂਕਿ 'ਸਿਫਤਿ ਸਲਾਹਣਿ ਅੰਮ੍ਰਿਤ ਵੇਲਾ' ਸਭ ਤੋਂ ਉਤਮ ਜੁਗਤੀ ਹੈ।

ਜੀਵ ਤੇ ਪਰਮੇਸ਼ਰ ਦੇ ਮਿਲਾਪ ਵਿਚ ਜੇ ਕੋਈ ਰੁਕਾਵਟ ਪਾਉਣ ਵਾਲੀ ਵਸਤੂ ਹੈ ਤਾਂ ਉਹ ਮਨ ਦੇ ਸੰਕਲਪਾਂ ਤੇ ਵਿਕਲਪਾਂ ਦੀ ਕੂੜੀ ਪਾਲ ਹੈ। ਇਸ ਪਾਲ ਨੂੰ ਤੋੜਨ ਲਈ, ਤਨ ਵਿਚ ਕਲ ਕਲੇਸ਼ ਮਿਟਾ ਕੇ ਸੁਖ ਪਾਉਣ ਦਾ ਜੇ ਕੋਈ ਹੀਲਾ ਵਸੀਲਾ ਜਾਂ ਬਲਵਾਨ ਬਿਧੀ ਹੈ ਤਾਂ ਉਹ ਕੇਵਲ ਨਾਮ-ਸਿਮਰਨ ਦੀ ਸ਼ਕਤੀ ਹੈ।

ਜਗਿਆਸੂ ਦੇ ਅੰਦਰ ਜਦੋਂ ਵੀ ਕੋਈ ਨਵਾਂ ਖਿਆਲ ਉਠਦਾ ਹੈ ਜਾਂ ਕੋਈ ਨਵੀਂ ਆਸਾ ਜਨਮ ਲੈਂਦੀ ਹੈ ਤਾਂ ਪੁਰਾਤਨ ਖਿਆਲਾਂ ਨਾਲ ਟਕਰਾਉ ਹੋਣ ਕਾਰਨ ਉਸ ਦੇ ਮਨ ਵਿਚ ਗੜਬੜ ਮਚ ਜਾਂਦੀ ਹੈ। ਮਨ ਨੂੰ ਮਾਨਸਿਕ ਵੀਚਾਰਾਂ ਦੀਆਂ ਉਧੇੜ ਬੁਣਾ ਤੋਂ ਮੁਕਤਿ ਕਰਾਉਣ ਲਈ ਮਨ ਨੂੰ ਇਕ ਦੀ ਟੇਕ ਰਖਣ ਵਾਲੀ ਪ੍ਰੇਰਨਾ ਦੇਣੀ ਆਵਸ਼ਕ ਹੈ:-

ਧਰ ਜੀਅਰੇ ਇਕ ਟੇਕ ਤੂ, ਲਾਹਿ ਬਿਡਾਨੀ ਆਸ ॥
ਨਾਨਕ, ਨਾਮੁ ਧਿਆਈਐ,
ਕਾਰਜੁ ਆਵੈ ਰਾਸਿ॥ [ਪੰਨਾ ੨੬੭

ਇਹ ਟੇਕ ਜਗਿਆਸੂ ਦੀ ਸੁਰਤਿ ਨੂੰ ਨਾਮ-ਸਿਮਰਨ ਦੇ ਮੰਡਲ ਵਿਚ ਪਰਵੇਸ਼ ਕਰਾ ਦਿੰਦੀ ਹੈ ਅਤੇ ਰਸਨਾ ਦੁਆਰਾ ਨਾਮ ਜਪਣ ਦੇ ਲਾਭਾਂ ਤੋਂ ਇਸ ਨੂੰ ਜਾਣੂੰ ਕਰਾਉਂਦੀ ਹੈ:-

੧- ਰਸਨਾ ਜਪੀਐ ਏਕੁ ਨਾਮ ॥
ਈਹਾ ਸੁਖੁ ਆਨੰਦੁ ਘਨਾ,
ਆਗੈ ਜੀਅ ਕੈ ਸੰਗਿ ਕਾਮ॥੧॥ [ਪੰਨਾ ੨੧੧

੨- ਰਸਨਾ ਸਚਾ ਸਿਮਰੀਐ, ਮਨੁ ਤਨੁ ਨਿਰਮਲੁ ਹੋਇ॥
ਮਾਤ ਪਿਤਾ ਸਾਕ ਅਗਲੇ,
ਤਿਸੁ ਬਿਨੁ ਅਵਰੁ ਨ ਕੋਇ॥
ਮਿਹਰ ਕਰੇ ਜੇ ਆਪਣੀ,
ਚਸਾ ਨ ਵਿਸਰੈ ਸੋਇ॥ [ਪੰਨਾ ੪੯

ਨਾਮ ਦਾ ਕੋਈ ਰੂਪ, ਰੇਖ ਜਾਂ ਰੰਗ ਨਹੀਂ, ਇਹ ਤਿੰਨਾਂ ਗੁਣਾਂ ਤੋਂ ਪਰੇ ਹੈ। ਸਾਰਿਆਂ ਵਿਚ ਵਿਆਪਕ ਹੈ। "ਗੁਪਤਾ ਨਾਮ ਵਰਤੈ ਵਿਚਿ ਕਲਿਜੁਗ" ਸਤਿਗੁਰਾਂ ਦੀ ਬਖਸ਼ਿਸ਼ ਰਾਹੀਂ ਪ੍ਰਗਟ ਹੁੰਦਾ ਹੈ। ਪਰ ਸਤਿਗੁਰਾਂ ਦੇ ਦਸੇ ਉਪਦੇਸ਼ ਅਨੁਸਾਰ ਪਹਿਲਾਂ ਪਹਿਲਾਂ ਨਾਮ ਜਪਣ ਵਾਲੀ ਜਾਪ-ਸਾਧਨਾ ਕਰਨ ਦੀ ਲੋੜ ਹੈ। ਗੁਰੂ ਦੀ ਕਿਰਪਾ ਨਾਲ ਨਾਮ ਜਪਣ ਦਾ ਸਦਕਾ ਹੀ ਮਨ ਵਿਚ ਪ੍ਰਭੂ ਪਿਆਰ ਦਾ ਪਰਵਾਹ ਚਲਦਾ ਹੈ। ਵਿਛੋੜੇ ਦੀ ਧੂਹ ਪੈਂਦੀ ਹੈ। ਉਸ ਧੂਹ ਦੀ ਧੂੰਨੀ ਨਾਲ ਜੋ ਮਸਤੀ ਪੈਦਾ ਹੁੰਦੀ ਹੈ, ਉਹ ਦੁਨੀਆਂ ਦੇ ਚਾਵਾਂ ਮਲ੍ਹਾਰਾਂ ਨਾਲੋਂ ਵਿਲੱਖਣ ਹੈ। ਸਿਮਰਨ ਵਾਲੀਆਂ ਰੂਹਾਂ ਜਦੋਂ ਨਾਮ-ਸਿਮਰਨ ਅਭਿਆਸ ਵਿਚ ਮਗਨ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਸਿਵਾਇ ਵਾਹਿਗੁਰੂ! ਵਾਹਿਗੁਰੂ!! ਵਾਹਿਗੁਰੂ!!! ਕਰਨ ਜਾਂ ਸੁਣਨ ਦੇ ਹੋਰ ਕੁਝ ਨਹੀਂ ਸੁਝਦਾ ਬੁਝਦਾ। ਉਹ ਸਿਮਰਨ ਦਾ ਸਮਾਂ ਆਪਣੇ ਹਥੋਂ ਅਜਾਈਂ ਨਹੀਂ ਜਾਣ ਦੇਂਦੀਆਂ। ਦਮ-ਬ-ਦਮ ਯਾਦ ਵਿਚ ਲਗੀਆਂ ਰਹਿੰਦੀਆਂ ਹਨ। ਓਹ ਵਾਜੇ ਜੋੜੀਆਂ ਅਰਥਾਤ ਸੰਗੀਤ ਦੇ ਸਾਜ਼ ਆਦਿ ਟੋਲਣ ਵਲ ਨਹੀਂ ਧਾਉਂਦੀਆਂ। ਉਹਨਾਂ ਨੂੰ ਨਾਮ-ਸਿਮਰਨ ਰਾਹੀਂ ਸੁਆਸ ਸੁਆਸ ਸਫਲ ਕਰਨ ਦਾ

ਚਾਉ ਹੈ। ਨਾਮ-ਰਸ ਵਿਚ ਭਿੱਜੀਆਂ ਹੋਈਆਂ ਆਤਮਾਵਾਂ ਮਨ ਦੀ ਖ਼ੁਸ਼ੀ ਲਈ ਅਜਿਹੀਆਂ ਵਸਤਾਂ ਮਗਰ ਦੌੜ ਭਜ ਕਰਨੀ, ਅਜਾਈਂ ਸਮਾਂ ਗਵਾਉਣਾ ਸਮਝਦੀਆਂ ਹਨ। ਆਸਾ ਰਾਗ ਵਿਚ ਗੁਰੂ ਰਾਮਦਾਸ ਜੀ ਦੇ ਪਾਵਨ ਬਚਨ ਹਨ:-

ਕਬ ਕੋ ਭਾਲੈ ਘੁੰਘਰੂ ਤਾਲਾ, ਕਬ ਕੋ ਬਜਾਵੈ ਰਬਾਬੁ॥
ਆਵਤ ਜਾਤ ਬਾਰ ਖਿਨੁ ਲਾਗੈ
ਹਉ ਤਬਲਗੁ ਸਮਾਰਉ ਨਾਮੁ॥੧॥
ਮੇਰੈ ਮਨਿ ਐਸੀ ਭਗਤਿ ਬਨਿ ਆਈ॥
ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ,
ਜੈਸੇ ਜਲ ਬਿਨੁ ਮੀਨੁ ਮਰਿ ਜਾਈ॥੧॥ਰਹਾਉ॥
ਕਬ ਕੋਊ ਮੇਲੈ ਪੰਚ ਸਤ ਗਾਇਣ,
ਕਬ ਕੋ ਰਾਗ ਧੁਨਿ ਉਠਾਵੈ ॥
ਮੇਲਤ ਚੁਨਤ ਖਿਨੁ ਪਲੁ ਚਸਾ ਲਾਗੈ
ਤਬਲਗੁ ਮੇਰਾ ਮਨੁ ਰਾਮ ਗੁਨ ਗਾਵੈ॥੨॥
ਕਬ ਕੋ ਨਾਚੈ ਪਾਵ ਪਸਾਰੈ, ਕਬ ਕੋ ਹਾਥ ਪਸਾਰੈ ॥
ਹਾਥ ਪਾਵ ਪਸਾਰਤ ਬਿਲਮੁ ਤਿਲੁ ਲਾਗੈ,
ਤਬ ਲਗੁ ਮੇਰਾ ਮਨੁ ਰਾਮ ਸਮ੍ਾਰੈ ॥੩॥
ਕਬ ਕੋਊ ਲੋਗਨ ਕਉ ਪਤੀਆਵੈ,
ਲੋਕਿ ਪਤੀਣੈ ਨਾ ਪਤਿ ਹੋਇ ॥
ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ,

ਤਾ ਜੈ ਜੈ ਕਰੇ ਸਭੁ ਕੋਇ॥੪॥੧੦॥੬੨॥[ਪੰਨਾ ੩੯੮

ਸਿਮਰਨ ਵਾਲੇ ਜੀਊੜੇ ਧਰਮ ਦੀ ਕ੍ਰਿਤ ਕਰਨੀ, ਨਾਮ ਜਪਣਾ ਤੇ ਵੰਡ ਕੇ ਛਕਣਾ ਕਦੇ ਨਹੀਂ ਛਡਦੇ। ਸਾਨੂੰ ਗੁਰਬਾਣੀ ਵਿਚੋਂ ਇਹਨਾਂ ਵੀਚਾਰਾਂ ਦੀ ਪ੍ਰੋੜ੍ਹਤਾ ਇਉਂ ਮਿਲਦੀ ਹੈ:-

ਨਾਮਾ ਮਾਇਆ ਮੋਹਿਆ, ਕਹੈ ਤਿਲੋਚਨੁ ਮੀਤ ॥
ਕਾਹੇ ਛੀਪਹੁ ਛਾਇਲੈ,
ਰਾਮ ਨ ਲਾਵਹੁ ਚੀਤੁ ॥੨੧੨॥
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ।।
ਹਾਥ ਪਾਉ ਕਰਿ ਕਾਮੁ ਸਭੁ,
ਚੀਤੁ ਨਿਰੰਜਨ ਨਾਲਿ॥੨੧੩॥ [ਪੰਨਾ ੧੩੭੫

ਸਿਮਰਨ ਦਾ ਅਰਥ ਹੀ ਮੁੜ ਮੁੜ ਚੇਤੇ ਕਰਨਾ "ਬਾਰੰਬਾਰ ਬਾਰ ਪ੍ਰਭੁ ਜਪੀਐ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥" (ਪੰਨਾ ੨੮੯) ਹੈ। ਰਬੀ-ਜੋਤਿ ਜੋ ਹਰ ਥਾਂ ਪਸਰੀ ਹੋਈ ਹੈ, ਉਸ ਦੀ ਹੋਂਦ ਨੂੰ "ਹੈ ਤੂਹੈ ਤੂੰ ਹੋਵਨਹਾਰ" ਆਖਦੇ ਰਹਿਣਾ ਅਤੇ ਉਸ ਦੇ ਗੁਣਾਂ ਦਾ ਅਵਗਾਹਨ ਕਰਨਾ, ਉਸ ਦੀਆਂ ਸਿਫਤਾਂ ਕਰਨੀਆਂ ਤੇ ਸੁਣਨੀਆਂ, ਇਹ ਸਾਰਾ ਸਿਮਰਨ ਦਾ ਹੀ ਰੂਪ ਹਨ। ਸਿਮਰਨ ਪ੍ਰਭੂ ਦੀ ਖ਼ੁਸ਼ਾਮਦ ਕਰਨਾ ਨਹੀਂ, ਸਗੋਂ ਆਪਣੇ ਮਨ ਦੀ ਮੈਲ ਉਤਾਰਨ ਹਿਤ ਜੋਦੜੀ ਕਰਨਾ ਹੈ। ਇਸ ਮਨ ਵਿਚ ਜੋ ਵਿਕਾਰੀ ਤੇ ਸ਼ਿਕਾਰੀ ਕੁਤੇ ਹਨ ਉਨ੍ਹਾਂ ਦੇ ਵੱਢਣ ਤੋਂ ਆਪਣੇ ਆਪ ਨੂੰ ਬਚਾਉਣ ਲਈ 'ਵਾਹਿਗੁਰੂ ਵਾਹਿਗੁਰੂ' ਕਰਨਾ ਬਹੁਤ ਸਹਾਇਕ ਹੁੰਦਾ ਹੈ।

ਜਿਵੇਂ ਟੁੱਟੀ ਹੋਈ ਧਾਂਤ ਨੂੰ ਠਠਿਆਰ ਜਾਂ ਸੁਨਿਆਰ, ਟਾਂਕਾ ਲਾ ਕੇ ਜੋੜਦਾ ਹੈ ਤਿਵੇਂ ਮਨੁੱਖ ਦੀ ਸੁਰਤਿ ਜੇ ਪਰਮਾਤਮਾ ਨਾਲੋਂ ਟੁੱਟੀ ਹੋਵੇ ਤਾਂ ਸਿਮਰਨ ਦਾ ਟਾਂਕਾ ਲਾਇਆਂ ਜੁੜ ਜਾਂਦੀ ਹੈ।

ਗੁਰਮਤਿ ਸਹਜ ਦਾ ਮਾਰਗ ਹੈ ਅਤੇ ਇਸ ਦੇ ਸੁਤੰਤਰ ਨਿਯਮ ਹਨ। ਪਰ ਕਈ ਭੋਲੇ ਭਾਲੇ ਵੀਰ ਅਖਉਤੀ ਸਾਧਾਂ ਸੰਤਾਂ ਦੇ ਚੇਲੇ ਬਣ ਕੇ ਉਨ੍ਹਾਂ ਦੀ ਦਸੀ ਸਿਮਰਨ-ਬਿਧੀ ਅਪਨਾਉਂਦੇ ਹਨ। 'ਉਹ ਕਹਿੰਦੇ ਹਨ ਕਿ ਇਕਾਂਤ ਅਸਥਾਨ ਤੇ ਖੱਬੇ ਪੈਰ ਦੀ ਅੱਡੀ ਗੁਦਾ ਥੱਲੇ ਰਖ ਕੇ ਅਹਿੱਲ ਬੈਠੋ ਤੇ ਸਜੇ ਪੈਰ ਨੂੰ ਖੱਬੀ ਲੱਤ ਦੀ ਚਪਣੀ ਦੇ ਹੇਠਾਂਵਾਰ ਨੇੜ ਕੇ ਰਖੋ ਤੇ ਪਹਿਲਾਂ ਜ਼ਬਾਨ ਨਾਲ ਸਿਮਰਨ ਕਰੋ। ਜ਼ਬਾਨੀ ਸਿਮਰਨ ਕਰਨਾ ਜਪ ਹੈ। ਰਸਨਾ ਨਾਲ ਗੁਣ ਗਾਉਂਦੇ ਸਿਮਰਨ ਕਰਦੇ ਕਰਦੇ ਆਪਣੇ ਆਪ ਹੀ ਮਨ ਨਾਲ ਤੇ ਸੁਆਸਾਂ ਨਾਲ ਸਿਮਰਨ ਹੋਣ ਲਗ ਪੈਂਦਾ ਹੈ ਜਿਸ ਨੂੰ ਅਜਪਾ ਜਾਪ ਆਖਿਆ ਜਾਂਦਾ ਹੈ। ਜ਼ਬਾਨ ਨਾ ਹਿਲੇ ਤੇ ਹੋਠ ਨਾ ਫ਼ਰਕਣ, ਇਹੀ ਅਸਲੀ ਨਾਮ-ਅਭਿਆਸ ਹੈ।

'ਸਿੱਖਾਂ ਦੀ ਭਗਤ ਮਾਲਾ' ਜੋ ਭਾ. ਮਨੀ ਸਿੰਘ ਜੀ ਦੀ ਕ੍ਰਿਤ ਦਸੀ ਜਾਂਦੀ ਹੈ, ਵਿਚ ਤਾਰੂ ਪੋਪਟ ਸਿੱਖ ਦਾ ਪਹਿਲੀ ਪਾਤਿਸ਼ਾਹੀ ਨਾਲ ਮਿਲਾਪ ਤੇ ਨਾਮ-ਸਿਮਰਨ ਦੀ ਬਿਧੀ ਨੂੰ ਇਉਂ ਨਿਰੂਪਣ ਕੀਤਾ ਗਿਆ ਹੈ:-

"ਤਾਰੂ ਪੋਪਟ ਸਿਖ ਪਹਿਲੀ ਪਾਤਸ਼ਾਹੀ ਨੂੰ ਮਿਲਿਆ ਹੈ॥ ਬ੍ਰਸਾਂ-ਦਸਾ ਦੀ ਆਰਜਾ ਉਸਦੀ ਹੈਸੀ॥ ਸਾਹਿਬ ਦੇ ਦਰਸ਼ਨ ਨੂੰ ਆਇਆ ਤੇ ਅਰਦਾਸ ਕੀਤੀ॥ ਜੋ ਗਰੀਬ ਨਵਾਜ ਸੁਣਿਆ ਹੈ॥

ਜੋ ਸੰਤਾਂ ਨੂੰ ਮਿਲਦਾ ਹੈ ਤਿਸ ਨੂ ਸਾਂਤ ਪ੍ਰਾਪਤਿ ਹੁੰਦੀ ਹੈ॥ ਤੇ ਮੈ ਭੀ ਤੁਸਾਡੀ ਸਰਨ ਆਇਆ ਹਾਂ॥ ਤਾਂ ਸਾਹਿਬ ਬਚਨ ਕੀਤਾ ਭਾਈ ਤਾਰੂ ਅਜੇ ਤੇਰੀ ਛੋਟੀ ਅਵਸਥਾ ਹੈ॥ ਤੁਧ ਆਪਣੇ ਘਰ ਬਾਰ ਦਾ ਸੁਖ ਕੋਈ ਨਹੀ ਮਾਣਿਆ॥ ਤੈ ਨੇ ਪ੍ਰਮੇਸਰ ਦੀ ਗਲ ਕਿਥੋ ਜਾਤੀ ਹੈ॥ ਤਾਂ ਅਗੋ ਬੋਲਿਆ ਜੋ ਜੀ ਮੇਰੀ ਮਾਈ ਅਗਨਿ ਜਲਾਵਣ ਲਗੀ ਸੀ ਜੇ ਪਹਿਲੇ ਨਿਕੀਆ ਲਕੜੀਆਂ ਨੂੰ ਅਗਨ ਲਗੀ ਤਾਂ ਪਿਛੋ ਵਡੀਆਂ ਭੀ ਬਲੀਆਂ॥ ਤਾਂ ਮੇਰੇ ਮਨ ਵਿਚ ਭਉ ਆਇਆ॥ ਜੋ ਮੈ ਭੀ ਸਾਧਾ ਨੂ ਮਿਲਾ ਮੇਰਾ ਭੀ ਕਲਿਆਣ ਹੋਵੈਗਾ॥ ਮ੍ਰਿਤ ਦਾ ਵਿਸਾਹੁ ਕਛੁ ਨਾਹੀ॥ ਕੇ ਜਾਣੀਏ ਜੋ ਛੋਟੇ ਨੂੰ ਹੀ ਅਗੋ ਦੇ ਮ੍ਰਿਤ ਆਵੈ॥ ਤਾਂ ਸਾਹਿਬ ਬਚਨ ਕੀਤਾ ਭਾਈ ਤਾਰੂ ਤੂ ਕੁਲ ਤਾਰੂ ਹੋਵੈਗਾ॥ ਧਰਮ ਦੀ ਕ੍ਰਿਤ ਕਰਕੈ ਵੰਡ ਖਾਵਣਾ॥ ਤੇ ਜੋ ਸੁਵਾਸ ਅੰਦਰ ਆਵੈ ਤਾ ਵਾਹੁਗੁਰੂ ਜਪਣਾ॥ ਤੇ ਬਾਹਰ ਆਵੈ ਤਾਂ ਵਾਹੁਗੁਰੂ ਜਪਣਾ॥ ਤੇ ਮਨ ਰਾਗ ਦੁਵੈਖ ਥੀ ਸੁਧ ਕਰਨਾ।"

ਜੀਵਨ ਕਥਾ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ (ਮਸਤੂਆਣੇ) ਵਿਚ ਨਾਮ-ਸਿਮਰਨ ਦੀ ਜੁਗਤੀ ਬਾਰੇ ਸੰਤ ਤੇਜਾ ਸਿੰਘ ਜੀ ਨੇ ਇਉਂ ਵਰਨਣ ਕੀਤਾ ਹੈ:-

"ਆਮ ਤੌਰ ਤੇ ਨਾਮ ਜਪਣ ਦੀ ਜੁਗਤ ਮਹਾਂ ਪੁਰਖਾਂ, ਗੁਰਸਿਖਾਂ ਵਿਚ ਸੀਨਾ ਬਸੀਨਾ ਚਲੀ ਆਉਂਦੀ ਹੈ ਪਰ ਦਾਸ ਨੂੰ ਦੋ ਜਗ੍ਹਾ ਲਿਖਤ ਵਿਚ ਵੀ ਇਹ ਜੁਗਤ ਨਜ਼ਰ ਆਈ ਹੈ। ਸੋ ਸਾਖੀ ਵਿਚ ਜਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮਾਤਾ ਜੀਤੋ ਜੀ ਤੇ ਤ੍ਰੁਠਦੇ ਹਨ ਤਦ ਮਾਤਾ ਜੀ ਨੂੰ ਦਸਦੇ ਹਨ ਕਿ ਜੀਭ ਦੀ ਟੀਸੀ ਜ਼ੋਰ

ਨਾਲ ਤਾਲੂ ਨਾਲ ਲੱਗੋ ਅਤੇ ਹਰ ਵੇਲੇ ਵਾਹਿਗੁਰੂ ਵਾਹਿਗੁਰੂ ਕਰਦੀ ਰਹੇ।

ਭਾਈ ਸਾਹਿਬ ਭਾਈ ਮਨੀ ਸਿੰਘ ਜੀ ਸ਼ਹੀਦ ਗਿਆਨੀ ਜਿਨ੍ਹਾਂ ਨੇ ਦਸਮੇਸ਼ ਪਿਤਾ ਜੀ ਦੀ ਹਜ਼ੂਰੀ ਵਿਚ ਗੁਰਬਾਣੀ ਵੀਚਾਰ ਰਾਹੀਂ ਆਪ ਰੰਗ ਮਾਣਿਆ ਪਾਸੋਂ ਆਦਿ ਤੋਂ ਲੈ ਕੇ ਭੋਗ ਤੀਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਭਾਈ ਗੁਰਦਾਸ ਜੀ ਦੀ ਯਾਰ੍ਹਵੀਂ ਵਾਰ ਦੇ ਟੀਕੇ ਸਿੱਖਾਂ ਦੀ ਭਗਤ ਮਾਲਾ, ਸ਼ੀਹਾਂ ਤੇ ਗਜਨ ਦੀ ਸਾਖੀ ਵਿਚ ਲਿਖਦੇ ਹਨ- ਦਿਨੇ ਆਪਣੀ ਕਿਰਤ ਭੀ ਕਰਨ, ਤੇ ਸੁਆਸ ਤਲੇ ਜਾਣ ਤਾਂ 'ਵਾਹਿ' ਉਚਾਰਨ ਤੇ ਜਦ ਸੁਆਸ ਉਪਰ ਉਪਰ ਆਵੇ ਤਾਂ 'ਗੁਰੂ' ਦਾ ਉਚਾਰਨ ਕਰਨ। ਸੋ ਪਿਛਲੀ ਲਿਖਤ ਅਤੇ ਅਭਿਆਸੀ ਪੁਰਖਾਂ ਤੋਂ ਸੁਣੀ ਜੁਗਤ ਤੋਂ ਸਪਸ਼ਟ ਹੈ ਕਿ ਨਾਮ ਜਪਣ ਦੇ ਤਿੰਨ ਤਰੀਕੇ ਹਨ-

(੧) ਹੋਠਾਂ ਨਾਲ, ਹੋਠ ਅਤੇ ਜੇਹਬਾ ਹੌਲੀ ਹੌਲੀ ਹਿਲਦੇ ਰਹਿਣ ਅਤੇ ਵਾਹਿਗੁਰੂ ਵਾਹਿਗੁਰੂ ਦਾ ਇਕ-ਰਸ ਉਚਾਰਨ ਕਰੀ ਜਾਣਾ।

(੨) ਜੀਭ ਦੀ ਟੀਸੀ ਤਾਲੂ ਨਾਲ ਦੱਬ ਕੇ ਲੱਗੇ ਅਤੇ ਹੌਲੀ ਹੌਲੀ ਵਾਹਿਗੁਰੂ ਉਚਾਰੀ ਜਾਵੇ।

(੩) ਸੁਆਸ ਅੰਦਰ ਖਿਚੀਏ ਤਾਂ 'ਵਾਹਿ' ਨਾਲ ਜਾਵੇ, ਜਦ ਸੁਆਸ ਬਾਹਰ ਆਵੇ ਤਦ 'ਗੁਰੂ' ਨਾਲ ਆਵੇ।

(੪) ਚੌਥੀ ਪਉੜੀ ਬੇਅੰਤ ਅਭਿਆਸ ਦੇ ਮਗਰੋਂ ਆਪੇ ਹੀ ਆ ਜਾਂਦੀ ਹੈ। ਏਸ ਵਿਚ ਸ਼ਬਦ ਤੇ ਸੁਰਤ ਇਕ ਹੋ ਜਾਂਦੇ ਹਨ,

ਅਤੇ ਪ੍ਰਾਣੀ ਦਾ ਰੋਮ ਰੋਮ ਸਹਿਜੇ ਹੀ ਨਾਮ ਜਪੀ ਜਾਂਦਾ ਹੈ। ਫੇਰ ਇਹ ਦਸ਼ਾ ਆ ਜਾਂਦੀ ਹੈ:-

**ਉਰਿ ਧਾਰੈ ਜੋ ਅੰਤਰਿ ਨਾਮੁ॥ ਸਰਬ ਮੈ ਪੇਖੈ ਭਗਵਾਨੁ॥**
**ਨਿਮਖ ਨਿਮਖ ਠਾਕੁਰ ਨਮਸਕਾਰੈ॥**
**ਨਾਨਕ, ਓਹੁ ਅਪਰਸੁ ਸਗਲ ਨਿਸਤਾਰੈ ॥** [ਪੰਨਾ ੨੭੦

ਪਰ ਇਹਨਾਂ ਸਾਰੀਆਂ ਨਾਮ ਜਪਣ ਦੀਆਂ ਪਉੜੀਆਂ ਵਿਚ ਅਤਿ ਲੋੜੀਂਦੀ ਗਲ ਇਹ ਹੈ ਕਿ ਨਾਮ ਹਜੂਰੀ ਵਿਚ ਜਪਿਆ ਜਾਵੇ।

*'ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਦਾ ਜੀਵਨ' ਲੇਖਕ ਸੰਤ ਤੇਜਾ ਸਿੰਘ ਨੇ ਆਪਣੇ ਲੈਕਚਰ ਵਿਚ ਨਾਮ ਜਪਣ ਦੀ ਮਹਿਮਾ ਅਤੇ ਗੁਰ-ਮੰਤ੍ਰ ਅਰਾਧਨਾ ਦੀ ਜੁਗਤ ਪੂਰੀ ਪੂਰੀ ਖੋਲ੍ਹ ਕੇ ਸੁਣਾ ਦਿਤੀ ਹੈ:-

(1) ਹੋਠ ਅਤੇ ਜੀਭ ਦੋਵੇਂ ਹਿਲਣ।

(2) ਤਾਲੂ ਨਾਲ ਜੀਭ ਦੀ ਨਿਰੀ ਟੀਸੀ ਹਿਲੇ ਅਤੇ ਵਾਹਿਗੁਰੂ ਵਾਹਿਗੁਰੂ ਉਚਾਰਦੀ ਜਾਵੇ (ਅਤੇ ਕੰਨ ਵਾਹਿਗੁਰੂ ਵਾਹਿਗੁਰੂ ਸੁਣਦੇ ਰਹਿਣ)।

---

*'ਸ਼ਬਦ ਅਭਿਆਸ' ਦੇ ਸਿਰਲੇਖ ਹੇਠਾਂ ਆਪ ਲਿਖਦੇ ਹਨ ਕਿ ਇਸ ਤਰ੍ਹਾਂ ਦੀਨ ਦੁਨੀਆਂ ਦੀ ਕਾਰ ਕਰਦਿਆਂ ਹੋਇਆਂ ਇਕ ਦਿਨ ਭਾਈ ਜੋਧ ਸਿੰਘ ਜੀ ਨੂੰ ਜੋ ਕਿ ਹਰ ਰੋਜ਼ ਧਿਆਨ ਵਿਚ ਕਈ ਕਈ ਘੰਟੇ ਅਡੋਲ ਮਗਨ ਬੈਠੇ ਰਹਿੰਦੇ ਅਤੇ ਚਿਹਰੇ ਤੇ ਇਕ ਖਾਸ ਖਿੜਾਉ ਹੁੰਦਾ, ਸੰਤ ਜੀ ਨੇ ਪੁਛਿਆ ''ਬਾਬਾ ਜੀ! ਆਪ ਏਨਾ ਚਿਰ ਕਿਥੇ ਜਾਂਦੇ ਹੋ? ਭਾਈ ਜੋਧ ਸਿੰਘ ਜੀ ਨੇ ਉਤਰ ਦਿੱਤਾ ਕਿ ਅਸੀ ਆਪਣੇ ਦੇਸ਼ ਜਾਂਦੇ ਹਾਂ:-

ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹੁ ਨਹੀ ਤਿਹਿ ਠਾਉ॥

(3) ਸਵਾਸ ਦ੍ਵਾਰਾ 'ਵਾਹਿ' ਅੰਦਰ ਜਾਵੇ ਅਤੇ 'ਗੁਰੂ' ਬਾਹਰ ਆਵੇ।

(4) ਸ਼ਬਦ ਸੁਰਤਿ ਇਕ ਹੋ ਜਾਣ, ਇਹ ਦਸ਼ਾ ਸਮੇਂ ਸਿਰ ਉਪਰਲੀਆਂ ਤਿੰਨ ਪਉੜੀਆਂ ਦੇ ਪਕੜ ਤੇ ਅਤੁਟ ਅਭਿਆਸ ਦੇ ਮਗਰੋਂ ਸੁਤੇ ਸਹਿਜ ਹੀ ਆ ਜਾਂਦੀ ਹੈ।

ਸੰਤ ਜੀ ਮਹਾਰਾਜ ਦੇ ਹੁਕਮ ਦੀ ਪਾਲਨਾ ਦੇ ਮਗਰੋਂ ਦਾਸ ਪਰਵਾਰ ਸਹਿਤ ਬਾਹਰ ਝਿੜੇ ਵਿਚ ਫਿਰਨ ਟੁਰਨ ਲਈ ਚਲਾ ਗਿਆ। ਉਥੇ ਕਰਤਾਰ ਦੀ ਅਸਚਰਜ ਕੁਦਰਤ ਦੇਖੀ ਕਿ ਸਰੀਰ ਦੇ ਹਰ ਇਕ ਦਰਖਤ ਨਾਲ ਮਿਸਰੀ ਦੇ ਕਾਨੇ ਲਗੇ ਹੋਏ ਸਨ। ਦਾਸ ਅਤੇ ਬੇਅੰਤ ਸੰਗਤਾਂ ਨੇ ਬੜੇ ਪ੍ਰੇਮ ਨਾਲ ਛਕੇ।

ਫੇਰ ਸੰਤ ਜੀ ਨੇ ਬਾਬਾ ਜੀ ਨੂੰ ਹੱਥ ਜੋੜ ਕੇ ਬੇਨਤੀ ਕੀਤੀ, ਦਾਸ ਤੇ ਕਿਰਪਾ ਕਰੋ ਅਤੇ ਦੇਸ਼ ਜਾਣ ਦੀ ਪੂਰੀ ਪੂਰੀ ਜੁਗਤਿ ਦਸੋ। ਬਾਬਾ ਜੀ ਨੇ ਜੋ ਸੰਤ ਜੀ ਦੀ ਸੇਵਾ ਤੇ ਬੜੇ ਪ੍ਰਸੰਨ ਸਨ ਅਤੇ ਇਸ ਸਮੇਂ ਦੀ ਉਡੀਕ ਵਿਚ ਸਨ, ਬੜੇ ਪ੍ਰੇਮ ਨਾਲ ਖੋਲ੍ਹ ਕੇ ਸਮਝਾਇਆ ਕਿ ਸ਼ਬਦ (ਗੁਰਮੰਤ੍ਰ) ਦੇ ਆਸਰੇ ਹੀ ਪਉੜੀ ਪਉੜੀ ਸੁਰਤਿ ਸ਼ਬਦ ਵਿਚ ਲਿਵਲੀਨ ਕਰੀਦੀ ਹੈ। ਫੇਰ ਜਗਯਾਸੂ ਨੂੰ ਦੇਹ ਭੁਲ ਜਾਂਦੀ ਹੈ ਅਤੇ ਏਸ ਤੋਂ ਪਰੇ ਹੋ ਕੇ ਸਾਖੀ ਦੇ ਰੂਪ ਵਿਚ ਮਗਨ ਹੋ ਜਾਂਦਾ ਹੈ। ਅਭਿਆਸ ਕਰਦਿਆਂ ਧਿਆਨ ਸਦਾ ਗੁਰਮੰਤ੍ਰ ਦੇ ਸਰੂਪ ਜਾਂ ਸਤਿਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿਚ ਰਖੀਦਾ ਹੈ। ਫੇਰ ਬਾਬਾ ਜੀ ਨੇ ਸੰਤ ਜੀ ਨੂੰ ਚਾਰ ਪਉੜੀਆਂ ਅਭਿਆਸ ਦੀਆਂ ਖੋਲ੍ਹ ਕੇ

ਸਮਝਾਇਆ:-

(1) ਬੈਖਰੀ -ਰਸਨਾ ਦਵਾਰਾ

(2) ਮਧਮਾ -ਜੀਭ ਦੀ ਟੀਸੀ ਹਿਲੇ, ਹੋਰ ਮੂੰਹ ਨ ਹਿਲਣਾ।

(3) ਪਸੰਤੀ -ਸਵਾਸ ਦਵਾਰਾ।

(4) ਫੇਰ ਪਰਾ ਵਿਚ ਅਭਿਆਸ ਕਰਦਿਆਂ ਕਰਦਿਆਂ ਸੁਤੇ ਸਿਧ ਹੀ, ਸੁਰਤਿ ਸਬਦ ਵਿਚ ਲੀਨ ਹੋ ਜਾਂਦੀ ਹੈ। ਹਜ਼ੂਰੀ ਦੀ ਸਦਾ ਲੋੜ ਰਹਿੰਦੀ ਹੈ। ਸਿਖ ਹਰ ਸਮੇਂ ਸਤਿਗੁਰੂ ਜੀ ਨੂੰ ਹਾਜ਼ਰ ਨਾਜ਼ਰ ਸਮਝ ਕੇ ਅਭਿਆਸ ਕਰੇ ਅਤੇ ਜਦ ਚਿਤ ਡੋਲੇ, ਬੇਨਤੀ ਕਰੇ, ਸਤਿਗੁਰੂ! ਮਾੜਾ ਹਾਂ, ਚੰਗਾ ਹਾਂ, ਤੇਰਾ ਹਾਂ:-

**ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ॥ [ਪੰਨਾ ੫੪੭**

ਸੰਤ ਅਤਰ ਸਿੰਘ ਜੀ ਦਾ ਜੀਵਨ ਜੋ ਭਾਈ ਨਰੈਣ ਸਿੰਘ ਜੀ ਕਵਿਤਾ ਵਿਚ ਲਿਖਿਆ ਹੈ, ਉਸ ਵਿਚ ਨਾਮ ਸਿਮਰਨ ਦੀ ਜੁਗਤੀ ਇਉਂ ਦਰਸਾਈ ਹੈ:-

ਸੰਤਾਂ ਆਖਿਆ ਵਾਹਿਗੁਰੂ ਚਾਰ ਅਖਰ,
ਚਾਰੇ ਸਿਮਰਨੇ ਸਾਸਗਰਾਸ ਭਾਈ॥
ਵਾਹਿ ਆਖਣਾ ਅੰਦਰ ਨੂੰ ਸਾਸ ਜਾਵੇ,
ਗੁਰੂ ਆਖਣਾ ਬਾਹਰ ਨੂੰ ਸਾਸ ਭਾਈ॥
ਬਿਨਾ ਬੋਲਿਆਂ ਹੀ ਗੁਪਤ ਜਾਪ ਕਰਨਾ,

ਰਹਿਣਾ ਜਗ ਤੋਂ ਸਦਾ ਉਦਾਸ ਭਾਈ॥
ਥੋੜੀ ਦੇਰ ਹਮੇਸ਼ ਇਕਾਂਤ ਬੈਠੋ,
ਨਹੀ ਆਉਣ ਦੇਣਾ ਕੋਈ ਪਾਸ ਭਾਈ ॥
ਏਦੂੰ ਬਾਰ ਫਿਰ ਸੁਰਤਿ ਦੇ ਨਾਲ ਜਪਣਾ,
ਸੁਰਤਿ ਸ਼ਬਦ ਦਾ ਕਰੋ ਅਭਿਆਸ ਭਾਈ॥
ਏਸੇ ਤਰ੍ਹਾਂ ਹੀ ਚਿਤ ਨੂੰ ਸ਼ਾਂਤ ਆਉਂਦੀ,
ਹੋਵੇ ਦਸਮ ਦੁਆਰ ਪ੍ਰਕਾਸ਼ ਭਾਈ ॥
ਏਸੇ ਤਰ੍ਹਾਂ ਈ ਜਾਪ ਜੇ ਬਹੁਤ ਕਰੀਏ,
ਹੁੰਦੇ ਸੁਖ ਤੇ ਫਿਕਰ ਬਿਨਾਸ ਭਾਈ ॥
ਥੋੜੇ ਲਿਖੇ ਮੈ ਆਪ ਨਰੈਣ ਸਿੰਘ,
ਕੀਤੇ ਸੰਤ ਜੀ ਬਹੁਤ ਬਿਲਾਸ ਭਾਈ ॥

ਭਾਈ ਸ. ਵੀਰ ਸਿੰਘ ਜੀ ਨੇ ਬਾਬਾ ਨੌਧ ਸਿੰਘ ਪੁਸਤਕ ਵਿਚ ਲਿਖਿਆ ਹੈ:-

"ਨਾਮ ਇਕ ਦਾਤ ਹੈ, ਜੋ ਸਾਈਂ ਦੀ ਮਿਹਰ ਨਾਲ ਮਿਲਦੀ ਹੈ। ਕੋਈ ਨਹੀਂ ਸਿਮਰਨ ਕਰ ਸਕਦਾ, ਜਿਸ ਪਰ ਇਹ ਮਿਹਰ ਨਹੀਂ :-

**'ਨਾਨਕ ਤਾ ਕੈ ਲਾਗਉ ਪਾਏ ॥'**

ਨਾ ਹੀ ਕੋਈ ਜਪ, ਤਪ, ਸੰਜਮ ਤੇ ਸੇਵਾ ਕਰਨੀ ਇਸ ਦਾਤ ਦਾ ਹਕਦਾਰ ਬਨਾਉਂਦੀ ਹੈ। ਨਾ ਹੀ ਕੋਈ ਵਿਉਂਤ ਹੈ, ਜਿਸ ਨਾਲ ਕਿ ਕਿਸੇ ਪ੍ਰਕਾਰ ਦੇ ਜ਼ੋਰ ਨਾਲ ਇਹ ਲੱਭ ਸਕੇ:-

**ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ,**

**ਅਕੈ ਕੋਈ ਕਿਹੁ ਦੇਵਾਏ, ਏਹੁ ਹਰਿ ਧਨੁ ਜੋਰਿ ਕੀਤੈ,**
**ਕਿਸੈ ਨਾਲਿ ਨ ਜਾਇ ਵੰਡਾਇਆ ॥**

ਅਰਥਾਤ ਇਹ ਹਰਿ ਧਨ ਰਤਨ ਜਵਾਹਰਾਂ ਵਾਂਗੂੰ ਅਮੋਲਕ ਹੈ ਤੇ ਰੱਬ ਜੀ ਤੋਂ ਲਭਦਾ ਹੈ ਤੇ ਗੁਰੂ ਮਹਾਰਾਜ ਜੀ ਰੱਬ ਪਾਸੋਂ ਦਿਵਾਉਂਦੇ ਹਨ ਤੇ ਰੱਬ ਜੀ ਇਹ ਕਿਸ ਤਰ੍ਹਾਂ ਦੇਂਦੇ ਹਨ:-

**ਜਿਸ ਨੋ ਸਤਿਗੁਰ ਨਾਲਿ ਹਰਿ ਸਰਧਾ ਲਾਏ**
**ਤਿਸੁ ਹਰਿ ਧਨ ਕੀ ਵੰਡ ਹਥਿ ਆਵੈ,**
**ਜਿਸ ਨੋ ਕਰਤੈ ਧੁਰਿ ਲਿਖਿ ਪਾਇਆ॥** [ਵ. ਬਿ. ਮ: ੪

ਫਿਰ ਜੋ ਮਨ ਨੂੰ ਸ਼ੁੱਧ ਕਰਨਾ ਹੈ, ਆਚਰਨ ਨੇਕ ਬਣਾਉਣਾ ਹੈ, ਸੇਵਾ ਤੇ ਸੰਜਮ ਕਰਨ ਦੀ ਜਾਚ ਸਿਖਣੀ ਹੈ, ਨਿਤਨੇਮ ਬਾਣੀਆਂ ਦਾ ਪਾਠ (ਅਭਿਆਸ) ਕਰਨਾ, ਇਸ ਦਾ ਕੀ ਪਿਛੋਕੜ ਹੈ? ਨਾਮ ਇਕ ਰੱਬੀ ਦਾਤ ਹੈ, ਦਾਤਾ ਜਦ ਦਾਤ ਦੇਂਦਾ ਹੈ ਤਾਂ ਮੰਗਤਾਂ ਅਗੋਂ ਝੋਲੀ ਅੱਡਦਾ ਹੈ। ਸੋਈ ਸੁਭ ਗੁਣਾ ਦਾ ਧਾਰਨੀ, ਸੇਵਾ ਤੇ ਬਾਣੀ ਦਾ ਅਭਿਆਸੀ, ਕੁਝ ਇਸੇ ਤਰ੍ਹਾਂ ਦੀ ਤਿਆਰੀ ਹੈ। ਇਸ ਨਾਲ ਮਨ ਸ਼ੁਧ ਹੋਵੇ ਸਾਈਂ ਦੇ ਦਰ ਝੋਲੀ ਵਾਂਗੂੰ ਜਦੋਂ ਅੱਡਿਆ ਜਾਂਦਾ ਹੈ ਫੇਰ ਦਾਤ ਮਿਲਦੀ ਹੈ ਤਾਂ ਝੋਲੀ ਦੇ ਵਿਚ ਪੈਂਦੀ ਹੈ।

ਪ੍ਰਿੰ. ਤੇਜਾ ਸਿੰਘ ਜੀ ਨੇ 'ਸਿਖ ਧਰਮ' ਪੁਸਤਕ ਵਿਚ ਨਾਮ ਜਪਣ ਬਾਰੇ ਆਪਣੇ ਵੀਚਾਰਾਂ ਨੂੰ ਇਉਂ ਕਲਮਬੰਦ ਕੀਤਾ ਹੈ:-

'ਨਾਮ-ਸਿਮਰਨ ਦੀ ਪ੍ਰਾਪਤੀ ਕਿਸੇ ਮਿਥੀ ਜੁਗਤੀ ਨਾਲ ਨਹੀਂ ਹੁੰਦੀ। ਜਿਥੇ ਰੇਖ-ਭੇਖ ਵਾਲੀ ਗਲ ਚਲਦੀ ਹੋਵੇ, ਉਥੇ

ਸਰਬ ਵਿਆਪੀ ਨਾਮ-ਸਿਮਰਨ ਦੀ ਛਾਂ ਨਹੀਂ ਮਾਣੀ ਜਾ ਸਕਦੀ।'

ਅਸਲੀਅਤ ਇਹ ਹੈ ਕਿ ਨਾਮ ਸਿਮਰਨ ਵਾਲੇ ਹਮੇਸ਼ਾਂ ਸਾਦਾ ਪਹਿਰਾਵਾ ਪਹਿਨਦੇ ਹਨ। ਓਹ ਬਹੁਤਾ ਬੋਲਣਾ ਵੀ ਪਸੰਦ ਨਹੀਂ ਕਰਦੇ। ਓਹ "ਗਲ ਨ ਬਾਹਰ ਨਿਕਲੈ, ਹੁਕਮੀ ਬੰਦੇ ਕਾਰ ਕਰਾਰੀ॥'' ਤੇ ਪਹਿਰਾ ਦਿੰਦੇ ਹਨ। ਉਹ ਦੁਨਿਆਵੀ ਲੋਕਾਂ ਵਾਂਗ ਨਿਜੀ ਮਾਣ ਸਤਿਕਾਰ ਕਰਾਉਣ ਲਈ ਕੋਈ ਚਾਉ ਨਹੀਂ ਰਖਦੇ। ਓਹ ਵਾਦ-ਵਿਵਾਦ ਵਾਲੀ ਵਿਦਿਆ ਦੇ ਪੜ੍ਹਾਕੂ ਨਹੀਂ ਹੁੰਦੇ। ਓਹ ਤਾਂ ਕੇਵਲ 'ਕਾਂਖੀ ਏਕੈ ਦਰਸੁ ਤੁਹਾਰੋ॥ ਨਾਨਕ ਓਨ ਸੰਗਿ ਮੋਹਿ ਉਧਾਰੋ॥' (ਪੰਨਾ ੨੬੨) ਦੇ ਗਾਹਕ ਤੇ ਚਾਹਕ ਹੁੰਦੇ ਹਨ। ਉਹ ਆਤਮ-ਗਿਆਨੀ ਵਾਂਗ ਨਾਮ ਸਿਮਰਨ ਦੁਆਰਾ ਵਿਸਮਾਦੀ ਹਾਲਤ ਵਿਚ ਵਿਚਰਕੇ ਪ੍ਰਸੰਨ ਰਹਿੰਦੇ ਹਨ। ਉਨ੍ਹਾਂ ਦੀ ਰੂਹ ਨਾਮ-ਰੰਗ ਨਾਲ ਰੋਸ਼ਨ ਹੁੰਦੀ ਹੈ ਜਿਸ ਕਰਕੇ 'ਨਾ ਕੋ ਬੈਰੀ ਨਾਹਿ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ॥' ਦੇ ਪ੍ਰਤੀਕ ਹੁੰਦੇ ਹਨ, ਸਭ ਨੂੰ ਆਪਣਾ ਸਜਣ ਸਮਝਦੇ ਹਨ। ਓਹ ਆਪਣੇ ਆਪ ਨੂੰ ਭਜਨੀਕ ਸਿਧ ਕਰਨ ਲਈ ਹੋਂਠ ਨਹੀਂ ਹਿਲਾਂਦੇ ਕਿਉਂਕਿ ਗੁਰਮਤਿ ਵਿਚ ਵਿਖਾਵਾ ਪਰਵਾਨ ਨਹੀਂ ਹੈ।

ਸਿਮਰਨ ਵਿਚ ਅਜਿਹੀ ਸ਼ਕਤੀ ਹੈ ਜੋ ਜਗਿਆਸੂ ਨੂੰ ਹਰ ਪ੍ਰਕਾਰ ਦੀ ਦੁਨਿਆਵੀ ਕਾਮਨਾ ਤੋਂ ਮੁਕਤਿ ਕਰ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਪਿਆਰ ਤੇ ਵੀਚਾਰ ਨਾਲ ਕੀਤਿਆਂ ਸੁਣਿਆਂ ਅਤੇ ਮੰਨਿਆਂ ਨਾਮ-ਸਿਮਰਨ ਦੀ ਦਾਤਿ ਹਿਰਦੇ ਵਿਚ ਵਸ ਜਾਂਦੀ ਹੈ। ਪਰਮਾਤਮਾ ਦੇ ਅਨੇਕਾਂ ਨਾਮ ਹਨ ਜੋ

ਇਕ ਰਸਨਾ ਦੁਆਰਾ ਬਿਆਨ ਨਹੀਂ ਕੀਤੇ ਜਾ ਸਕਦੇ। ਬਹੁਤ ਲੋਕ ਕਾਮਨਾ ਸਹਿਤ ਨਾਮ-ਸਿਮਰਨ ਕਰਦੇ ਹਨ ਭਾਵ ਅਰਦਾਸਿ ਕਰਦੇ ਹਨ, ਸਚੇ ਪਾਤਿਸ਼ਾਹ ਸਾਨੂੰ ਅਮਕੇ ਕਾਰਜ ਚੌਂ ਪੂਰਨ ਸਫਲਤਾ ਬਖ਼ਸ਼ਣੀ, ਅਸੀਂ ਆਪ ਜੀ ਦੇ ਦਰਬਾਰ ਵਿਚ ਕੜਾਹ ਪ੍ਰਸ਼ਾਦ ਦੀ ਦੇਗ ਕਰਾਵਾਂਗੇ। ਗਲ ਕੀ ਜੀਵ ਕੋਈ ਨ ਕੋਈ ਮੰਨਤ ਮੰਨ ਲੈਂਦਾ ਹੈ। ਅਜਿਹੀ ਲੇਵਾ-ਦੇਵੀ ਗੁਰਮਤਿ ਨਾਲ ਮੇਲ ਨਹੀਂ ਖਾਂਦੀ। ਨਿਸ਼ਕਾਮ ਹੋ ਕੇ ਸਿਮਰਨ ਕਰਨ ਵਾਲਾ 'ਕੋਈ ਇਕੁ ਅਧੁ ਨਾਇ ਰਸੀਅੜਾ' ਹੁੰਦਾ ਹੈ। ਨਾਮ ਨਿਰੇ ਅਖਰ ਨਹੀਂ ਅਤੇ ਅਖਰ ਜਪ ਜਾਂ ਸਿਮਰਨ ਨਹੀਂ ਹੈ। ਨਾਮ ਇਕ ਐਸੀ ਸੱਤਾ ਹੈ ਜੋ ਪ੍ਰਭੂ ਨਾਲ ਇਸ ਤਰ੍ਹਾਂ ਤਦ ਰੂਪ ਹੈ ਜਿਵੇਂ ਸੂਰਜ ਨਾਲ ਕਿਰਨਾ। ਜੀਵ ਨੇ ਅੰਤਰ ਆਤਮੇ ਪਰਮ-ਜੋਤਿ ਨਾਲ ਜੁੜਨਾ ਹੈ, ਉਸ ਦੀ ਜੁਗਤੀ ਬਾਰੇ ਜੋ ਗੁਰਬਾਣੀ ਵਿਚੋਂ ਸੇਧ ਮਿਲਦੀ ਹੈ, ਉਸ ਨੂੰ ਅਪਨਾਉਣਾ ਹੈ।

ਨਾਮ-ਸਿਮਰਨ ਦੀ ਵਰਤਮਾਨ ਸਥਿਤੀ ਵੇਖ ਕੇ ਬੜੀ ਹੈਰਾਨੀ ਹੁੰਦੀ ਹੈ ਕਿ ਹਰੇਕ ਸੰਤ ਨਾਮ ਜਪਣ ਦੀ ਆਪਣੀ ਵਖਰੀ ਬਿਧੀ (ਜੁਗਤੀ) ਘੜੀ ਬੈਠਾ ਹੈ। ਕੋਈ ਕਹਿੰਦਾ ਹੈ ਕਿ ਸੁਆਸ ਅੰਦਰ ਜਾਵੇ ਤਾਂ 'ਵਾਹਿ' ਕਹੋ, ਸੁਆਸ ਬਾਹਰਿ ਆਵੇ ਤਾਂ 'ਗੁਰੂ' ਆਖੋ। ਕੋਈ ਇਸ ਦੇ ਉਲਟ ਸੁਆਸ ਬਾਹਰ ਕਢੋ ਤਾਂ 'ਵਾਹਿ' ਆਖੋ, ਸੁਆਸ ਅੰਦਰ ਜਾਵੇ ਤਾਂ 'ਗੁਰੂ' ਵਾਲੀ ਧੁਨੀ ਉਠਾਓ।

ਕੋਈ ਸੰਤ ਆਪਣੇ ਫ਼ੋਟੋ ਦਾ ਧਿਆਨ ਧਰਾ ਕੇ ਨਾਮ ਜਪਵਾਉਂਦਾ ਹੈ, ਕੋਈ ਆਪਣੇ ਤੋਂ ਵਡੇ ਸੰਤਾਂ ਦਾ ਫ਼ੋਟੋ ਰਖ ਕੇ ਉਸ

ਨੂੰ ਧਿਆਨ ਵਿਚ ਧਰਨ ਦਾ ਆਦੇਸ਼ ਦਿੰਦਾ ਹੈ।

ਕੋਈ ਕਹਿੰਦਾ ਹੈ ਨਾਮ ਸਿਮਰਨ ਬੀਰ-ਆਸਣ ਤੇ ਕਰਨਾ ਚਾਹੀਦਾ ਹੈ, ਕੋਈ ਪਦਮ ਆਸਣ ਤੇ ਕੋਈ ਚੌਕੜਾ ਮਾਰ ਕੇ ਸਿਮਰਨ ਕਰਨ ਨੂੰ ਤਰਜੀਹ ਦਿੰਦਾ ਹੈ। ਕਈ ਸਜਣ ਇਕ ਥਾਂ ਤੇ ਬੈਠ ਕੇ ਸਿਮਰਨ ਕਰਨਾ ਹੀ ਠੀਕ ਸਮਝਦੇ ਹਨ, ਕਈ ਫਿਰ ਤੁਰ ਕੇ 'ਮਾਰਗਿ ਚਲਤ ਹਰੇ ਹਰਿ ਗਾਈਐ' ਵਾਲੇ ਉਪਦੇਸ਼ ਨੂੰ ਅਪਨਾਉਂਦੇ ਹਨ। ਕਾਰ ਸੇਵਾ ਵਾਲੇ ਸੰਤ ਵਾਹਿਗੁਰੂ ਦੀ ਲੰਮੀ ਹੇਕ ਲਾਉਂਦੇ ਹਨ। ਉਨ੍ਹਾਂ ਦੇ ਸੇਵਕ ਜਿਵੇਂ ਲੰਮੀ ਹੇਕ ਲਾਉਂਦੇ ਹਨ, ਸੁਣ ਸੁਣ ਕੇ ਅਜਕਲ ਆਮ ਸੰਗਤਾਂ ਵੀ ਉਸੇ ਤਰ੍ਹਾਂ ਦਾ ਜਾਪ ਕਰਨ ਲਗ ਪਈਆਂ ਹਨ। ਦਸਮੇਸ਼ ਪਿਤਾ ਜੀ ਦੇ ਪਾਵਨ ਬਚਨ ਹਨ:-

**ਜਿਨ ਜਿਨ ਤਨਕ ਸਿਧ ਕੋ ਪਾਯੋ ॥**
**ਤਿਨ ਤਿਨ ਅਪਨੋ ਰਾਹੁ ਚਲਾਯੋ ॥**

ਸਮਝ ਨਹੀਂ ਆਉਂਦੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਾਰੀ ਬਾਣੀ ਨਾਮ-ਸਿਮਰਨ ਦੇ ਗਿਆਨ ਨਾਲ ਭਰਪੂਰ ਹੈ। ਉਪ੍ਰੋਕਤ ਸਾਰੀਆਂ ਬਿਧੀਆਂ (ਜੁਗਤੀਆਂ) ਚੋਂ ਕਿਸੇ ਇਕ ਬਿਧੀ (ਜੁਗਤੀ) ਦਾ ਜ਼ਿਕਰ ਗੁਰਬਾਣੀ ਵਿਚ ਕਿਤੇ ਨਹੀਂ ਮਿਲਦਾ। ਗੁਰੂ ਸਾਹਿਬ ਦਾ ਫੁਰਮਾਨ ਹੈ:-

**ੳ- ਹਰਿ ਆਰਾਧਿ ਨ ਜਾਨਾ ਰੇ ॥**
**ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥ [ਪੰਨਾ ੬੧੦**

**ਅ-ਵਾਹੁ ਵਾਹੁ ਕਰਤਿਆ ਰੈਣਿ ਵਿਹਾਇ॥**

ਵਾਹੁ ਵਾਹੁ ਕਰਦਿਆ,
ਸਦਾ ਅਨੰਦੁ ਹੋਵੈ ਮੇਰੀ ਮਾਇ॥ [ਪੰਨਾ ੫੧੪

ਜੇ ਕੋਈ ਇਹ ਆਖੇ ਕਿ ਗੁਰਬਾਣੀ ਵਿਚ ਨਾਮ ਜਪਣ ਦੀ ਕੋਈ ਬਿਧੀ ਦਰਜ ਨਹੀਂ ਹੈ, ਇਉਂ ਆਖਣਾ ਵੀ ਭੁਲ ਹੀ ਜਾਪਦੀ ਹੈ ਕਿਉਂਕਿ ਗੁਰਬਾਣੀ ਵਿਚ ਨਾਮ ਜਪਣ ਦੀਆਂ ਸਾਰਥਕ ਬਿਧੀਆਂ ਦੇ ਕਈ ਨਮੂੰਨੇ ਉਪਲਬਧ ਹਨ। ਜਿਵੇ:-

1. ਇਨ ਬਿਧਿ ਰਮਹੁ ਗੋਪਾਲ ਗੋਬਿੰਦੁ ॥
ਤਨੁ ਮਨੁ ਹਰਿ ਕਾ, ਸਭ ਹਰਿ ਕੀ ਜਿੰਦ॥[ਪੰਨਾ ੮੬੬

2. ਇਨ ਬਿਧਿ ਰਾਮ ਰਮਤ ਮਨੁ ਮਾਨਿਆ॥
ਗਿਆਨ ਅੰਜਨੁ ਗੁਰ ਸਬਦਿ ਪਛਾਨਿਆ॥[ਪੰ. ੨੨੧

3. ਗੁਨ ਗੋਬਿੰਦ ਗਾਇਓ ਨਹੀ, ਜਨਮੁ ਅਕਾਰਥ ਕੀਨ॥
ਕਹੁ ਨਾਨਕ ਹਰਿ ਭਜ ਮਨਾ,
ਜਿਹਿ ਬਿਧਿ ਜਲ ਕੌ ਮੀਨ॥੧॥ [ਪੰਨਾ ੧੪੨੬

4. ਸੁਆਮੀ ਕੋ ਗ੍ਰਿਹੁ ਜਿਉ ਸਦਾ,
ਸੁਆਨ ਤਜਤ ਨਹੀ ਨਿਤ॥
ਨਾਨਕ, ਇਹ ਬਿਧਿ ਹਰਿ ਭਜਉ,
ਇਕ ਮਨ ਹੁਇ ਇਕਿ ਚਿਤ॥ [ਪੰਨਾ ੧੪੨੮

5. ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ,
ਭਾਵਨ ਪਾਤੀ ਤ੍ਰਿਪਤਿ ਕਰੈ॥
ਪੂਜਾ ਪ੍ਰਾਣ ਸੇਵਕੁ ਜੇ ਸੇਵੇ,

**ਇਨ੍ ਬਿਧਿ ਸਾਹਿਬੁ ਰਵਤੁ ਰਹੈ॥ [ਪੰਨਾ ੧੨੮**

ਵੱਖ ਵੱਖ ਸੰਤਾਂ ਦੀਆਂ ਦਰਸਾਈਆਂ ਜੁਗਤੀਆਂ ਗੁਰਬਾਣੀ ਵਿਚ ਅੰਕਿਤ ਬਿਧੀਆਂ ਨਾਲ ਮੇਲ ਨਹੀਂ ਖਾਂਦੀਆਂ, ਜਿਸ ਤੋਂ ਸਪਸ਼ਟ ਹੈ ਕਿ ਇਹਨਾਂ ਬਿਧੀਆਂ ਤੇ ਗੁਰਮਤਿ ਵੀਚਾਰਧਾਰਾ ਦੀ ਕੋਈ ਮੁਹਰ ਛਾਪ ਨਹੀਂ, ਇਹ ਵਿਅਕਤੀ ਗਤਿ ਸੰਤਾਂ ਦੀਆਂ ਆਪੋ ਆਪਣੀਆਂ ਕਾਢਾਂ ਹਨ। ਜੇ ਸਹੀ ਅਰਥਾਂ ਵਿਚ ਨਾਮ ਸਿਮਰਨ ਦੀ ਇਕ ਪ੍ਰਾਮਾਣੀਕ ਬਿਧੀ ਹੁੰਦੀ ਤਾਂ ਅੰਮ੍ਰਿਤ ਸਿੰਚਾਰ ਸਮੇਂ ਪੰਜ ਪਿਆਰੇ ਜਦੋਂ ਜਗਿਆਸੂਆਂ ਨੂੰ ਅੰਮ੍ਰਿਤ ਨਾਮ ਦੀ ਦਾਤਿ ਬਖਸ਼ਿਸ਼ ਕਰਦੇ ਹਨ, ਉਸ ਵੇਲੇ ਜੋ ਰਹਿਤਾਂ ਤੇ ਉਪਦੇਸ਼ ਦ੍ਰਿੜ ਕਰਾਉਂਦੇ ਹਨ, ਉਸ ਵੇਲੇ ਨਾਮ-ਜਪਣ ਦੀ ਬਿਧੀ ਬਾਰੇ ਵਿਸ਼ੇਸ਼ ਜੁਗਤੀ ਦਾ ਜ਼ਿਕਰ ਵੀ ਜ਼ਰੂਰ ਕਰਦੇ। ਇਸ ਦੀ ਅਣਹੋਂਦ ਆਪਣੇ ਆਪ ਵਿਚ ਇਸ ਦਾਰਸ਼ਨਿਕ ਸਿਧਾਂਤ ਤੇ ਕਾਇਲ ਕਰਦੀ ਹੈ:-

**ਹਰਿ ਕਾ ਬਿਲੋਵਨਾ, ਬਿਲੋਵਹੁ ਮੇਰੇ ਭਾਈ॥**
**ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥ [ਪੰਨਾ ੪੭੮**

ਕਿਤਨਾ ਚੰਗਾ ਹੋਵੇ ਕਿ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੋਂ ਗੁਰਮਤਿ ਅਨੁਸਾਰ 'ਵਾਹਿਗੁਰੂ' ਗੁਰਮੰਤਰ ਜਪਣ ਦੀ ਇਕ ਪ੍ਰਮਾਣੀਕ ਬਿਧੀ ਬਾਰੇ ਵਿਸ਼ੇਸ਼ ਹੁਕਮਨਾਮਾ ਜਾਰੀ ਹੋਵੇ ਤਾਂ ਜੋ ਭੋਲੀਆਂ ਬੀਬੀਆਂ ਤੇ ਵੀਰ ਅਖਉਤੀ ਸੰਤਾਂ ਦੇ ਟੇਟੇ ਚੜ੍ਹਨ ਤੋਂ ਬਚ ਜਾਣ।

# ਗੁਰੂ ਸਿਮਰਨ

ਗੁਰੂ ਸਿਮਰਨ ਤੋਂ ਮੁਰਾਦ ਗੁਰੂ ਦੇ ਸਰੀਰ ਦਾ ਸਿਮਰਨ ਨਹੀਂ, ਗੁਰੂ ਦੇ ਗੁਣਾਂ ਦਾ ਸਿਮਰਨ ਹੈ। ਗੁਰੂ ਦੇ ਦਰਸਾਏ ਮਾਰਗ ਦਾ ਚਿੰਤਨ ਅਥਵਾ ਗੁਰੂ ਦੀ ਪ੍ਰੀਤਿ ਵਾਲੀ ਰਹੁਰੀਤਿ ਨੂੰ ਚੇਤੇ ਰਖਣਾ ਹੈ। ਗੁਰ-ਦੀਖਿਆ ਨੂੰ ਮੰਤ੍ਰ ਰੂਪ ਵਿਚ ਕਮਾਉਣਾ ਹੈ। ਗੁਰਬਾਣੀ ਵਿਚ ਗੁਰੂ ਗੁਰੂ ਜਪਣ ਦੀ ਪ੍ਰੇਰਨਾ ਇਸ ਤਰ੍ਹਾਂ ਪਰਦਾਨ ਕੀਤੀ ਗਈ ਹੈ:-

੧- ਗੁਰੂ ਗੁਰੂ ਜਪਿ ਮੀਤ ਹਮਾਰੇ ॥
ਮੁਖ ਊਜਲ ਹੋਵਹਿ ਦਰਬਾਰੇ ॥ [ਪੰਨਾ ੧੯੦

੨- ਗੁਰੁ ਗੋਵਿੰਦੁ ਸਲਾਹੀਐ ਭਾਈ
ਜਿਸ ਤੇ ਜਾਪੈ ਤਥੁ ॥ [ਪੰਨਾ ੬੩੯, ੬੦੮

੩- ਗੁਰ ਜਪੁ ਜਾਪਿ ਜਪਤ ਫਲੁ ਪਾਇਆ
ਗਿਆਨ ਦੀਪਕੁ ਸੰਤ ਸੰਗਨਾ ॥ [ਪੰਨਾ ੧੦੮੦

੪- ਤਿਸੁ ਗੁਰ ਕਉ ਸਿਮਰਉ ਸਾਸਿ ਸਾਸਿ ॥
ਗੁਰੁ ਮੇਰੇ ਪ੍ਰਾਣ ਸਤਿਗੁਰੁ ਮੇਰੀ ਰਾਸਿ॥[ਪੰ. ੨੩੯

ਜਿਹੜਾ ਮਨੁੱਖ ਗੁਰੂ ਦਾ ਜਾਪ ਜਪਣ ਤੋਂ ਮੂੰਹ ਫੇਰ ਲੈਂਦਾ ਹੈ, ਉਸ ਦਾ ਕੋਈ ਕਰਮ ਥਾਇ ਪੈਣਾ ਤਾਂ ਇਕ ਪਾਸੇ ਰਿਹਾ, ਉਹ ਆਪ ਹੀ ਨਰਕਾਂ ਵਿਚ ਜਾ ਪੈਂਦਾ ਹੈ:-

੧- ਗੁਰ ਤੇ ਮੁਹੁ ਫੇਰੇ ਜੇ ਕੋਈ,

ਗੁਰ ਕਾ ਕਹਿਆ ਨ ਚਿਤਿ ਧਰੈ ॥
ਕਰਿ ਆਚਾਰ ਬਹੁ ਸੰਪਉ ਸੰਚੈ
ਜੋ ਕਿਛੁ ਕਰੈ ਸੁ ਨਰਕਿ ਪਰੈ ॥ [ਪੰਨਾ ੧੩੩੪

੨- ਗੁਰ ਤੇ ਮੁਹੁ ਫੇਰੇ, ਤਿਨ੍ ਜੋਨਿ ਭਵਾਈਐ॥
ਬੰਧਨ ਬਾਧਿਆ ਆਈਐ ਜਾਈਐ॥ [ਪੰਨਾ ੮੩੨

ਗੁਰਬਾਣੀ ਵਿਚ "ਗੁਰੂ ਗੁਰੂ" ਕਰਨਾ ਭਾਵ ਗੁਰੂ ਨੂੰ ਹਰ ਵੇਲੇ ਚੇਤੇ ਰਖਣ ਨੂੰ ਅਤਿ ਸੁਖਦਾਈ ਦਸਿਆ ਹੈ। ਗੁਰਬਾਣੀ ਵਿੱਚ ਇਸ ਦੀ ਮਹੱਤਤਾ ਦੇ ਇਉਂ ਦਰਸ਼ਨ ਹੁੰਦੇ ਹਨ:-

੧- ਗੁਰੁ ਗੁਰੁ ਜਪਿ ਮੀਤ ਹਮਾਰੇ॥
ਮੁਖ ਊਜਲ ਹੋਵਹਿ ਦਰਬਾਰੇ ॥ [ਪੰਨਾ ੧੯੦

੨- ਗੁਰੁ ਗੁਰੁ ਜਪੀ, ਗੁਰੂ ਗੁਰੂ ਧਿਆਈ॥
ਜੀਅ ਕੀ ਅਰਦਾਸਿ,
ਗੁਰੂ ਪਹਿ ਪਾਈ ॥ [ਪੰਨਾ ੩੯੬

੩- ਗੁਰੁ ਗੁਰੁ ਕਰਤ ਸਰਣਿ ਜੇ ਆਵੈ,
ਪ੍ਰਭੁ ਆਇ ਮਿਲੈ,
ਖਿਨੁ ਢੀਲ ਨ ਪਈਆ ॥ [ਪੰਨਾ ੮੩੭

੪- ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ,
ਗੁਰ ਚਰਣੀ ਚਿਤੁ ਲਾਈ ਹੇ॥੨॥ [ਪੰਨਾ ੧੦੬੯

੫- ਜਿਨ ਕਉ ਕਰਤੈ ਧੁਰਿ ਲਿਖਿ ਪਾਈ॥
ਅਨਦਿਨੁ ਗੁਰੁ ਗੁਰੁ ਕਰਤ ਵਿਹਾਈ॥

ਬਿਨੁ ਸਤਿਗੁਰ ਕੋ ਸੀਝੈ ਨਾਹੀ,
ਗੁਰ ਚਰਣੀ ਚਿਤੁ ਲਾਈ ਹੇ ॥ [ਪੰਨਾ ੧੦੬੯

੬- ਅਹੰ ਤੋਰੋ ਮੁਖੁ ਜੋਰੋ ॥
ਗੁਰੁ ਗੁਰੁ ਕਰਤ ਮਨੁ ਲੋਰੋ ॥
ਪ੍ਰਿਅ ਪ੍ਰੀਤਿ ਪਿਆਰੋ ਮੋਰੋ ॥੧॥ [ਪੰਨਾ ੧੩੦੬

੭- ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ॥
ਦੀਨ ਦਇਆਲ ਭਏ ਕਿਰਪਾਲਾ,
ਅਪਣਾ ਨਾਮੁ ਆਪਿ ਜਪਾਇਆ॥ [ਪੰਨਾ ੧੩੪੧

'ਸਵਈਏ ਮਹਲੇ ਚਉਥੇ ਕੇ' ਵਿਚ 'ਗੁਰੂ ਗੁਰੂ' ਜਪਣ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ:-

੧- ਗੁਰੁ ਗੁਰੁ ਗੁਰੁ ਕਰੁ ਮਨ ਮੇਰੇ ॥
ਤਾਰਣ ਤਰਣ ਸਮਰਥੁ ਕਲਜੁਗਿ,
ਸੁਨਤ ਸਮਾਧਿ ਸਬਦ ਜਿਸੁ ਕੇਰੇ ॥
[ਪੰਨਾ ੧੩੯੯-੧੪੦੦, ੧੪੦੧, ੧੦੬੯

੨- ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥
੩- ਗੁਰੂ ਗੁਰੁ ਗੁਰੂ ਗੁਰ ਗੁਰੂ ਜਪਿ ਸਤਿ ਕਰਿ ॥
੪- ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ ॥
੫- ਗੁਰੂ ਗੁਰ ਗੁਰੂ ਗੁਰੁ ਗੁਰੂ ਜਪੁ ਮੰਨ ਰੇ ॥
੬- ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ,
ਗੁਰ ਚਰਣੀ ਚਿਤੁ ਲਾਈ ਹੇ ॥

'ਗੁਰੂ ਗੁਰੂ, ਵਾਹਿਗੁਰੂ ਵਾਹਿਗੁਰੂ' ਜਪਣਾ ਇਕ ਲਟਕ ਹੈ, ਇਸ ਦਾ ਨਿਰੰਤਰ ਜਾਪ ਮਨੁੱਖ ਨੂੰ ਲਟਬਉਰਾ ਬਣਾ ਦਿੰਦਾ ਹੈ:-

੧-ਮੈ ਅਵਰੁ ਨ ਕੋਈ ਸੂਝੈ ਬੂਝੈ,
ਮਨਿ ਹਰਿ ਜਪੁ ਜਪਉ ਜਪਾਇਆ॥
ਨਾਮ ਹੀਣ ਫਿਰਹਿ ਸੇ ਨਕਟੇ,
ਤਿਨ ਘਸਿ ਘਸਿ ਨਕ ਵਢਾਇਆ॥ [ਪੰਨਾ ੮੮੨

੨-ਮੈ ਅਵਰੁ ਗਿਆਨੁ ਨ ਧਿਆਨੁ ਪੂਜਾ
ਹਰਿ ਨਾਮੁ ਅੰਤਰਿ ਵਸਿ ਰਹੇ ॥
ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚ ਗਹਿ ਰਹੇ॥
[ਪੰਨਾ ੮੪੩-੪੪

੩-ਗੁਰੁ ਮੇਰੀ ਪੂਜਾ, ਗੁਰੁ ਗੋਬਿੰਦੁ॥
ਗੁਰੁ ਮੇਰਾ ਪਾਰਬ੍ਰਹਮੁ, ਗੁਰੁ ਭਗਵੰਤੁ॥ [ਪੰਨਾ ੮੬੪

# ਪਰਮੇਸਰ ਤੇ ਗੁਰੂ ਦੀ ਅਭੇਦਤਾ

## (ਗੁਰੁ ਪਰਮੇਸਰੁ ਏਕੋ ਜਾਣ)

੧- ਗੁਰੁ ਪਰਮੇਸੁਰ ਪੂਜੀਐ ਮਨਿ ਤਨਿ ਲਾਇ ਪਿਆਰੁ॥
ਸਤਿਗੁਰੁ ਦਾਤਾ ਜੀਅ ਕਾ, ਸਭੈ ਦੇਇ ਅਧਾਰੁ॥[ਪੰਨਾ ੫੨

੨- ਗੁਰੁ ਪਾਰਬ੍ਰਹਮ ਪਰਮੇਸਰੁ ਆਪਿ ॥
ਆਠ ਪਹਰ ਨਾਨਕ ਗੁਰ ਜਾਪਿ ॥ [ਪੰਨਾ ੩੮੭

੩- ਗੁਰ ਕੀ ਮਹਿਮਾ ਕਿਆ ਕਹਾ, ਗੁਰੁ ਬਿਬੇਕ ਸਤ ਸਰੁ ॥
ਓਹ ਆਦਿ ਜੁਗਾਦੀ ਜੁਗਹ ਜੁਗੁ,
ਪੂਰਾ ਪਰਮੇਸਰੁ ॥ [ਪੰਨਾ ੩੯੭

੪- ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ
ਇਕ ਵਸਤੁ ਅਨੂਪ ਦਿਖਾਈ ॥
ਗੁਰ ਗੋਵਿੰਦੁ ਗੋੁਵਿੰਦ ਗੁਰੂ ਹੈ,
ਨਾਨਕ ਭੇਦੁ ਨ ਭਾਈ ॥ [ਪੰਨਾ ੪੪੨

੫- ਮਹਿਮਾ ਕਹੀ ਨ ਜਾਇ ਗੁਰ, ਸਮਰਥ ਦੇਵ ॥
ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ॥
[ਪੰਨਾ ੫੨੨

੬- ਸਤਿਗੁਰੁ ਮੇਰਾ ਸਦਾ ਸਦਾ, ਨਾ ਆਵੈ ਨਾ ਜਾਇ॥
ਓਹੁ ਅਬਿਨਾਸੀ ਪੁਰਖੁ ਹੈ,
ਸਭ ਮਹਿ ਰਹਿਆ ਸਮਾਇਆ ॥ [ਪੰਨਾ ੭੫੯

੭- ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ,
ਨਿਤ ਸੇਵਹੁ ਦਿਨਸੁ ਸਭ ਰੈਨੀ ॥ [ਪੰਨਾ ੮੦੦

੮- ਹਰਿ ਕੇ ਚਰਨ ਜਪਿ ਜਾਂਉ ਕੁਰਬਾਨੁ ॥
ਗੁਰੁ ਮੇਰਾ ਪਾਰਬ੍ਰਹਮ ਪਰਮੇਸੁਰੁ,
ਤਾ ਕਾ ਹਿਰਦੈ ਧਰਿ ਮਨ ਧਿਆਨੁ ॥ [ਪੰਨਾ ੮੨੭

੯- ਗੁਰ ਕੇ ਚਰਨ ਰਿਦੈ ਲੈ ਧਾਰਉ ॥
ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥ [ਪੰਨਾ ੮੬੪

੧੦- ਗੁਰੁ ਪਰਮੇਸਰੁ ਏਕੋ ਜਾਣੁ ॥
ਜੋ ਤਿਸੁ ਭਾਵੈ ਸੋ ਪਰਵਾਣੁ ॥ [ਪੰਨਾ ੮੬੪

੧੧- ਗੁਰ ਕਾ ਸਬਦੁ ਨ ਮੇਟੈ ਕੋਇ ॥
ਗੁਰੁ ਨਾਨਕੁ ਨਾਨਕੁ ਹਰਿ ਸੋਇ ॥ [ਪੰਨਾ ੮੬੫

੧੨- ਸਤਿਗੁਰੁ ਪਰਮੇਸਰੁ ਮੇਰਾ ॥ [ਪੰਨਾ ੮੮੪

੧੩- ਬੀਸ ਬਿਸੁਏ ਜਾ ਮਨ ਠਹਰਾਨੇ ॥
ਗੁਰ ਪਾਰਬ੍ਰਹਮ ਏਕੈ ਹੀ ਜਾਨੇ ॥ [ਪੰਨਾ ੮੮੭

੧੪- ਦੂਜਾ ਨਹੀ ਜਾਨੈ ਕੋਇ ॥ ਸਤਗੁਰੁ ਨਿਰੰਜਨੁ ਸੋਇ ॥
ਮਾਨੁਖ ਕਾ ਕਰਿ ਰੂਪੁ ਨ ਜਾਨੁ ॥
ਮਿਲੀ ਨਿਮਾਨੇ ਮਾਨੁ ॥੨॥ [ਪੰਨਾ ੮੯੫

ਹੋਰ ਪਰਮਾਣਾਂ ਲਈ ਵੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ੮੮੭, ੮੯੯, ੯੧੫, ੯੯੬, ੧੦੨੪, ੧੦੪੩, ੧੦੭੮, ੧੦੮੦, ੧੧੧੨, ੧੧੪੨, ੧੧੫੨, ੧੧੯੨, ੧੨੬੪, ੧੨੭੦, ੧੨੭੧, ੧੨੭੯, ੧੩੩੮, ੧੩੮੭, ੧੪੦੮, ੧੪੦੯, ੧੪੦੯, ੧੪੨੧ ਆਦਿ ਆਦਿ।

# ਗੁਰੁ ਪੂਰਾ ਮੇਰਾ ਗੁਰੁ ਪੂਰਾ

1- ਪੂਰਾ ਗੁਰੂ ਅਖ੍ਹਿਓ ਜਾ ਕਾ ਮੰਤ੍ਰੁ ॥
ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ॥ [ਪੰਨਾ ੨੮੭

2- ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ,
ਨਾਨਕ ਮਨਿ ਆਸ ਪੁਜਾਏ ॥੪॥ [ਪੰਨਾ ੫੬੨

3- ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ,
ਜਿਸੁ ਸਤਗੁਰੁ ਪੂਰਾ ਮੇਰਾ ਮਿਲਿਆ ॥
ਨਾਨਕ ਹਰਿ ਜਨ ਹਰਿ ਇਕੇ ਹੋਏ,
ਹਰਿ ਜਪਿ ਹਰਿ ਸੇਤੀ ਰਲਿਆ ॥੬॥੧॥੩॥[ਪੰਨਾ ੫੬੨

4- ਗੁਰਿ ਪੂਰੈ ਪੂਰੀ ਕੀਤੀ ॥
ਦੁਸਮਨਿ ਮਾਰਿ ਵਿਡਾਰੇ ਸਗਲੇ,
ਦਾਸ ਕਉ ਸੁਮਤਿ ਦੀਤੀ ॥ [ਪੰਨਾ ੬੩੦

5- ਸਾਜਨੁ ਪੁਰਖੁ ਸਤਿਗੁਰੁ ਮੇਰਾ ਪੂਰਾ,
ਤਿਸੁ ਬਿਨੁ ਅਵਰੁ ਨ ਜਾਣਾ ਰਾਮ ॥
ਮਾਤ ਪਿਤਾ ਭਾਈ ਸੁਤ ਬੰਧਪ,
ਜੀਅ ਪ੍ਰਾਣ ਮਨਿ ਭਾਣਾ ਰਾਮ ॥ [ਪੰਨਾ ੭੮੦

6- ਸੂਖ ਸਹਜ ਆਨੰਦ ਘਣੇ ॥
ਗੁਰੁ ਪੂਰਾ ਪੂਰੀ ਜਾ ਕੀ ਬਾਣੀ,
ਅਨਿਕ ਗੁਣਾ ਜਾ ਕੇ ਜਾਹਿ ਨ ਗਣੇ ॥੧॥ [ਪੰਨਾ ੮੦੫

ਹੋਰ ਪ੍ਰਮਾਣਾਂ ਲਈ ਵੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ੮੮੨, ੯੦੭, ੧੧੪੩, ੧੩੩੯ ਆਦਿ ਆਦਿ ।

# ਗੁਰ ਬੋਹਿਥੁ

1- ਸਤਿਗੁਰੁ ਬੋਹਿਥੁ ਹਰਿ ਨਾਵ ਹੈ, ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ, ਵਿਚਿ ਬੋਹਿਥ ਬੈਠਾ ਆਇ॥
ਧੰਨੁ ਧੰਨੁ ਵਡਭਾਗੀ ਨਾਨਕਾ,
ਜਿਨਾ ਸਤਿਗੁਰੁ ਲਏ ਮਿਲਾਇ॥ [ਪੰਨਾ ੪੦

2- ਭਵਜਲੁ ਬਿਖਮੁ ਡਰਾਵਣੋ, ਨਾ ਕੰਧੀ ਨਾ ਪਾਰੁ ॥
ਨਾ ਬੇੜੀ ਨਾ ਤੁਲਹੜਾ, ਨਾ ਤਿਸੁ ਵੰਝੁ ਮਲਾਰੁ ॥
ਸਤਿਗੁਰੁ ਭੈ ਕਾ ਬੋਹਿਥਾ, ਨਦਰੀ ਪਾਰਿ ਉਤਾਰੁ॥ [ਪੰਨਾ ੫੯

3- ਏਹੁ ਜਗੁ ਜਲਤਾ ਦੇਖਿ ਕੈ, ਭਜਿ ਪਏ ਸਤਿਗੁਰ ਸਰਣਾ॥
ਸਤਿਗੁਰਿ ਸਚੁ ਦਿੜਾਇਆ, ਸਦਾ ਸਚਿ ਸੰਜਮਿ ਰਹਣਾ॥
ਸਤਿਗੁਰ ਸਚਾ ਹੈ ਬੋਹਿਥਾ,
ਸਬਦੇ ਭਵਜਲੁ ਤਰਣਾ ॥ ੬ ॥ [ਪੰਨਾ ੭੦

4- ਮਨ ਧਰ ਤਰਬੇ ਹਰਿ ਨਾਮ ਨੋ ॥
ਸਾਗਰ ਲਹਰਿ ਸੰਸਾ ਸੰਸਾਰੁ,
ਗੁਰੁ ਬੋਹਿਥੁ ਪਾਰਗਰਾਮ ਨੋ ॥ [ਪੰਨਾ ੨੧੦

5- ਗੁਰੁ ਬੋਹਿਥੁ ਤਾਰੇ ਭਵ ਪਾਰਿ ॥
ਗੁਰ ਸੇਵਾ ਜਮ ਤੇ ਛੁਟਕਾਰਿ ॥ [ਪੰਨਾ ੮੬੪

6- ਗੁਰੁ ਬੋਹਿਥੁ ਵਡਭਾਗੀ ਮਿਲਿਆ ॥
ਨਾਨਕ ਦਾਸ ਸੰਗਿ ਪਾਥਰ ਤਰਿਆ ॥ [ਪੰਨਾ ੯੧੩

ਹੋਰ ਪਰਮਾਣਾਂ ਲਈ ਵੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ੮੦੧, ੧੦੦੯, ੧੦੨੯, ੧੨੯੦, ੧੩੯੫, ੧੪੦੭, ੧੪੨੪ ਆਦਿ ਆਦਿ ।

# ਇਸੇ ਕਲਮ ਤੋਂ ਹੋਰ ਪੁਸਤਕਾਂ

੧- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਰਸ਼ਨ ਨਿਰਣੈ ਸਟੀਕ
(ਤੁਲਨਾਤਮਿਕ ਅਧਿਐਨ)

੨) ਜਪੁ ਨਿਰਣੈ (ਸਟੀਕ)
੩) ਨਿਤਨੇਮ ਨਿਰਣੈ (ਸਟੀਕ)
੪) ਚੰਡੀ ਕੀ ਵਾਰ ਨਿਰਣੈ (ਸਟੀਕ)
੫) ਗੁਰਮਤਿ ਬੈਰਾਗ ਦਰਸ਼ਨ
੬) ਅਕਾਲ ਉਸਤਤਿ ਨਿਰਣੈ (ਸਟੀਕ)
੭) ਅਰਦਾਸਿ ਪਰੰਪਰਾ ਤੇ ਸ਼ਕਤੀ
੮) ਸਿਧ ਗੋਸਟਿ ਨਿਰਣੈ
੯) ਬਾਰਹਮਾਹਾ ਦਰਪਣ
੧੦) ਮੌਤ ਕੀ ਹੈ? (ਸਦ ਪਰਮਾਰਥ)
੧੧) ਬਾਣੀ ਸ਼ੇਖ ਫਰੀਦ ਜੀ ਸਟੀਕ
੧੨) ਰਾਮਕਲੀ ਕੀ ਵਾਰ ਮਹਲਾ ੩
੧੩) ਸੁਖਮਨੀ ਦਰਸ਼ਨ (ਸੰਕਲਪ ਤੇ ਸਿਧਾਂਤ)
੧੪) ਅਨੰਦ ਪਰਮਾਰਥ (ਇਕ ਅਧਿਆਤਮਿਕ ਅਧਿਐਨ)
੧੫) ਜੈਤਸਰੀ ਕੀ ਵਾਰ ਨਿਰਣੈ (ਸਟੀਕ)
੧੬) ਆਸਾ ਕੀ ਵਾਰ (ਸਟੀਕ)
੧੭) ਵੈਰਾਗ ਲਹਿਰਾਂ ਤੇ ਸਫਲ ਜੀਵਨ
੧੮) ਬਾਣੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਟੀਕ
੧੯) ਨਿਰਬਾਣ ਕੀਰਤਨੁ
੨੦) ਸਲੋਕ ਸਹਸਕ੍ਰਿਤੀ ਤੇ ਗਾਥਾ ਸਟੀਕ
੨੧) ਗੁਰਬਾਣੀ ਪਾਠ ਪਰੰਪਰਾ ਨਿਰਣੈ
੨੨) ਕੜ੍ਹਾਹ ਪ੍ਰਸ਼ਾਦ ਮਰਯਾਦਾ ਨਿਰਣੈ (ਇਤਿਹਾਸਕ ਖੋਜ)
੨੩) ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ
੨੪) ਜੀਵਨ ਗਾਥਾ ਸੰਤ ਬਾਬਾ ਅਜੀਤ ਸਿੰਘ ਜੀ (ਨੱਥਲਪੁਰ ਵਾਲੇ)
੨੫) ਸਲੋਕ ਭਗਤ ਕਬੀਰ ਜੀ (ਸਟੀਕ)
੨੬) ਸਮਰਥ ਗੁਰੂ
੨੭) ਸਵਈਏ ਸ੍ਰੀ ਮੁਖਬਾਕ ਮਹਲਾ ੫ ਅਤੇ ਭੱਟਾਂ ਦੇ ਸਵਈਏ (ਸਟੀਕ)

## ਗੁਰਬਾਣੀ ਸੇਵਾ ਪ੍ਰਕਾਸ਼ਨ,

17-ਏ, ਡੋਗਰਾਂ ਸਟਰੀਟ, ਪਟਿਆਲਾ